
ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ

ਮਈ 2012 • ਅੰਕ-4 • ਮਾਸਿਕ • 10 ਰੁਪਏ





"ਅੱਜ ਤੱਕ ਮੈਂ ਸਦਾ ਇਸ ਗੱਲ ਦਾ ਕਾਇਲ ਹੁੰਦਾ ਆਇਆ ਹਾਂ ਕਿ ਅਸਲ ਵਿੱਚ ਦ੍ਰਿੜ੍ਹ ਕਿਰਦਾਰ ਦੇ ਵਿਅਕਤੀ ਇੱਕ ਵਾਰ ਇਨਕਲਾਬ ਦਾ ਰਾਹ ਅਪਣਾ ਲੈਣ ਤੋਂ ਬਾਅਦ ਹਾਰਾਂ ਤੋਂ ਵੀ ਸਦਾ ਨਵੀਂ ਤਾਕਤ ਹਾਸਿਲ ਕਰਦੇ ਆਏ ਹਨ, ਇਤਿਹਾਸ ਦੀ ਧਾਰਾ ਵਿੱਚ ਜਿੰਨਾ ਵਧੇਰੇ ਉਹ ਵਹੇ ਹਨ ਓਨਾ ਹੀ ਉਨ੍ਹਾਂ ਦਾ ਸੰਕਲਪ ਦ੍ਰਿੜ੍ਹ ਹੋਇਆ ਹੈ।"

ਵਿਗਿਆਨਕ ਸਮਾਜਵਾਦ ਦੇ ਮੋਢੀ

ਕਾਰਲ ਮਾਰਕਸ

(5 ਮਈ 1818-14 ਮਾਰਚ 1883)

‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ ’ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫ਼ਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਹ ’ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

ਇਸ ਅੰਕ ’ਚ

ਤਬਦੀਲੀ ਪਸੰਦ
ਨੌਜਵਾਨਾਂ ਦੀ **ਲਲਕਾਰ**
ਸਾਲ 1, ਅੰਕ 4, ਮਾਸਿਕ
ਮਈ 2012

ਸੰਪਾਦਕ
ਲਖਵਿੰਦਰ ਸਿੰਘ

ਇੱਕ ਕਾਪੀ ਦਾ ਮੁੱਲ
ਦਸ ਰੁਪਏ
ਸਾਲਾਨਾ ਚੰਦਾ
120 ਰੁਪਏ
(ਡਾਕ ਰਾਹੀਂ 150 ਰੁਪਏ)

ਸੰਪਾਦਕੀ ਦਫ਼ਤਰ : ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ-140406, ਪੰਜਾਬ।
ਫੋਨ ਨੰ. - 9646150249 **ਈਮੇਲ:** lalkaar08@rediffmail.com
ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ-140406, ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕੀ

ਦਹਿਸ਼ਤਗਰਦੀ ਬਹਾਨਾ ਹੈ, ਲੋਕ ਸੰਘਰਸ਼ ਹੀ ਨਿਸ਼ਾਨਾ ਹੈ !

ਕੌਮੀ ਦਹਿਸ਼ਤਗਰਦੀ-ਵਿਰੋਧੀ ਕੇਂਦਰ (ਐਨਸੀਟੀਸੀ) ਦੇ ਰੂਪ 'ਚ ਇੱਕ ਹੋਰ ਖ਼ੁਫ਼ੀਆ ਏਜੰਸੀ ਦਾ ਗਠਨ



ਕੇਂਦਰੀ ਗ੍ਰਹਿ ਮੰਤਰਾਲੇ ਨੇ ਇੱਕ ਹੋਰ ਖੁਫੀਆ ਏਜੰਸੀ ਕੌਮੀ ਦਹਿਸ਼ਤਗਰਦ-ਵਿਰੋਧੀ ਕੇਂਦਰ (ਐਨਸੀਟੀਸੀ) ਦੇ ਗਠਨ ਦਾ ਆਰਡੀਨਾਂਸ ਜ਼ਾਰੀ ਕਰ ਦਿੱਤਾ ਹੈ। ਅਮਰੀਕਾ 'ਚ ਇਸੇ ਨਾਂ ਦੀ ਏਜੰਸੀ ਦੀ ਤਰਜ਼ 'ਤੇ ਬਣਨ ਵਾਲ਼ੀ ਇਸ ਏਜੰਸੀ ਦਾ ਨਿਰਦੇਸ਼ਕ ਗ਼ੈਰ-ਕਨੂੰਨੀ ਸਰਗਰਮੀਆਂ ਨਿਰੋਧਕ ਕਨੂੰਨ (ਯੂਏਪੀਏ) ਨਾਂ ਦੇ ਕਾਲ਼ੇ ਕਨੂੰਨ ਨੂੰ ਲਾਗੂ ਕਰਨ ਵਾਲ਼ਾ ਅਧਿਕਾਰੀ ਹੋਵੇਗਾ। ਇਸ ਏਜੰਸੀ ਨੂੰ ਖ਼ੁਫ਼ੀਆ ਜਾਣਕਾਰੀਆਂ ਇਕੱਠੀਆਂ ਕਰਨ ਦੇ ਨਾਲ਼-ਨਾਲ਼ ਤਲਾਸ਼ੀ ਅਤੇ ਗ੍ਰਿਫ਼ਤਾਰੀ ਕਰਨ ਦੇ ਹੱਕ ਹੋਣਗੇ ਅਤੇ ਇਹ ਸਾਰੀਆਂ ਅਖੌਤੀ ਦਹਿਸ਼ਤਗਰਦੀ-ਵਿਰੋਧੀ ਕਾਰਵਾਈਆਂ ਦਾ ਕੰਟਰੋਲ ਅਤੇ ਤਾਲਮੇਲ ਕਰੇਗੀ। ਇਸਨੂੰ ਸੂਬਿਆਂ ਦੇ ਪੁਲਿਸ ਮਹਿਕਮਿਆਂ ਸਣੇ ਕਿਸੇ ਵੀ ਅਧਿਕਾਰੀ ਤੋਂ ਜਾਣਕਾਰੀ, ਕਾਗ਼ਜ ਅਤੇ ਰਿਪੋਰਟ ਤਲਬ ਕਰਨ ਦਾ ਹੱਕ ਦਿੱਤਾ ਗਿਆ ਹੈ। ਇਸਦਾ ਪ੍ਰਸ਼ਾਸਕੀ ਕੰਟਰੋਲ ਇੰਟੈਲੀਜੇਂਸ ਬਿਊਰੋ (ਆਈ.ਬੀ.) ਕੋਲ਼ ਹੋਵੇਗਾ ਜਿਹੜੀ ਸਿੱਧੀ ਕੇਂਦਰ ਸਰਕਾਰ ਤਹਿਤ ਕੰਮ ਕਰਦੀ ਹੈ ਅਤੇ ਸੰਸਦ ਪ੍ਰਤੀ ਵੀ ਜਵਾਬਦੇਹ ਨਹੀਂ ਹੁੰਦੀ।

ਕਈ ਸੂਬਿਆਂ ਦੀਆਂ ਗ਼ੈਰ-ਕਾਂਗਰਸੀ ਸਰਕਾਰਾਂ ਵੀ ਇਸ ਨਵੀਂ ਖ਼ੁਫ਼ੀਆ ਏਜੰਸੀ ਦੇ ਕੁਝ ਪ੍ਰਬੰਧਾਂ ਨੂੰ ਲੈ ਕੇ ਵਿਰੋਧ ਪ੍ਰਗਟਾ ਰਹੀਆਂ ਹਨ ਕਿਉਂਕਿ ਉਹਨਾਂ ਨੂੰ ਡਰ ਹੈ ਕਿ ਇਸਦੀ ਵਰਤੋਂ ਵਿਰੋਧੀ ਪਾਰਟੀਆਂ ਦੇ ਆਗੂਆਂ ਵਿਰੁੱਧ ਵੀ ਕੀਤੀ ਜਾ ਸਕਦੀ ਹੈ। ਕਈ ਸੂਬਿਆਂ ਦੀਆਂ ਸਰਕਾਰਾਂ ਅਤੇ ਵਿਰੋਧੀ ਪਾਰਟੀਆਂ ਦੇ ਇਤਰਾਜਾਂ ਕਰਕੇ ਫਿਲਹਾਲ ਇਸਨੂੰ ਥੋੜਾ ਟਾਲ ਦਿੱਤਾ ਗਿਆ ਹੈ, ਪਰ ਉਹਨਾਂ ਦੇ ਸ਼ੰਕੇ ਦੂਰ ਕਰਕੇ ਇਸਨੂੰ ਜਲਦੀ ਹੀ ਲਾਗੂ ਕਰ ਦਿੱਤਾ ਜਾਵੇਗਾ, ਇਹ ਤੈਅ ਗੱਲ ਹੈ। ਕਿਉਂਕਿ ਜਿਸ ਮਕਸਦ ਨਾਲ਼ ਇਸ ਨੂੰ ਲਿਆਇਆ ਜਾ ਰਿਹਾ ਹੈ ਉਸ 'ਤੇ ਹਾਕਮ ਜਮਾਤ ਦੇ ਸਾਰੇ ਧੜਿਆਂ ਦੀ ਆਮ ਸਹਿਮਤੀ ਹੈ।

ਐਨਸੀਟੀਸੀ ਜਿਸ ਯੂਏਪੀਏ ਤਹਿਤ ਕੰਮ ਕਰੇਗਾ ਉਹ ਇੱਕ ਘਨਘੋਰ ਲੋਕਵਿਰੋਧੀ ਕਾਲ਼ਾ ਕਨੂੰਨ ਹੈ। 1967 'ਚ ਬਣੇ ਇਸ ਕਨੂੰਨ 'ਚ 2009 'ਚ ਸੋਧ ਕਰਕੇ ਇਸ ਨੂੰ "ਦਹਿਸ਼ਤਗ਼ਰਦੀ" ਨਾਲ਼ ਲੜਨ ਲਈ ਨਵੇਂ ਧਾਰਦਾਰ ਦੰਦਾਂ ਅਤੇ ਨਹੁੰਆਂ (ਸਖ਼ਤ ਪ੍ਰਬੰਧਾਂ) ਨਾਲ਼ ਲੈਸ ਕੀਤਾ ਗਿਆ ਸੀ। ਇਸ ਤਹਿਤ ਪੁਲਿਸ ਕਿਸੇ ਨੂੰ ਵੀ ਮਹਿਜ਼ ਸ਼ੱਕ ਦੇ ਅਧਾਰ 'ਤੇ ਗ੍ਰਿਫ਼ਤਾਰ ਕਰ ਸਕਦੀ ਹੈ ਅਤੇ ਦੋਸ਼ੀਆਂ ਨੂੰ 180 ਦਿਨ ਤੱਕ ਪੁਲਿਸ ਹਿਰਾਸਤ 'ਚ ਰੱਖ ਸਕਦੀ ਹੈ। ਇਸ ਤਹਿਤ ਜਮਾਨਤ ਦੀ ਪ੍ਰਕ੍ਰਿਆ ਨੂੰ ਬਹੁਤ ਵੱਧ ਮੁਸ਼ਕਲ ਬਣਾ ਦਿੱਤਾ ਗਿਆ ਹੈ। ਸੰਸਾਰ ਭਰ 'ਚ ਮੌਜੂਦ ਕਨੂੰਨੀ ਪਰੰਪਰਾ ਨੂੰ ਛਿੱਕੇ ਟੰਗ ਕੇ ਇਹ ਕਨੂੰਨ ਕਿਸੇ ਆਰੋਪੀ ਨੂੰ ਤਦ ਤੱਕ ਗੁਨਾਹਗਾਰ ਮੰਨਦਾ ਹੈ ਜਦੋਂ ਤੱਕ ਕਿ ਉਹ ਆਪਣੀ ਬੇਗੁਨਾਹੀ ਖੁਦ ਹੀ ਸਾਬਿਤ ਨਾ ਕਰ ਦੇਵੇ। ਇਸ ਤੋਂ ਇਲਾਵਾ ਇਸ ਕਨੂੰਨ ਨੇ ਜਾਂਚ-ਏਜੰਸੀਆਂ ਅਤੇ ਪੁਲਿਸ ਅਧਿਕਾਰੀਆਂ ਦੇ ਹੱਥ 'ਚ ਅਜਿਹੇ ਹੱਕ ਦੇ ਦਿੱਤੇ ਹਨ ਜਿਨ੍ਹਾਂ ਦੀ ਦੁਰਵਰਤੋਂ ਦੀ ਪੂਰੀ ਗੁੰਜਾਇਸ਼ ਹੈ। ਸਭ ਤੋਂ ਵਧ ਕੇ ਇਹ ਬੁਨਿਆਦੀ ਨਾਗਰਿਕ ਅਜਾਦੀਆਂ 'ਤੇ ਹਮਲਾ ਕਰਦਾ ਹੈ ਕਿਉਂਕਿ ਇਹ ਰਾਜਸੱਤਾ ਦੇ ਕਿਸੇ ਵੀ ਤਰੀਕੇ ਦੇ ਵਿਰੋਧ ਅਤੇ ਵਿਚਾਰਕ ਮਤਭੇਦਾਂ ਨੂੰ ਵੀ "ਜ਼ੁਰਮ" ਦੀ ਸ਼੍ਰੇਣੀ 'ਚ ਰੱਖ ਦਿੰਦਾ ਹੈ। ਇਸ ਤਹਿਤ ਅਧਿਕਾਰੀਆਂ ਨੂੰ ਮਨਮਾਨੇ ਢੰਗ ਨਾਲ਼ ਜਥੇਬੰਦੀਆਂ 'ਤੇ ਪਾਬੰਦੀਆਂ ਲਗਾਉਣ ਦੀ ਛੋਟ ਮਿਲ ਜਾਂਦੀ ਹੈ। ਇਸ 'ਚ "ਦਹਿਸ਼ਤਗਰਦੀ" ਅਤੇ "ਗ਼ੈਰਕਨੂੰਨੀ" ਦੀ ਪਰਿਭਾਸ਼ਾ ਇਸ ਢੰਗ ਨਾਲ਼ ਹੀ ਦਿੱਤੀ ਗਈ ਹੈ ਜਿਸ ਨਾਲ਼ ਯਥਾਸਥਿਤੀ ਨੂੰ ਚੁਣੌਤੀ ਦੇਣ ਵਾਲ਼ੇ ਕਿਸੇ ਵੀ ਵਿਅਕਤੀ ਜਾਂ ਜਥੇਬੰਦੀ ਨੂੰ ਇਸ ਦੇ ਦਾਇਰੇ 'ਚ ਲਿਆ ਕੇ ਤਸੀਹੇ ਦਿੱਤੇ ਜਾ ਸਕਦੇ ਹਨ। ਬੇਸ਼ਕ, ਐਨਸੀਟੀਸੀ ਭਾਰਤੀ ਸੰਵਿਧਾਨ ਤਹਿਤ ਸੂਬਿਆਂ ਨੂੰ ਦਿੱਤੇ ਗਏ ਹੱਕਾਂ 'ਚ ਕਟੌਤੀ ਕਰਦਾ ਹੈ ਅਤੇ ਇਸ ਲਈ, ਸਾਰੀਆਂ ਗ਼ੈਰ-ਕਾਂਗਰਸੀ, ਸਰਮਾਏਦਾਰਾ ਪਾਰਟੀਆਂ ਵੀ ਇਸਦਾ ਵਿਰੋਧ ਕਰ ਰਹੀਆਂ ਹਨ, ਪਰ ਇਹ ਸਾਰੀਆਂ ਇਸ ਗੱਲ 'ਤੇ ਕੁਝ ਨਹੀਂ ਕਹਿੰਦੀਆਂ ਕਿ ਯੂਏਪੀਏ ਕਨੂੰਨ ਖੁਦ ਹੀ ਪ੍ਰਗਟਾਵੇ, ਸਭਾ ਕਰਨ ਅਤੇ ਜਥੇਬੰਦੀ ਬਣਾਉਣ ਦੀ ਅਜ਼ਾਦੀ 'ਤੇ ਚੋਟ ਕਰਦਾ ਹੈ ਜਿਸ ਤੋਂ ਬਿਨਾਂ ਜਮਹੂਰੀਅਤ ਦਾ ਕੋਈ ਮਤਲਬ ਹੀ ਨਹੀਂ ਰਹਿ

ਜਾਂਦਾ।

ਐਨਸੀਟੀਸੀ ਨੂੰ ਜਿਸ ਆਈਬੀ ਦੀ ਕਮਾਨ 'ਚ ਰੱਖਿਆ ਗਿਆ ਹੈ ਉਹ ਕਿਸੇ ਵੀ ਕਨੂੰਨ ਤਹਿਤ ਸੰਸਦ ਜਾਂ ਅਦਾਲਤ ਪ੍ਰਤੀ ਜਵਾਬਦੇਹ ਨਹੀਂ ਹੈ। ਇਸਦਾ ਗਠਨ ਅੰਗਰੇਜ਼ ਸਰਕਾਰ ਨੇ ਰੂਸ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ 1887 'ਚ ਇੱਕ ਦਫ਼ਤਰੀ ਹੁਕਮ ਜ਼ਰੀਏ ਕੀਤਾ ਸੀ ਅਤੇ ਮਗਰੋਂ ਇਸਦਾ ਕੰਮ ਕੌਮੀ ਲਹਿਰ ਵਿਰੁੱਧ ਜਸੂਸੀ ਕਰਨਾ ਹੋ ਗਿਆ ਸੀ। 1947 ਮਗਰੋਂ ਵੀ ਸਰਕਾਰਾਂ ਇਸਦਾ ਇਸਤੇਮਾਲ ਮੁੱਖ ਤੌਰ 'ਤੇ ਸੱਤਾ-ਵਿਰੋਧੀ ਸਰਗ਼ਰਮੀਆਂ 'ਤੇ ਨਜ਼ਰ ਰੱਖਣ ਅਤੇ ਸਭ ਤੋਂ ਵਧ ਕੇ ਇਨਕਲਾਬੀ ਲਹਿਰਾਂ ਵਿਰੁੱਧ ਕਰਦੀਆਂ ਰਹੀਆਂ ਹਨ। ਪਰ ਹੁਣ ਤੱਕ ਇਸਨੂੰ ਤਲਾਸ਼ੀ-ਛਾਪੇਮਾਰੀ ਅਤੇ ਗ੍ਰਿਫ਼ਤਾਰੀ ਦੇ ਹੱਕ ਨਹੀਂ ਮਿਲੇ ਹੋਏ ਸਨ। ਆਉਣ ਵਾਲ਼ੇ ਦਿਨਾਂ ਦੀ ਆਹਟ ਪਛਾਣ ਕੇ ਹੁਣ ਹਾਕਮ ਜਮਾਤ ਆਪਣੇ ਇਸ ਜਸੂਸੀ ਕੁੱਤੇ ਨੂੰ ਆਪਣੇ ਖਿਲਾਫ਼ ਅਵਾਜ਼ ਚੁੱਕਣ ਵਾਲ਼ਿਆਂ 'ਤੇ ਝਪਟਣ ਅਤੇ ਦਬੋਚਣ ਲਈ ਵੀ ਤਿਆਰ ਕਰ ਰਹੀਆਂ ਹਨ।

ਭਾਰਤ 'ਚ ਰਾਅ, ਆਈਬੀ, ਐਨਆਈਏ, ਸੀਬੀਆਈ, ਡੀਆਈਏ, ਜੇਸੀਆਈ, ਐਨਟੀਆਰਓ ਸਣੇ ਇੱਕ ਦਰਜਨ ਤੋਂ ਵੱਧ ਕੇਂਦਰੀ ਖੁਫ਼ੀਆ ਏਜੰਸੀਆਂ ਹਨ, ਹਰ ਸੂਬੇ 'ਚ ਵੱਖ ਖੁਫੀਆ ਵਿਭਾਗ ਅਤੇ ਸਪੈਸ਼ਲ ਪੁਲਿਸ, ਦਹਿਸ਼ਤਗਰਦੀ-ਵਿਰੋਧੀ ਦਸਤੇ (ਏਟੀਐਸ) ਅਤੇ ਵੱਧ ਆਧੁਨਿਕ ਸੰਦਾਂ ਨਾਲ਼ ਲੈਸ ਵਿਸ਼ਾਲ ਢਾਂਚਾ ਮੌਜੂਦ ਹੈ। ਫਿਰ ਆਖਰ ਇੱਕ ਹੋਰ ਏਜੰਸੀ ਦੇ ਗਠਨ ਲਈ ਸਰਕਾਰ ਇੰਨੀ ਬੇਸਬਰ ਕਿਉਂ ਹੈ। ਦਰਅਸਲ, ਹਾਕਮ ਜਮਾਤਾਂ ਚੰਗੀ ਤਰ੍ਹਾਂ ਨਾਲ਼ ਜਾਣਦੀਆਂ ਹਨ ਕਿ ਉਦਾਰੀਕਰਨ-ਨਿਜੀਕਰਨ ਦੀਆਂ ਜਿਹੜੀਆਂ ਨੀਤੀਆਂ ਅਨ੍ਹੇਵਾਹ ਤਰੀਕੇ ਨਾਲ਼ ਲਾਗੂ ਕੀਤੀਆਂ ਜਾ ਰਹੀਆਂ ਹਨ, ਉਹਨਾਂ ਨਾਲ਼ ਦੇਸ਼ਭਰ 'ਚ ਵੱਧਦਾ ਅਸੰਤੋਖ ਆਉਣ ਵਾਲ਼ੇ ਵਰ੍ਹਿਆਂ 'ਚ ਲੋਕਾਂ ਦੇ ਪ੍ਰਚੰਡ ਉਭਾਰ ਦੇ ਰੂਪ 'ਚ ਫੁੱਟੇਗਾ। ਇਸ ਨਾਲ਼ ਨਿਬੜਨ ਲਈ ਉਹ ਪਹਿਲਾਂ ਤੋਂ ਹੀ ਪੂਰੀ ਤਿਆਰੀ ਕਰ ਰਹੀਆਂ ਹਨ। ਬੇਸ਼ਕ, ਦਹਿਸ਼ਤਗਰਦ ਜਥੇਬੰਦੀਆਂ ਦੀਆਂ ਕਾਰਵਾਈਆਂ ਨਾਲ਼ ਉਹਨਾਂ ਨੂੰ ਇਸ ਲਈ ਮਾਹੌਲ ਬਣਾਉਣ 'ਚ ਮੱਦਦ ਹੀ ਮਿਲ਼ ਰਹੀ ਹੈ। ਭਾਰਤ ਸਰਕਾਰ ਨੂੰ ਦੁਨੀਆਂ ਦੇ ਦੂਜੇ ਦੇਸ਼ਾਂ ਦੀਆਂ ਖੁਫ਼ੀਆ ਏਜੰਸੀਆਂ ਤੋਂ ਵੀ ਇਸ ਕੰਮ 'ਚ ਪੂਰੀ ਮਦਦ ਮਿਲ ਰਹੀ ਹੈ। ਇਜ਼ਰਾਇਲ ਦੀ ਬਦਨਾਮ ਖੁਫ਼ੀਆ ਏਜੰਸੀ ਮੋਸਾਦ ਅਤੇ ਅਮਰੀਕਾ ਏਜੰਸੀਆਂ ਸੀਆਈਏ ਅਤੇ ਐਫ਼ਬੀਆਈ ਜ਼ਬਰ ਦੇ ਹੱਥਕੰਡਿਆਂ 'ਚ ਮਾਹਰ ਬਣਾਉਣ ਲਈ ਭਾਰਤੀ ਏਜੰਸੀਆਂ ਨੂੰ ਟਰੇਨਿੰਗ, ਸਾਫ਼ਟਵੇਅਰ ਅਤੇ ਅਰਬਾਂ ਡਾਲਰ ਦੇ ਹਥਿਆਰ ਮੁਹੱਈਆ ਕਰਾ ਰਹੀਆਂ ਹਨ। ਜੁਲਾਈ 2010 'ਚ ਪ੍ਰਧਾਨਮੰਤਰੀ ਮਨਮੋਹਨ ਸਿੰਘ ਅਤੇ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਦਹਿਸ਼ਤਗਰਦੀ ਵਿਰੋਧੀ ਸਹਿਯੋਗ ਪਹਿਲ 'ਤੇ ਦਸਤਖ਼ਤ ਕੀਤੇ ਸਨ। ਇਸ ਮਗਰੋਂ ਅਮਰੀਕਾ ਦਾ ਦਹਿਸ਼ਤਗ਼ਰਦੀ ਵਿਰੋਧੀ ਸਹਾਇਤਾ ਬਿਊਰੋ ਭਾਰਤੀ ਅਫ਼ਸਰਾਂ ਲਈ 79 ਪੁਲਿਸ ਟਰੇਨਿੰਗ ਕੋਰਸ ਆਯੋਜਿਤ ਕਰ ਚੁੱਕਿਆ ਹੈ।

ਉਦਾਰੀਕਰਨ-ਨਿਜੀਕਰਨ ਦੇ ਵਰਤਮਾਨ ਦੌਰ 'ਚ, 93 ਫ਼ੀਸਦੀ ਕਿਰਤੀ ਵਸੋਂ "ਗੈਰ-ਰਸਮੀ ਖੇਤਰ" 'ਚ ਕੰਮ ਕਰਦੀ ਹੈ, ਅਤੇ ਇਸ 'ਚ ਵੀ 58 ਫੀਸਦੀ ਖੇਤੀ ਅਤੇ ਇਸ ਨਾਲ਼ ਜੁੜੇ ਖੇਤਰ 'ਚ ਕੰਮ ਕਰਦੀ ਹੈ। ਇਹਨਾਂ ਮਜ਼ਦੂਰਾਂ ਨੂੰ ਕਿਸੇ ਵੀ ਕਿਸਮ ਦੀ ਰੁਜ਼ਗਾਰ-ਸੁਰੱਖਿਆ ਜਾਂ ਸਮਾਜਿਕ ਸੁਰੱਖਿਆ ਹਾਸਿਲ ਨਹੀਂ ਹੈ। ਇਹ ਦਿਹਾੜੀ ਜਾਂ ਠੇਕੇ 'ਤੇ ਕੰਮ ਕਰਨ ਵਾਲ਼ੇ ਮਜ਼ਦੂਰ ਹਨ, ਜਿਹੜੇ 12-14 ਘੰਟੇ ਤੱਕ ਹੱਡ ਭੰਨਵੀਂ ਮਿਹਨਤ ਕਰਕੇ 70-80 ਰੁਪਏ ਰੋਜ਼ਾਨਾ ਕਮਾ ਪਾਉਂਦੇ ਹਨ। ਇਸ ਹਾਲਤ ਨਾਲ਼ ਪੈਦਾ ਹੋਣ ਵਾਲ਼ੀ ਲੋਕਾਂ ਦੀ ਬੇਚੈਨੀ 'ਤੇ ਠੰਡੇ ਪਾਣੀ ਦੇ ਛਿੱਟੇ ਮਾਰਨ ਲਈ ਅੱਜ ਸਰਕਾਰ 'ਮਨਰੇਗਾ' ਵਰਗੀ ਯੋਜਨਾ ਅਤੇ ਸਮਾਜਿਕ ਸੁਰੱਖਿਆ ਦੀਆਂ ਕੁਝ ਸਕੀਮਾਂ ਲਾਗੂ ਕਰ ਰਹੀ ਹੈ ਤਾਂ ਭ੍ਰਿਸ਼ਟ ਨੌਕਰਸ਼ਾਹੀ-ਨੇਤਾਸ਼ਾਹੀ ਅਤੇ ਸਮਾਜਿਕ ਚੌਧਰੀਆਂ ਦੇ ਗਠਜੋੜ ਕਾਰਨ ਉਹਨਾਂ ਦਾ ਲਾਭ ਆਮ ਲੋਕਾਂ ਤੱਕ ਬਹੁਤ ਘੱਟ ਹੀ ਪਹੁੰਚ ਪਾਉਂਦਾ ਹੈ ਅਤੇ ਇਸ ਨਾਲ਼ ਹਾਲਤ ਹੋਰ ਵੱਧ ਵਿਸਫ਼ੋਟਕ ਹੁੰਦੀ ਜਾ ਰਹੀ ਹੈ। ਰਿਵਾਇਤੀ ਟਰੇਡ ਯੂਨੀਅਨਾਂ ਮਜ਼ਦੂਰਾਂ ਦੇ ਹਿਤਾਂ ਦੀ ਹਿਫ਼ਾਜਤ 'ਚ ਬਿਲਕੁਲ ਨਾਕਾਮ ਸਾਬਿਤ ਹੋਈਆਂ ਹਨ। ਕਿਰਤ ਕਨੂੰਨਾਂ ਅਤੇ ਕਿਰਤ ਵਿਭਾਗ ਦਾ ਕੋਈ ਮਤਲਬ ਹੀ ਨਹੀਂ ਰਹਿ ਗਿਆ ਹੈ। ਪਿੰਡਾਂ 'ਚ ਸਰਮਾਏ ਦੀ ਪੈਠ ਨੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਉਜਾੜ ਤਾਂ ਦਿੱਤਾ ਹੈ, ਪਰ ਭਾਰੀ ਬੇਰੁਜ਼ਗਾਰੀ ਕਰਕੇ ਉਹਨਾਂ ਦਾ ਮਜ਼ਦੂਰਾਂ ਦੀ ਕਤਾਰ 'ਚ ਸ਼ਾਮਿਲ ਹੋ ਕੇ ਗੁਜ਼ਰ-ਬਸਰ ਕਰਨਾ ਵੀ ਮੁਸ਼ਕਲ ਹੁੰਦਾ ਗਿਆ ਹੈ। ਕਰਜ਼ ਦੀ ਮਾਰ ਨਾਲ਼ ਤਬਾਹ ਕਿਸਾਨਾਂ 'ਚ ਛੋਟੇ-ਦਰਮਿਆਨੇ ਕਿਸਾਨਾਂ ਦੀ ਗਿਣਤੀ ਹੀ ਸਭ ਤੋਂ ਵੱਧ ਰਹੀ ਹੈ। 1997 ਤੋਂ 2010 ਦਰਮਿਆਨ 2 ਲੱਖ ਤੋਂ ਵੱਧ ਕਿਸਾਨ ਕਰਜ਼ ਦੇ ਕਾਰਨ ਆਤਮਹੱਤਿਆ ਕਰ ਚੁੱਕੇ ਹਨ। ਇਸ ਨਾਲ਼ ਪੇਂਡੂ ਸਮਾਜ ਦੇ ਤਾਣੇ-ਬਾਣੇ 'ਚ ਵੱਧਦੇ ਤਣਾਅ ਦਾ ਬਸ ਅਨੁਮਾਨ ਲਗਾਇਆ ਜਾ ਸਕਦਾ ਹੈ।

ਇਹਨਾਂ ਥੋੜੇ ਜਿਹੇ ਅੰਕੜਿਆਂ ਨਾਲ਼ ਹੀ ਸਮਝਿਆ ਜਾ ਸਕਦਾ ਹੈ ਕਿ ਇਸ ਪ੍ਰਬੰਧ ਵਿਰੁੱਧ ਲੋਕਾਂ 'ਚ ਗੁੱਸਾ ਕਿੰਨੀ ਤੇਜ਼ੀ ਨਾਲ਼ ਵਧ ਰਿਹਾ ਹੈ। ਬਚੀ-ਖੁਚੀ ਕਸਰ ਭਾਰਤੀ ਸੰਸਦੀ ਜਮਹੂਰੀਅਤ ਦਾ ਬੇਹੱਦ ਮਹਿੰਗਾ ਅਤੇ ਪਰਜੀਵੀ ਕਿਰਦਾਰ ਅਤੇ ਸਿਰ ਤੋਂ ਪੈਰਾਂ ਤੱਕ ਭ੍ਰਿਸ਼ਟਾਚਾਰ 'ਚ ਡੁੱਬੀ ਨੇਤਾਸ਼ਾਹੀ-ਨੌਕਰਸ਼ਾਹੀ ਪੂਰਾ ਕਰ ਦਿੰਦੀ ਹੈ। ਪਰ ਫ਼ਿਲਹਾਲ ਕੋਈ ਇਨਕਲਾਬੀ ਬਦਲ ਲੋਕਾਂ ਮੂਹਰੇ ਪ੍ਰਭਾਵੀ ਰੂਪ 'ਚ ਮੌਜੂਦ ਨਹੀਂ ਹੈ, ਇਸ ਲਈ ਲੋਕਾਂ ਦੇ ਆਪ-ਮੁਹਾਰੇ ਸੰਘਰਸ਼ਾਂ ਨਾਲ਼ "ਖੱਬੇਪੱਖੀ" ਦਹਿਸ਼ਗਤਗਰਦੀ ਅਤੇ ਹੋਰ ਵੰਨਸਵੰਨ ਰੂਪਾਂ 'ਚ ਦਹਿਸ਼ਤਗਰਦੀ ਦਾ ਵਿਸਫੋਟ ਸੁਭਾਵਿਕ ਹੈ। ਨਾਲ਼ ਹੀ, ਲੋਕਾਂ ਤੋਂ ਜੇਕਰ ਵਿਰੋਧ ਦੇ ਹੋਰ ਬਦਲਾਂ-ਰਾਹਾਂ ਨੂੰ ਖੋਹ ਲਿਆ ਜਾਵੇਗਾ, ਜਾਂ ਉਹਨਾਂ ਨੂੰ ਬੇਅਸਰ ਬਣਾ ਦਿੱਤਾ ਜਾਵੇਗਾ, ਤਾਂ ਵਸੋਂ ਦਾ ਇੱਕ ਹਿੱਸਾ ਇੱਕ ਬਦਲਵਾਂ ਪ੍ਰਬੰਧ ਬਣਾਉਣ ਦੀ ਚੌਤਰਫ਼ਾ ਤਿਆਰੀ ਤੋਂ ਬਿਨਾਂ ਵੀ, ਜ਼ਬਰਕਾਰੀ ਸੱਤ੍ਹਾ ਵਿਰੁੱਧ ਹਥਿਆਰ ਚੁੱਕ ਸਕਦਾ ਹੈ। ਜ਼ਾਹਿਰ ਹੈ ਕਿ ਹਾਕਮ ਜਮਾਤ ਦੀਆਂ ਆਰਥਿਕ ਨੀਤੀਆਂ ਦੇ ਨਤੀਜੇ ਨੰਗੇ ਰੂਪ 'ਚ ਮੂਹਰੇ ਆਉਣ ਮਗਰੋਂ ਸਮਾਜਿਕ ਵਿਸਫ਼ੋਟ ਦੀ ਜਿਹੜੀ ਜ਼ਮੀਨ ਤਿਆਰ ਹੋ ਰਹੀ ਹੈ, ਉਸਦੇ ਭਵਿੱਖ ਨੂੰ ਜਾਣਦੇ ਹੋਏ ਹਾਕਮ ਜਮਾਤ ਆਪਣੇ ਜ਼ਬਰਤੰਤਰ ਦੇ ਜਾਬਰ ਢਾਂਚੇ ਨੂੰ ਤਿਆਰ-ਬਰ-ਤਿਆਰ ਕਰਨ 'ਚ ਲੱਗ ਗਈ ਹੈ। ਇਸ ਲਈ ਸਾਡਾ ਕਹਿਣਾ ਹੈ ਕਿ 'ਦਹਿਸ਼ਤਗ਼ਰਦੀ ਤਾਂ ਬਹਾਨਾ ਹੈ, ਲੋਕ ਸੰਘਰਸ਼ ਹੀ ਨਿਸ਼ਾਨਾ ਹੈ।' ਇਤਿਹਾਸ ਨੇ ਵਾਰ-ਵਾਰ ਸਾਬਿਤ ਕੀਤਾ ਹੈ ਕਿ ਦਹਿਸ਼ਤਗਰਦੀ, ਆਪਣੇ ਹਰ ਰੂਪ 'ਚ,

(ਬਾਕੀ ਪੰਨਾ 33 'ਤੇ)

ਸਿਹਤ ਲਈ ਹੱਕ

ਇੱਕ ਬੁਨਿਆਦੀ ਮਨੁੱਖੀ ਤੇ ਜਮਹੂਰੀ ਹੱਕ ਦੇ ਤੌਰ 'ਤੇ

● ਡਾ. ਅੰਮ੍ਰਿਤ

ਇਹ ਪਰਚਾ ਕਾਮਰੇਡ ਅਰਵਿੰਦ ਮੈਮੋਰੀਅਲ ਟਰੱਸਟ ਵੱਲੋਂ ੨੨ ਤੋਂ ੨੪ ਜੁਲਾਈ ੨੦੧੧ ਨੂੰ ਲਖਨਊ ਵਿਖੇ ਕਰਵਾਏ ਤੀਜੇ ਸੈਮੀਨਾਰ ''ਭਾਰਤ ਵਿੱਚ ਜਮਹੂਰੀ ਹੱਕਾਂ ਦੀ ਲਹਿਰ: ਦਿਸ਼ਾ, ਸੰਭਾਵਨਾਵਾਂ ਅਤੇ ਚੁਣੌਤੀਆਂ'' ਵਿਸ਼ੇ 'ਤੇ ਮੂਲ ਅੰਗਰੇਜ਼ੀ ਵਿੱਚ ਪੜ੍ਹਿਆ ਗਿਆ। ਇੱਥੇ ਅਸੀਂ ਇਸ ਦਾ ਪੰਜਾਬੀ ਅਨੁਵਾਦ ਛਾਪ ਰਹੇ ਹਾਂ। - ਸੰਪਾਦਕ

ਮੈਡੀਸਨ ਬਿਮਾਰ ਮਨੁੱਖਤਾ ਦੇ ਇਲਾਜ ਲਈ ਹੈ, ਨਾ ਕਿ ਕਿਸੇ ਦੇ ਵਿਅਕਤੀਗਤ ਮੁਨਾਫੇ ਲਈ। ਕਿਸੇ ਨੂੰ ਵੀ ਇਸਨੂੰ ਵਿਕਾਊ ਮਾਲ ਬਣਾਉਣ ਦਾ ਹੱਕ ਨਹੀਂ ਦਿੱਤਾ ਜਾ ਸਕਦਾ।

ਸਤਿਕਾਰਯੋਗ ਹਾਜ਼ਰ ਮਹਿਮਾਨ ਅਤੇ ਡੈਲੀਗੇਟ,

ਅਸੀਂ ਸਾਰੇ ਇੱਥੇ ਜਮਹੂਰੀ ਹੱਕਾਂ ਦੀ ਲਹਿਰ ਦੇ ਮੁੱਦੇ ਨੂੰ ਵਿਚਾਰਨ ਲਈ ਇਕੱਠੇ ਹੋਏ ਹਾਂ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਜਦੋਂ ਮਨੁੱਖਤਾ ਨੇ ਮੱਧਯੁਗੀ ਹਨੇਰਗਰਦੀ ਤੇ ਨਿਰੰਕੁਸ਼ ਰਾਜਾਸ਼ਾਹੀਆਂ ਖਿਲਾਫ ਪੁਨਰ-ਜਾਗਰਣ ਅਤੇ ਪ੍ਰਬੋਧਨ ਦੀਆਂ ਮਹਾਨ ਲਹਿਰਾਂ ਦੇ ਰੂਪ 'ਚ ਵਿਰੋਧ ਦੀ ਅੰਗੜਾਈ ਭਰਨੀ ਸ਼ੁਰੂ ਕੀਤੀ, ਉਸੇ ਸਮੇਂ ਹੀ ਇਹਨਾਂ ਮਹਾਨ ਲਹਿਰਾਂ ਦੌਰਾਨ ਮਨੁੱਖੀ ਹੱਕ, ਜਮਹੂਰੀ ਹੱਕ, ਜੀਣ ਦੀ ਅਜ਼ਾਦੀ, ਸੋਚ ਅਤੇ ਪ੍ਰਗਟਾਵੇ ਦੀ ਅਜ਼ਾਦੀ ਜਿਹੇ ਤੇ ਹੋਰ ਬੁਨਿਆਦੀ ਮਨੁੱਖੀ ਹੱਕਾਂ ਦੇ ਸੰਕਲਪ ਮਨੁੱਖੀ ਜੀਵਨ ਅਤੇ ਸੋਚ ਦੇ ਦਾਇਰੇ 'ਚ ਆਏ। ਅਠਾਰਵੀਂ ਸਦੀ ਦੇ ਬੁਰਜੂਆ ਇਨਕਲਾਬਾਂ ਮਹਾਨ ਫਰਾਂਸਿਸੀ ਇਨਕਲਾਬ (1789) ਤੇ ਅਮਰੀਕੀ ਇਨਕਲਾਬ (1776) ਨੇ ਮਨੁੱਖੀ ਹੱਕਾਂ ਨੂੰ ਅਮਲੀ ਜਾਮਾ ਪਹਿਨਾਇਆ। ਉਸ ਦੌਰ ਤੋਂ ਬਾਅਦ ਲੱਗਭੱਗ ਹਰ ਰਾਜ ਦਾ ਸੰਵਿਧਾਨ ਆਪਣੇ ਨਾਗਰਿਕਾਂ ਦੇ ਜਮਹੂਰੀ ਹੱਕਾਂ ਨੂੰ ਮਾਨਤਾ ਦਿੰਦਾ ਹੈ, ਹਾਂ ਅਮਲ ਵਿੱਚ ਇਹਨਾਂ ਹੱਕਾਂ ਦੇ ਲਾਗੂ ਹੋਣ 'ਚ ਵੱਖ-ਵੱਖ ਦੇਸ਼ਾਂ 'ਚ ਭਾਰੀ ਅੰਤਰ ਹੈ। ਇਸ ਮੁੱਦੇ ਨਾਲ਼ ਸੰਬੰਧਿਤ ਅਲੱਗ-ਅਲੱਗ ਪੱਖਾਂ ਨੂੰ ਇਸ ਸੈਮੀਨਾਰ ਦੌਰਾਨ ਵਿਚਾਰਿਆ ਗਿਆ ਹੈ ਜਾਂ ਵਿਚਾਰਿਆ ਜਾਵੇਗਾ, ਆਪਣੇ ਪਰਚੇ ਵਿੱਚ ਮੈਂ ਲੋਕਾਂ ਦੇ ਜਮਹੂਰੀ ਹੱਕ ਦੇ ਤੌਰ 'ਤੇ ਸਿਹਤ ਲਈ ਹੱਕ ਬਾਰੇ ਚਰਚਾ ਕਰਾਂਗਾ।

ਸਿਹਤ ਲਈ ਹੱਕ ਨੂੰ ਬੁਨਿਆਦੀ ਮਨੁੱਖੀ ਹੱਕ ਦੇ ਤੌਰ 'ਤੇ ਪਹਿਲੀ ਵਾਰ ਮਾਨਤਾ ਸੰਯੁਕਤ ਰਾਸ਼ਟਰ ਦੇ 1948 ਦੇ ਐਲਾਨਨਾਮੇ ਵਿੱਚ ਮਿਲੀ। ਜੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਬਾਰੇ ਸਰਵ-ਵਿਆਪੀ ਐਲਾਨਨਾਮੇ ਨੂੰ ਨੇੜਿਉਂ ਵਾਚਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਇਸ ਵਿੱਚ ਦੋ ਤਰ੍ਹਾਂ ਦੇ ਮਨੁੱਖੀ ਹੱਕਾਂ ਦੀ ਚਰਚਾ ਕੀਤੀ ਗਈ ਹੈ। ਭਾਵੇਂ ਕਿਸੇ ਵੀ ਹੱਕ ਨੂੰ ਹਾਂਵਾਚਕ ਜਾਂ ਨਾਂਵਾਚਕ ਵਾਕਾਂ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ ਪਰ ਫਿਰ ਵੀ ਇਹਨਾਂ ਦੋ ਤਰ੍ਹਾਂ ਦੇ ਮਨੁੱਖੀ ਹੱਕਾਂ ਨੂੰ ਹਾਂਦਰੂ ਅਤੇ ਨਾਂਦਰੂ ਹੱਕਾਂ ਦੇ ਤੌਰ 'ਤੇ ਸਮਝਣਾ ਕਾਫੀ ਹੱਦ ਤੱਕ ਠੀਕ ਹੈ।

ਨਾਂਦਰੂ ਹੱਕ ਵਿਅਕਤੀ ਦੇ ਸਰਕਾਰ ਦੇ ਦਖਲ ਤੋਂ ਮੁਕਤ ਰਹਿਣ ਦੇ ਹੱਕ ਬਾਰੇ ਦਸਦੇ ਹਨ, ਭਾਵ ਇੱਥੇ ਸਰਕਾਰ ਨੇ ਨਾਗਰਿਕ ਨੂੰ ਕੁਝ ਦੇਣਾ ਨਹੀਂ ਬਸ ਉਸਨੂੰ ਆਪਣੇ ਦਖਲ ਤੋਂ ਮੁਕਤ ਰੱਖਣਾ ਹੈ। ਇਸ ਪਿੱਛੇ ਵਿਚਾਰ ਇਹ ਹੈ ਕਿ ਜਿੰਨਾ ਚਿਰ ਮੈਂ ਕਿਸੇ ਦੂਸਰੇ ਦੇ ਹੱਕਾਂ ਦੀ ਉਲੰਘਣਾ ਨਹੀਂ ਕਰਦਾ, ਉਦੋਂ ਤੱਕ ਮੈਂ ਕੀ ਕਰਦਾ ਹਾਂ ਜਾਂ ਨਹੀਂ ਕਰਦਾ, ਇਸ ਨਾਲ਼ ਸਰਕਾਰ ਦਾ ਕੋਈ ਲਾਗਾ-ਦੇਗਾ ਨਹੀਂ। ਨਾਂਦਰੂ ਹੱਕ ਇਸ ਲਈ ਰੱਖੇ ਜਾਂਦੇ ਹਨ ਤਾਂ ਕਿ ਵਿਅਕਤੀ ਨੂੰ ਸਰਕਾਰ ਦੀ ਅਨੁਚਿਤ ਦਖਲਅੰਦਾਜੀ ਤੋਂ ਸੁਰੱਖਿਆ ਦਿੱਤੀ ਜਾ ਸਕੇ। ਸੋਚ ਅਤੇ ਪ੍ਰਗਟਾਵੇ ਦੀ ਅਜ਼ਾਦੀ ਦੇ ਹੱਕ ਜਿਹੇ ਅਧਿਕਾਰ ਇਸ ਕਿਸਮ ਦੇ ਅੰਦਰ ਆਉਂਦੇ ਹਨ।

ਦੂਜੇ ਪਾਸੇ, ਹਾਂਦਰੂ ਹੱਕਾਂ ਦਾ ਸੰਬੰਧ ਉਸ ਨਾਲ਼ ਹੈ ਜਿਸ ਨੂੰ ਆਪਣੇ ਅਧਿਕਾਰ ਖੇਤਰ 'ਚ ਆਉਂਦੇ ਨਾਗਰਿਕਾਂ ਨੂੰ ਉਪਲਬਧ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਘੱਟੋ ਘੱਟ ਮੁਢਲੀ ਸਿੱਖਿਆ ਲਈ ਹੱਕ ਸਭ ਤੋਂ ਜ਼ਿਆਦਾ ਸਹਿਮਤੀ ਨਾਲ਼ ਮੰਨਿਆ ਜਾਣ ਵਾਲ਼ਾ ਹਾਂਦਰੂ ਹੱਕ ਹੈ, ਇਸੇ ਤਰਾਂ ਹੀ ਸਿਹਤ ਲਈ ਹੱਕ, ਇੱਕ ਤਸੱਲੀਬਖ਼ਸ਼ ਜ਼ਿੰਦਗੀ ਜਿਉਣ ਲਈ ਇੱਕ ਸਾਫ-ਸੁਥਰੇ ਆਲ਼ੇ-ਦੁਆਲ਼ੇ ਅਤੇ ਸਾਰੀਆਂ ਸਰੀਰਿਕ ਲੋੜਾਂ ਦੀ ਪੂਰਤੀ ਵੀ ਲੋਕਾਂ ਦਾ ਇੱਕ ਬੁਨਿਆਦੀ ਹਾਂਦਰੂ ਹੱਕ ਹੈ ਅਤੇ ਲੋਕਾਂ ਕੋਲ ਆਪਣੇ ਇਸ ਹੱਕ ਦੀ ਸਰਕਾਰ ਤੋਂ ਮੰਗ ਕਰਨ ਦਾ ਪੂਰਾ ਅਧਿਕਾਰ ਹੈ ਤੇ ਇਹ ਪੂਰੀ ਤਰਾਂ ਨਿਆਂਸੰਗਤ ਹੈ। ਇਸ ਲਈ ਇਸ ਬਾਰੇ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਿਹਤ ਲਈ ਹੱਕ ਇੱਕ ਬੁਨਿਆਦੀ ਜਮਹੂਰੀ ਹੱਕ ਹੈ।

ਭਾਰਤੀ ਸੰਵਿਧਾਨ ਵਿੱਚ ਸਿਹਤ ਲਈ ਹੱਕ

ਭਾਰਤੀ ਸੰਵਿਧਾਨ ਦੇ ਚੌਥੇ ਭਾਗ 'ਚ ਦਰਜ ਅਨੁਛੇਦ 36

ਤੋਂ 51 ਰਾਜ ਲਈ ਨਿਰਦੇਸ਼ਕ ਸਿਧਾਂਤਾਂ ਦੀ ਵਿਆਖਿਆ ਕਰਦੇ ਹਨ। ਅਨੁਛੇਦ 37 ਐਲਾਨ ਕਰਦੇ ਹਨ ਕਿ ਨਿਰਦੇਸ਼ਕ ਸਿਧਾਂਤ ਸਰਕਾਰ ਚਲਾਉਣ ਲਈ ਬੁਨਿਆਦ ਹਨ ਅਤੇ ਕਨੂੰਨ ਬਣਾਉਣ ਤੇ ਯੋਜਨਾਬੰਦੀ ਦੌਰਾਨ ਰਾਜ ਲਈ ਇਹਨਾਂ ਸਿਧਾਂਤਾਂ ਦੀ ਪਾਲਣਾ ਕਰਨੀ ਜਰੂਰੀ ਹੈ, ਇਹ ਸਰਕਾਰ ਦੀ ਲਾਜਮੀ ਜਿੰਮੇਵਾਰੀ ਹੈ।

ਅਨੁਛੇਦ 47 – **"ਪੋਸ਼ਣ ਤੇ ਜੀਵਨ ਦੇ ਸਤਰ ਨੂੰ ਉੱਚਾ ਚੁੱਕਣਾ ਅਤੇ ਜਨਤਕ ਸਿਹਤ ਨੂੰ ਬਿਹਤਰ ਬਣਾਉਣਾ ਰਾਜ ਦੀ ਜਿੰਮੇਵਾਰੀ ਹੈ"** – ਆਪਣੇ ਲੋਕਾਂ ਦੇ ਪੋਸ਼ਣ ਤੇ ਜੀਵਨ-ਸਤਰ ਨੂੰ ਉੱਚਾ ਚੁੱਕਣਾ ਅਤੇ ਜਨਤਕ ਸਿਹਤ ਨੂੰ ਬਿਹਤਰ ਬਣਾਉਣ ਨੂੰ ਰਾਜ ਆਪਣੀਆਂ ਬੁਨਿਆਦੀ ਜਿੰਮੇਵਾਰੀਆਂ 'ਚੋਂ ਇੱਕ ਸਮਝੇਗੀ, ਅਤੇ ਖਾਸ ਕਰਕੇ ਰਾਜ ਇਹ ਕੋਸ਼ਿਸ਼ ਕਰੇਗਾ ਕਿ ਇਲਾਜ ਲਈ ਵਰਤੋਂ ਬਿਨਾਂ, ਸਿਹਤ ਲਈ ਹਾਨੀਕਾਰਕ ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ 'ਤੇ ਪਾਬੰਦੀ ਰਹੇ।[1]

ਭਾਰਤੀ ਸੰਵਿਧਾਨ ਦਾ **ਅਨੁਛੇਦ 21** ਦੱਸਦਾ ਹੈ ਕਿ **ਜੀਣ ਦਾ ਬੁਨਿਆਦੀ ਹੱਕ** ਵਿਅਕਤੀ ਨੂੰ ਉਸਦੀ ਦੀ ਜ਼ਿੰਦਗੀ ਤੇ ਵਿਅਕਤੀਗਤ ਜਾਇਦਾਦ ਦੀ ਇਹ ਗਾਰੰਟੀ ਦਿੰਦਾ ਹੈ, ਸਿਰਫ ਕਨੂੰਨ ਦੁਆਰਾ ਨਿਰਧਾਰਿਤ ਪ੍ਰਕਿਰਿਆ ਤੋਂ ਬਿਨਾਂ।

ਬਾਅਦ ਵਿੱਚ ਵੱਖ-ਵੱਖ ਸਮਿਆਂ ਉੱਪਰ ਭਾਰਤ ਦੀ ਨਿਆਂਪਾਲਿਕਾ ਨੇ ਸਪੱਸ਼ਟ ਤੌਰ 'ਤੇ ਕਿਹਾ: "ਇਹ ਹੁਣ ਇੱਕ ਨਿਰਧਾਰਤ ਕਾਨੂੰਨ ਹੈ ਕਿ **ਸਿਹਤ ਦਾ ਹੱਕ ਜੀਣ ਦੇ ਹੱਕ ਦਾ ਅਟੁੱਟ ਹਿੱਸਾ ਹੈ**। ਸਿਹਤ ਸੁਵਿਧਾਵਾਂ ਉਪਲਬਧ ਕਰਵਾਉਣਾ ਸਰਕਾਰ ਦੀ ਸੰਵਿਧਾਨਕ ਜਿੰਮੇਵਾਰੀ ਹੈ।"[2]

"ਰਾਜ ਅਤੇ ਇਸਦਾ ਢਾਂਚਾ (ਵਿਚਾਰ ਅਧੀਨ ਮਾਮਲੇ 'ਚ ਮਿਉਂਸਪਲ ਕਾਰਪੋਰੇਸ਼ਨ) ਜਿਉਣ ਲਈ ਅਤੇ ਇਸ ਲਈ ਸਿਹਤ ਲਈ ਸਾਫ-ਸੁਥਰੀਆਂ ਹਾਲਤਾਂ ਨੂੰ ਯਕੀਨੀ ਬਣਾਉਣ ਲਈ ਜਿੰਮੇਵਾਰ ਹੈ।"[3]

ਹੋਰ ਬਹੁਤ ਸਾਰੀਆਂ ਉਦਾਹਰਨਾਂ ਇਸ ਦੇ ਪੱਖ 'ਚ ਦਿੱਤੀਆਂ ਜਾ ਸਕਦੀਆਂ ਹਨ ਕਿ ਸਿਹਤ ਲਈ ਹੱਕ ਨੂੰ ਭਾਰਤੀ ਸੰਵਿਧਾਨ ਦੁਆਰਾ ਪੂਰੀ ਤਰਾਂ ਮਾਨਤਾ ਦਿੱਤੀ ਗਈ ਹੈ ਅਤੇ ਸਰਕਾਰ ਆਪਣੇ ਲੋਕਾਂ ਤਾਈਂ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਪਰ ਇੱਥੇ ਵੀ ਚੋਰ-ਮੋਰੀਆਂ ਹਨ, ਜਿਹਾ ਕਿ ਭਾਰਤੀ ਸੰਵਿਧਾਨ ਦਾ ਖਾਸਾ ਹੈ। ਇਹਨਾਂ ਨਿਰਦੇਸ਼ਕ ਸਿਧਾਂਤਾਂ ਵਿੱਚੋਂ ਕੋਈ ਕਾਨੂੰਨੀ ਹੱਕ ਨਹੀਂ ਨਿਕਲਦੇ, ਇਸ ਲਈ ਨਿਰਦੇਸ਼ਕ ਸਿਧਾਂਤਾਂ ਦੀ ਉਲੰਘਣਾ ਹੋਣ 'ਤੇ ਕੋਈ ਕਨੂੰਨੀ ਮੱਦਦ ਨਹੀਂ ਲਈ ਜਾ ਸਕਦੀ ਅਤੇ ਨਾ ਹੀ ਇਹ ਵਿਧਾਨਪਾਲਿਕਾ ਨੂੰ ਕੋਈ ਤਾਕਤ ਦਿੰਦੇ ਹਨ। ਇਸ ਤੋਂ ਵੀ ਵਧਕੇ, ਕੋਈ ਵੀ ਕਨੂੰਨ ਜੋ ਇਹਨਾਂ ਨਿਰਦੇਸ਼ਕ ਸਿਧਾਂਤਾਂ ਦੀ ਪਾਲਣਾ ਨਹੀਂ ਕਰਦਾ, ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਭਾਰਤ ਵਿੱਚ ਜਨਤਕ ਸਿਹਤ ਢਾਂਚੇ ਦੀ ਹਾਲਤ

ਭਾਰਤ 1978 ਦੇ ਅਲਮਾਟੀ ਐਲਾਨਨਾਮੇ 'ਤੇ ਸਹੀ ਪਾਉਣ ਵਾਲ਼ੇ ਮੁਲਕਾਂ 'ਚ ਹੈ ਜਿਸ ਅਨੁਸਾਰ ਸੰਨ 2000 ਤੱਕ 'ਸਭ ਲਈ ਸਿਹਤ' ਦਾ ਨਿਸ਼ਾਨਾ ਮਿਥਿਆ ਗਿਆ ਸੀ। ਪਰ ਇਹਨਾਂ ਲੰਮੇ-ਚੌੜੇ ਅਤੇ ਅਡੰਬਰਪੂਰਨ ਐਲਾਨਾਂ ਦੀ ਪੂਰਤੀ ਵੱਲ ਥੋੜੀ ਬਹੁਤ ਪ੍ਰਗਤੀ ਕਰਨ ਦੀ ਗੱਲ ਤਾਂ ਦੂਰ ਰਹੀ, ਕੁਝ ਪੱਖਾਂ ਤੋਂ ਤਾਂ ਹਾਲਤਾਂ ਹੋਰ ਖਰਾਬ ਹੋ ਗਈਆਂ ਹਨ। ਭਾਰਤ ਵਿਚਲੇ ਸਿਹਤ ਢਾਂਚੇ ਦੀ ਸ਼ਰਮਨਾਕ ਹਾਲਤ ਬਾਰੇ ਕਹਿਣ ਨੂੰ ਬਹੁਤਾ ਕੁਝ ਨਹੀਂ ਬਚਦਾ ਜੇ ਅਸੀਂ ਇੱਕ ਝਾਤ ਭਾਰਤ ਦੇ ਸਿਹਤ ਸੰਬੰਧੀ ਅੰਕੜਿਆਂ ਉੱਪਰ ਪਾ ਲਈਏ:

ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ(ਪ੍ਰਤੀ 1000 ਜਿਉਂਦੇ ਜਨਮ ਲੈਣ ਵਾਲ਼ੇ ਬੱਚੇ) – 54

ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ (ਪ੍ਰਤੀ 1000 ਜਿਉਂਦੇ ਜਨਮ ਲੈਣ ਵਾਲ਼ੇ ਬੱਚੇ) – 72

ਬਾਲਗ ਮੌਤ ਦਰ (ਪ੍ਰਤੀ 1000 ਜਿਉਂਦੇ ਜਨਮ ਲੈਣ ਵਾਲ਼ੇ ਬੱਚੇ) – 215

ਜਣੇਪੇ ਸਮੇਂ ਮਾਵਾਂ ਦੀ ਮੌਤ ਦੀ ਦਰ(ਪ੍ਰਤੀ 1,00,000 ਜਿਉਂਦੇ ਜਨਮ ਲੈਣ ਵਾਲ਼ੇ ਬੱਚੇ) – 450

(ਸ੍ਰੋਤ – ਸੰਸਾਰ ਸਿਹਤ ਸੰਗਠਨ [WHO], 2009)

ਹੋਰ ਵੀ ਬਹੁਤ ਕੁਝ ਹੈ ਕਹਿਣ ਲਈ ਮਸਲਨ, ਭਾਰਤ ਵਿੱਚ ਟੀਬੀ ਹੋਣ ਦੀ ਦਰ 312.2 ਹੈ ਜੋ ਵਿਕਸਤ ਮੁਲਕਾਂ ਵਿੱਚ ਦਸ ਤੋਂ ਥੱਲੇ ਹੈ, ਭਾਰਤ ਵਿੱਚ 1.5 ਕਰੋੜ ਲੋਕਾਂ ਦੀ ਅੱਖਾਂ ਦੀ ਰੋਸ਼ਨੀ ਨਹੀਂ ਜਿੰਨਾਂ 'ਚੋਂ ਬਹੁਤੇ ਸਾਡੇ ਵਾਂਗ ਦੇਖ ਸਕਦੇ ਹੁੰਦੇ ਜੇ ਉਹਨਾਂ ਨੂੰ ਸਮੇਂ ਉੱਪਰ ਡਾਕਟਰੀ ਸਹੂਲਤ ਮਿਲੀ ਹੁੰਦੀ, ਇੱਥੇ ਹਾਲੇ ਵੀ ਇੱਕ ਲੱਖ ਤੋਂ ਉੱਪਰ ਕੋਹੜ ਦੇ ਮਰੀਜ ਹਨ, ਦੋ ਸਾਲ ਤੋਂ ਘੱਟ ਉਮਰ ਦੇ 58% ਬੱਚਿਆਂ ਦਾ ਟੀਕਾਕਰਣ ਪੂਰਾ ਨਹੀਂ ਹੁੰਦਾ ਜਿਹਨਾਂ ਵਿੱਚੋਂ 24% ਨੂੰ ਤਾਂ ਇੱਕ ਵੀ ਵੈਕਸੀਨ ਦਾ ਟੀਕਾ ਨਹੀਂ ਲੱਗਦਾ।

ਮੈਡੀਕਲ ਡਾਕਟਰਾਂ ਦੀ ਸੰਖਿਆ(ਪ੍ਰਤੀ 10,000 ਅਬਾਦੀ) 6

ਨਰਸਿੰਗ ਸਟਾਫ ਦੀ ਗਿਣਤੀ(ਪ੍ਰਤੀ 10,000 ਅਬਾਦੀ) – 13

ਹਸਪਤਾਲ ਦੇ ਬੈੱਡਾਂ ਦੀ ਗਿਣਤੀ(ਪ੍ਰਤੀ 10,000 ਅਬਾਦੀ) – 7

ਦੰਦਾਂ ਦੇ ਡਾਕਟਰਾਂ ਦੀ ਗਿਣਤੀ(ਪ੍ਰਤੀ 10,000 ਅਬਾਦੀ) – 1

(ਸ੍ਰੋਤ – ਸੰਸਾਰ ਸਿਹਤ ਜਥੇਬੰਦੀ, 2009)

ਇੱਕ ਅਧਿਐਨ CEHAT (ਸੈਂਟਰ ਫਾਰ ਇਨਕੁਆਰੀ ਇਨਟੂ ਹੈਲਥ ਐਂਡ ਅਲਾਈਡ ਥੀਮਜ਼) ਅਨੁਸਾਰ ਸਿਰਫ 38% ਡਿਸਪੈਂਸਰੀਆਂ (PHCs) ਵਿੱਚ ਜਰੂਰੀ ਸਟਾਫ ਹੈ, 80% ਕੋਲ ਜਣੇਪੇ 'ਚ ਕੰਮ ਆਉਣ ਵਾਲ਼ੀ ਕੋਈ ਵੀ ਕਿੱਟ ਨਹੀਂ ਹੈ, ਇਹਨਾਂ 'ਚੋਂ ਸਿਰਫ 34% ਜਣੇਪੇ ਦੀ ਸਹੂਲਤ ਦਿੰਦੀਆਂ ਹਨ, 80% ਵਿੱਚ ਕੋਈ ਬੱਚਿਆਂ ਦਾ ਮਾਹਰ ਡਾਕਟਰ ਨਹੀਂ ਹੈ, ਅਤੇ 70% ਵਿੱਚ ਜਣੇਪੇ ਲਈ ਸਪੈਸ਼ਲਿਸਟ ਨਹੀਂ ਹੈ। ਇੱਕ ਹੋਰ ਸਰਵੇ ਅਨੁਸਾਰ 31% ਡਿਸਪੈਂਸਰੀਆਂ ਕੋਲ਼ ਕੋਈ ਬੈੱਡ ਹੀ ਨਹੀਂ ਹੈ, ਸਿਰਫ 20% ਕੋਲ਼ ਟੈਲੀਫੋਨ ਦੀ ਸਹੂਲਤ ਹੈ ਅਤੇ ਹੋਰ ਸ਼ਰਮਨਾਕ, ਸਿਰਫ 12% ਨੂੰ ਸਾਂਭ-ਸੰਭਾਲ ਲਈ ਕੋਈ ਨਿਯਮਿਤ ਫੰਡ ਮਿਲਦੇ ਹਨ।

ਸਿਰਫ ਇਹੀ ਅੰਕੜੇ ਦਿਖਾ ਦਿੰਦੇ ਹਨ ਕਿ ਹਾਲਤ ਦੁਨੀਆਂ

ਦੇ ਸਭ ਤੋਂ ਗਰੀਬ ਮੁਲਕਾਂ ਅਤੇ ਸਹਾਰਾ ਮਾਰੂਥਲ ਦੇ ਦੇਸ਼ਾਂ ਜਿੰਨੇ ਬਦਤਰ ਹਨ, ਪਰ ਇਹ ਤਾਂ ਸਿਰਫ ਇੱਕ ਝਲਕ ਮਾਤਰ ਹਨ।

ਹੋਰ ਵੀ ਭਿਆਨਕ ਤੱਥ ਇਹ ਹੈ ਕਿ ਇਹ ਅੰਕੜੇ ਸਿਰਫ ਕੌਮੀ ਔਸਤ ਹਨ ਜਿਹੜੇ ਹਾਲਤਾਂ ਨੂੰ ਸਹੀ ਸਹੀ ਬਿਆਨ ਨਹੀਂ ਕਰਦੇ। ਨਿਮਨ ਤੇ ਉੱਚ ਆਮਦਨ ਵਰਗ ਵਿਚਕਾਰ ਅਤੇ ਪੇਂਡੂ-ਸ਼ਹਿਰੀ ਇਲਾਕਿਆਂ ਵਿਚਾਲੇ ਬਹੁਤ ਵੱਡਾ ਪਾੜਾ ਹੈ ਅਤੇ ਸ਼ਹਿਰਾਂ ਵਿੱਚ ਅੱਗੇ ਹੋਰ ਵੰਡ ਹੈ ਜਿੱਥੇ ਇੱਕ ਪਾਸੇ ਐਵਨਿਊ, ਮਾਡਲ ਟਾਊਨ, ਅਰਬਨ ਅਸਟੇਟ ਹਨ ਤਾਂ ਦੂਜੇ ਪਾਸੇ ਝੁੱਗੀਆਂ ਤੇ ਗਰੀਬਾਂ ਦੀਆਂ ਬਸਤੀਆਂ ਹਨ। ਇਸ ਤੋਂ ਇਲਾਵਾ ਵੱਖ-ਵੱਖ ਸਮੁਦਾਇਆਂ, ਜਾਤਾਂ, ਕਬੀਲਿਆਂ ਅਤੇ ਸੂਬਿਆਂ 'ਚ ਵੀ ਫਰਕ ਹਨ। ਇਹਨਾਂ ਕਾਰਕਾਂ ਨੂੰ ਵਾਚਣ ਤੋਂ ਬਾਅਦ ਹੀ ਅਸਲੀ ਹਾਲਤ ਦਾ ਪਤਾ ਲੱਗਦਾ ਹੈ। ਹੇਠਲੀ 20% ਗਰੀਬ ਅਬਾਦੀ ਵਿੱਚ ਇੱਕ ਸਾਲ ਘੱਟ ਉਮਰ ਵਰਗ ਦੀ ਮੌਤ ਦਰ ਉੱਪਰਲੀ 20% ਅਬਾਦੀ ਦੇ ਮੁਕਾਬਲੇ 20 ਗੁਣਾ ਜ਼ਿਆਦਾ ਹੈ, ਬਾਕੀ ਸਿਹਤ ਸੂਚਕ ਅੰਕਾਂ 'ਚ ਵੀ ਇਹੀ ਹਾਲ ਹੈ। ਸਿਹਤ ਢਾਂਚੇ ਦਾ 75% ਹਿੱਸਾ ਸ਼ਹਿਰਾਂ 'ਚ ਕੇਂਦਰਤ ਹੈ, 80 ਫੀਸਦੀ ਡਾਕਟਰ ਤੇ 75 ਫੀਸਦੀ ਹਸਪਤਾਲ ਸ਼ਹਿਰੀ ਇਲਾਕਿਆਂ 'ਚ ਹਨ, ਅਬਾਦੀ ਪਿੱਛੇ ਹਸਪਤਾਲ ਦੇ ਬੈੱਡਾਂ ਦੀ ਗਿਣਤੀ ਦਾ ਅਨੁਪਾਤ ਸ਼ਹਿਰਾਂ 'ਚ ਪੇਂਡੂ ਖੇਤਰਾਂ ਦੇ ਮੁਕਾਬਲੇ 15 ਗੁਣਾ ਵੱਧ ਹੈ; ਪਰ ਇਸ ਦੇ ਬਾਵਜੂਦ ਸ਼ਹਿਰਾਂ 'ਚ ਸਰਕਾਰ ਦੁਆਰਾ ਸਿਹਤ ਸੰਭਾਲ ਲਈ ਖਰਚਾ ਪਿੰਡਾਂ ਤੋਂ ਸੱਤ ਗੁਣਾ ਜ਼ਿਆਦਾ ਹੈ। ਕਿਸੇ ਨੂੰ ਲੱਗ ਸਕਦਾ ਹੈ ਕਿ ਸ਼ਹਿਰਾਂ 'ਚ ਤਾਂ ਚਲੋ ਸਭ ਠੀਕ-ਠਾਕ ਹੈ ਪਰ ਇਹ ਭੁਲੇਖਾ ਹੀ ਹੈ ਕਿਉਂਕਿ ਸ਼ਹਿਰਾਂ 'ਚ ਵੀ ਮਹਿਲ-ਨੁਮਾ ਹਸਪਤਾਲਾਂ ਦੇ ਹਰੇ ਪਾਰਕ ਕੁਝ ਲੋਕਾਂ ਲਈ ਹਨ, ਬਾਕੀ ਬਹੁਗਿਣਤੀ ਦੀ ਹਾਲਤ ਬਦਤਰ ਤੋਂ ਬਦਤਰ ਹੁੰਦੀ ਜਾ ਰਹੀ ਜੋ ਕਿਸੇ ਅੰਕੜਿਆਂ ਦੀ ਮੁਥਾਜ ਨਹੀਂ, ਬਸ ਇੰਨਾਂ ਇਲਾਕਿਆਂ ਦਾ ਇੱਕ ਗੇੜਾ ਲਾਉਣਾ ਹੀ ਕਾਫੀ ਹੈ।

ਇਹ ਸਭ ਕੁਝ ਉਸ ਸਮੇਂ ਹੋ ਰਿਹਾ ਹੈ ਜਦੋਂ ਭਾਰਤ ਇੱਕ ਹੋਰ ਦਿਲ-ਕੰਬਾਊ ਸੱਚ ਦੇ ਸਾਹਮਣੇ ਖੜ੍ਹਾ ਹੈ। ਕੌਮੀ ਅਹਾਰ ਦੇਖ-ਰੇਖ ਕਮਿਸ਼ਨ (National Nutrition Monitoring Commission) ਅਨੁਸਾਰ ਭਾਰਤ ਦੇ 37% ਆਦਮੀਆਂ ਅਤੇ 39% ਔਰਤਾਂ ਦਾ ਸਰੀਰਕ ਭਾਰ ਸੂਚਕ-ਅੰਕ (Body Mass Index) 18.5 ਤੋਂ ਥੱਲੇ ਹੈ। ਹੋਰ ਅੱਗੇ, 50% ਅਨੁਸੂਚਿਤ ਕਬੀਲੇ, 60% ਅਨੁਸੂਚਿਤ ਜਾਤੀਆਂ ਅਤੇ 40% ਤੋਂ ਵੱਧ ਉੜੀਸਾ ਦੀ ਅਬਾਦੀ ਦਾ ਸਰੀਰਕ ਭਾਰ ਸੂਚਕ-ਅੰਕ 18.5 ਤੋਂ ਥੱਲੇ ਹੈ। ਸੰਸਾਰ ਸਿਹਤ ਸੰਗਠਨ ਅਨੁਸਾਰ ਜੇ ਕਿਸੇ ਦੇਸ਼ ਜਾਂ ਸਮੁਦਾਏ ਦੀ ਅਬਾਦੀ ਦੇ 40% ਤੋਂ ਵੱਧ ਹਿੱਸੇ ਦਾ ਸਰੀਰਕ ਭਾਰ ਸੂਚਕ-ਅੰਕ 18.5 ਤੋਂ ਥੱਲੇ ਹੈ ਤਾਂ ਇਸਨੂੰ ਇੱਕ ਲੰਮੇ ਸਮੇਂ ਤੋਂ ਚੱਲੀ ਆ ਰਹੀ ਅਕਾਲ ਦੀ ਸਥਿਤੀ ਮੰਨਿਆ ਜਾਣਿਆ ਚਾਹੀਦਾ ਹੈ। (ਸ੍ਰੋਤ-ਇੰਡੀਅਨ ਜਨਰਲ ਆਫ ਮੈਡੀਕਲ ਐਥਿਕਸ, ਜਨਵਰੀ-ਮਾਰਚ 2011)

ਭਾਰਤ 'ਚ ਸਿਹਤ ਸਬੰਧੀ ਖਰਚਾ

ਉੱਪਰਲੇ ਅੰਕੜਿਆਂ ਨੂੰ ਦੇਖ ਕੇ ਹਰ ਕੋਈ ਸੋਚੇਗਾ ਕਿ ਅਜਿਹੇ ਦੇਸ਼ ਦੀ ਸਰਕਾਰ ਜਨਤਕ ਸਿਹਤ ਸੇਵਾਵਾਂ ਨੂੰ ਸੁਧਾਰਨ ਨੂੰ ਸਭ ਤੋਂ ਅਹਿਮੀਅਤ ਦੇ ਰਹੀ ਹੋਵੇਗੀ, ਪਰ ਨਵ-ਉਦਾਰਵਾਦੀ ਨੀਤੀਆਂ 'ਤੇ ਚਲਦਿਆਂ ਬਾਕੀ ਸਰਕਾਰਾਂ ਵਾਂਗ ਭਾਰਤ ਸਰਕਾਰ ਅਜਿਹਾ ਬਿਲਕੁਲ ਨਹੀਂ ਸੋਚਦੀ। ਇਹਦੇ ਕਰਤੇ-ਧਰਤੇ ਸਰਮਾਏਦਾਰਾਂ ਦੇ ਮੁਨਾਫੇ ਵਧਾਉਣ ਅਤੇ ਉੱਪਰਲੀ 10-15% ਅਬਾਦੀ ਦਾ "ਪਾਲਣ-ਪੋਸ਼ਣ" ਕਰਨ 'ਚ ਰੁਝੇ ਹੋਏ ਹਨ।

ਭਾਰਤ ਵਿੱਚ ਸਿਹਤ ਸੰਬੰਧੀ ਖਰਚਾ ਕੁਲ ਘਰੇਲੂ ਪੈਦਾਵਾਰ ਦਾ ਸਿਰਫ 5 ਫੀਸਦੀ ਹੈ ਜਿਸ ਵਿੱਚੋਂ 75% ਖਰਚਾ ਲੋਕੀਂ ਆਪਣੀਆਂ ਜੇਬਾਂ 'ਚੋਂ ਕਰਦੇ ਹਨ। ਇਹ ਅਨੁਪਾਤ ਦੁਨੀਆਂ ਭਰ ਵਿੱਚ ਸਭ ਤੋਂ ਬਦਤਰ ਅਨੁਪਾਤਾਂ 'ਚੋਂ ਹੈ। ਕੇਂਦਰ ਤੇ ਸੂਬਾਈ ਸਰਕਾਰਾਂ ਦੁਆਰਾ ਮਿਲਕੇ ਕੀਤਾ ਖਰਚਾ ਸਿਹਤ ਸਬੰਧੀ ਖਰਚੇ ਦਾ ਮਸੀਂ 20% ਬਣਦਾ ਹੈ। ਜੇ ਅਸੀਂ ਇਸ ਤੱਥ ਨੂੰ ਇੱਕ ਹੋਰ ਤੱਥ ਕਿ ਭਾਰਤ ਦੀ 77% ਅਬਾਦੀ 20 ਰੁਪਏ/ਦਿਨ ਤੋਂ ਘੱਟ 'ਤੇ ਗੁਜ਼ਾਰਾ ਕਰਦੇ ਹੈ, ਦੇ ਨਾਲ਼ ਰੱਖ ਕੇ ਦੇਖੀਏ ਤਾਂ ਅਸੀਂ ਸਮਝ ਸਕਦੇ ਹਾਂ ਕਿ ਭਾਰਤ ਦੇ ਤਿੰਨ-ਚੌਥਾਈ ਲੋਕਾਂ ਦੀ ਸਿਹਤ ਨਾਲ਼ ਕਿਵੇਂ ਖਿਲਵਾੜ ਹੋ ਰਿਹਾ ਹੈ। ਇਸ ਸਾਲ਼ ਦੇ 86.90 ਲੱਖ ਕਰੋੜ ਦੇ ਕੇਂਦਰੀ ਬਜਟ ਵਿੱਚੋਂ ਸਿਹਤ ਮਹਿਕਮੇ ਦੇ ਹੱਥ 26,760 ਕਰੋੜ ਰੁਪਏ ਹੀ ਲੱਗੇ ਜੋ ਕਿ ਪੂਰੇ ਬਜਟ ਦਾ ਮਹਿਜ 0.29% ਬਣਦਾ ਹੈ। ਇਸੇ ਬਜਟ ਵਿੱਚ ਸਰਮਾਏਦਾਰਾਂ ਨੂੰ ਜਿਹਨਾਂ ਦਾ ਲੰਘੇ ਸਾਲ ਦਾ ਮੁਨਾਫਾ 8 ਲੱਖ ਕਰੋੜ ਤੋਂ ਉੱਪਰ ਹੈ, ਸਿੱਧੇ ਜਾਂ ਅਸਿੱਧੇ ਤਰੀਕੇ ਨਾਲ਼ 5.12 ਲੱਖ ਕਰੋੜ ਰੁਪਏ ਦੀਆਂ ਟੈਕਸ ਜਾਂ ਹੋਰ ਛੋਟਾਂ ਦਿੱਤੀਆਂ ਗਈਆਂ ਹਨ। ਇਸ ਤਰ੍ਹਾਂ ਕੋਈ ਇਸੇ ਸਾਲ ਨਹੀਂ ਹੋਇਆ, ਸਗੋਂ ਕੇਂਦਰ ਤੇ ਸੂਬਾਈ ਸਰਕਾਰਾਂ ਵੱਲੋਂ ਲਗਾਤਾਰ ਸਿਹਤ ਖੇਤਰ 'ਤੇ ਹੋਣ ਵਾਲ਼ੇ ਖਰਚੇ 'ਚ ਕਟੌਤੀ ਕੀਤੀ ਜਾ ਰਹਿ ਹੈ, 1990 'ਚ ਇਹ ਹਿੱਸਾ 1.3% ਸੀ, 1999 'ਚ 0.9%, 2005 'ਚ 0.8% ਅਤੇ 2010-11 'ਚ ਇਹ ਘੱਟ ਕੇ 0.29% ਰਹਿ ਗਿਆ ਹੈ।

ਸਿਹਤ ਸੰਭਾਲ 'ਚ ਨਿੱਜੀ ਖੇਤਰ ਦੀ ਪ੍ਰਮੁੱਖਤਾ ਸਥਾਪਤ ਹੋਣ ਨਾਲ਼ ਅਤੇ ਦਵਾਈਆਂ ਦੀਆਂ ਕੀਮਤਾਂ ਵਧਣ ਨਾਲ਼ ਹਾਲਾਤ ਹੋਰ ਖਰਾਬ ਹੋ ਰਹੇ ਹਨ। ਅਜ਼ਾਦੀ ਮਿਲਣ ਸਮੇਂ, ਭਾਰਤ ਵਿੱਚ ਨਿੱਜੀ ਖੇਤਰ ਦਾ ਹਿੱਸਾ ਸਿਰਫ 10-15% ਸੀ ਜਿਹੜਾ ਕਿ ਪਹਿਲਾਂ ਹੀ 2010 ਵਿੱਚ 80 ਫੀਸਦੀ ਤੋਂ ਉੱਪਰ ਟੱਪ ਚੁੱਕਾ ਹੈ। 70% ਹਸਪਤਾਲ ਨਿੱਜੀ ਹੱਥਾਂ 'ਚ ਹਨ ਅਤੇ ਪੂਰੇ ਦੇਸ਼ 'ਚ ਰੋਜ਼ਾਨਾ ਓ.ਪੀ.ਡੀ. 'ਚ ਰੋਜ ਆਉਂਦੇ ਮਰੀਜ਼ਾਂ ਦੀ ਕੁਲ ਗਿਣਤੀ 'ਚੋਂ 82% ਹਿੱਸਾ ਨਿੱਜੀ ਹਸਪਤਾਲ 'ਚ ਆਉਂਦੇ ਮਰੀਜਾਂ ਦਾ ਹੈ। ਇੱਥੋਂ ਤੱਕ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲ਼ੀ ਅਬਾਦੀ 'ਚੋਂ ਆਉਣ ਵਾਲ਼ੇ ਮਰੀਜ਼ਾਂ ਦਾ 40% ਹਿੱਸਾ ਵੀ ਨਿੱਜੀ ਹਸਪਤਾਲਾਂ 'ਚ ਆਉਂਦਾ ਹੈ। ਪਰ ਨਿੱਜੀ ਖੇਤਰ ਦੀ ਇਸ "ਸਫਲਤਾ" 'ਚ ਨਿੱਜੀ ਖੇਤਰ ਦੀ "ਕੁਸ਼ਲਤਾ" ਨਾਲ਼ੋਂ ਸਰਕਾਰਾਂ ਦੀ "ਕੁਸ਼ਲਤਾ" ਦੀ ਜ਼ਿਆਦਾ ਵੱਡੀ ਭੂਮਿਕਾ ਹੈ।

ਸੰਸਾਰ ਸਿਹਤ ਜਥੇਬੰਦੀ ਦੀ ਸੰਸਾਰ ਦਵਾ ਹਾਲਾਤ ਰਿਪੋਰਟ, 2004(World Medicine Situation Report)

ਮੁਤਾਬਕ ਭਾਰਤ 'ਚ ਦੋ-ਤਿਹਾਈ ਅਬਾਦੀ, ਲੱਗਭੱਗ 63.9 ਕਰੋੜ ਲੋਕਾਂ ਨੂੰ ਲੋੜ ਪੈਣ 'ਤੇ ਨਿਯਮਤ ਰੂਪ 'ਚ ਦਵਾਈ ਨਹੀਂ ਮਿਲਦੀ ਜੋ ਸੰਸਾਰ 'ਚ ਸਭ ਦੇਸ਼ਾਂ ਨਾਲ਼ੋਂ ਵਧ ਹੈ। ਅਜਿਹਾ ਸਰਕਾਰੀ ਖੇਤਰ 'ਚ ਦਵਾਈਆਂ ਦੀ ਉਪਲਬਧਤਾ ਨਾ ਹੋਣ ਕਰਕੇ ਅਤੇ ਨਿੱਜੀ ਖੇਤਰ 'ਚ ਦਵਾਈਆਂ ਖਰੀਦਣ ਦੀ ਪਹੁੰਚ ਨਾ ਹੋਰ ਕਰਕੇ ਹੈ। ਕੌਮੀ ਨਮੂਨਾ ਸਰਵੇਖਣ (ਨੈਸ਼ਨਲ ਸੈਂਪਲ ਸਰਵੇ) ਦੇ 55ਵੇਂ ਗੇੜ ਅਨੁਸਾਰ ਓ.ਪੀ.ਡੀ. 'ਚ ਦਿਖਾਉਣ ਆਉਂਦੇ ਮਰੀਜ਼ਾਂ ਦਾ ਕੁਲ ਖਰਚੇ ਚੋਂ ਦੋ-ਤਿਹਾਈ ਦਵਾਈਆਂ ਖਰੀਦਣ 'ਤੇ ਨਿਕਲ ਜਾਂਦਾ ਹੈ। ਇੱਕ ਹੋਰ ਅਧਿਐਨ ਅਨੁਸਾਰ ਭਾਰਤ ਜਿਹੇ ਵਿਕਾਸਸ਼ੀਲ ਦੇਸ਼ਾਂ ਵਿੱਚ ਲੋਕਾਂ ਸਿਹਤ-ਸੰਭਾਲ ਲਈ ਕੀਤੇ ਜਾਂਦੇ ਕੁਲ ਖਰਚੇ 'ਚੋਂ 80-90% ਹਿੱਸਾ ਦਵਾਈਆਂ ਖਰੀਦਣ ਲਈ ਹੁੰਦਾ ਹੈ। ਇਸ ਦਾ ਸਿੱਧਾ ਮਤਲਬ ਇਹ ਨਿਕਲਦਾ ਹੈ ਕਿ ਕਿਸੇ ਵਿਅਕਤੀ ਨੂੰ ਸਿਹਤ ਸੁਵਿਧਾ ਮਿਲ ਪਾਉਂਦੀ ਹੈ ਜਾਂ ਨਹੀਂ, ਮੁਕੰਮਲ ਰੂਪ 'ਚ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਦਵਾਈ ਖਰੀਦ ਪਾਉਂਦਾ ਹੈ ਜਾਂ ਨਹੀਂ। ਜਦ ਅਸੀਂ ਭਾਰਤ ਦੇ ਆਮਦਨ ਪਾੜੇ ਅਤੇ ਗਰੀਬੀ ਦੇ ਅੰਕੜਿਆਂ 'ਤੇ ਨਜਰ ਫੇਰਦੇ ਹਾਂ ਤਾਂ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਅਬਾਦੀ ਦੇ ਵੱਡੇ ਹਿੱਸੇ ਨੂੰ ਸਿਹਤ ਸੁਵਿਧਾ ਨਾਂਹ ਦੇ ਬਰਾਬਰ ਹੈ ਅਤੇ ਇਸ ਤਰ੍ਹਾਂ ਅਬਾਦੀ ਦੇ ਵੱਡੇ ਹਿੱਸੇ ਤੋਂ ਇਹ ਬੁਨਿਆਦੀ ਮਨੁੱਖੀ ਹੱਕ ਵੀ ਖੋਹ ਲਿਆ ਗਿਆ ਹੈ।

ਉੱਪਰ ਆਏ ਤੱਥ ਦੇ ਧਿਆਨ ਹਿਤ, ਸਾਨੂੰ ਦਵਾ ਕੰਪਨੀਆਂ ਬਾਰੇ ਥੋੜਾ ਹੋਰ ਵਿਸਥਾਰ 'ਚ ਜਾਣ ਦੀ ਲੋੜ ਹੈ ਤਾਂ ਕਿ ਇਹ ਸਾਫ ਹੋ ਸਕੇ ਕਿ ਸਰਕਾਰਾਂ ਅਤੇ ਮੁਨਾਫੇ ਕੁੱਟਣ 'ਚ ਲੱਗੀਆਂ ਕੰਪਨੀਆਂ ਕਿਸ ਤਰ੍ਹਾਂ ਲੋਕਾਂ ਨੂੰ ਮੁਢਲੇ ਮਨੁੱਖੀ ਹੱਕਾਂ ਤੋਂ ਮਹਿਰੂਮ ਕਰ ਰਹੀਆਂ ਹਨ।

ਦਵਾਈਆਂ, ਮੁਨਾਫਾ ਕੁੱਟਣ ਦਾ ਇੱਕ ਹੋਰ ਖੇਤਰ

ਅਜ਼ਾਦੀ ਮਿਲਣ ਸਮੇਂ ਦਵਾਈਆਂ ਲਈ ਭਾਰਤ ਪੂਰੀ ਤਰ੍ਹਾਂ ਦਰਾਮਦ ਉੱਤੇ ਨਿਰਭਰ ਸੀ। ਪਹਿਲੀ ਜਨਤਕ ਖੇਤਰ ਦੀ ਦਵਾ ਕੰਪਨੀ 1954 ਵਿੱਚ ਸੰਸਾਰ ਸਿਹਤ ਜਥੇਬੰਦੀ ਅਤੇ ਯੂਨੀਸੈਫ ਦੀ ਮਦਦ ਨਾਲ ਪਿੰਪਰੀ 'ਚ ਸ਼ੁਰੂ ਹੋਈ। ਇਸ ਤੋਂ ਬਾਅਦ ਸੋਵੀਅਤ ਰੂਸ ਦੀ ਮਦਦ ਨਾਲ਼ ਇੰਡੀਅਨ ਡਰੱਗ ਐਂਡ ਫਰਮਾਸਿਟੀਕਲ ਕੰਪਨੀ (ਆਈ.ਡੀ.ਪੀ.ਐਲ) ਦੇ ਨਾਮ ਹੇਠ ਰਿਸ਼ੀਕੇਸ਼, ਹੈਦਰਾਬਾਦ ਅਤੇ ਮਦਰਾਸ ਵਿੱਚ ਜਨਤਕ ਖੇਤਰ ਦੀਆਂ ਵੱਡੀਆਂ ਫੈਕਟਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ। ਰਿਸ਼ੀਕੇਸ਼ 'ਚ ਲੱਗਿਆ ਕਾਰਖਾਨਾ ਉਸ ਸਮੇਂ ਏਸ਼ੀਆ ਦਾ ਸਭ ਤੋਂ ਵੱਡਾ ਅਜਿਹਾ ਕਾਰਖਾਨਾ ਸੀ। 1970 ਵਿੱਚ ਭਾਰਤੀ ਪੇਟੈਂਟ ਕਾਨੂੰਨ ਲਾਗੂ ਹੋਇਆ ਜਿਸ ਅਧੀਨ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਦਵਾਈ ਦੇ ਤੌਰ 'ਤੇ ਵਰਤੇ ਜਾਣ ਵਾਲ਼ੇ ਕਿਸੇ ਵੀ ਰਸਾਇਣ ਨੂੰ ਪੇਟੈਂਟ ਕਰਵਾਉਣ ਦੀ ਆਗਿਆ ਨਾ ਦਿੱਤੀ ਜਾਵੇ। 1978 ਵਿੱਚ ਭਾਰਤ ਦੀ ਦਵਾ ਨੀਤੀ ਦੀ ਘੋਸ਼ਣਾ ਕੀਤੀ ਗਈ ਜਿਸ ਵਿੱਚ ਜਨਤਕ ਖੇਤਰ ਦੀ ਦਵਾ ਪੈਦਾਵਾਰ ਨੂੰ ਅਹਿਮੀਅਤ ਦਿੱਤੀ ਗਈ ਅਤੇ ਬਹੁਦੇਸ਼ੀ ਕੰਪਨੀਆਂ 'ਤੇ ਥੋਕ 'ਚ ਦਵਾ ਬਣਾਉਣ ਲਈ ਜ਼ੋਰ ਪਾਇਆ ਗਿਆ। ਇਸ ਦੇ ਨਤੀਜੇ ਵਜੋਂ ਅੱਸੀਵਿਆਂ 'ਚ ਆਕੇ ਦਵਾਈਆਂ ਦੀ ਕੀਮਤ ਸੱਤਰਵਿਆਂ ਦੇ ਮੁਕਾਬਲੇ ਘੱਟ ਗਈ। 1979 ਵਿੱਚ ਦਵਾਈਆਂ ਦੀ ਕੀਮਤ ਨੂੰ ਕੰਟਰੋਲ ਕਰਨ ਲਈ ਆਏ ਆਰਡੀਨੈਂਸ ਰਾਹੀਂ ਸਰਕਾਰ ਨੇ 378 ਦਵਾਈਆਂ ਨੂੰ ਰੇਟ-ਕੰਟਰੋਲ ਦੀ ਸ਼੍ਰੇਣੀ 'ਚ ਰੱਖ ਦਿੱਤਾ।

ਬਹੁਦੇਸ਼ੀ ਕੰਪਨੀਆਂ ਨੇ ਇਹਨਾਂ ਕਦਮਾਂ ਦਾ ਪੂਰੇ ਜ਼ੋਰ ਨਾਲ਼ ਵਿਰੋਧ ਕੀਤਾ। ਇਸੇ ਸਮੇਂ ਦੌਰਾਨ ਦੇਸੀ ਸਰਮਾਏਦਾਰੀ ਦਾ ਵਿਕਾਸ ਹੋਇਆ ਅਤੇ ਉਸਨੇ ਵੀ ਦਵਾਈਆਂ ਦੀ ਪੈਦਾਵਾਰ 'ਚੋਂ ਹੋਣ ਵਾਲ਼ੇ ਮੁਨਾਫੇ ਲਈ ਖੰਭ ਫੈਲਾਉਣੇ ਸ਼ੁਰੂ ਕਰ ਦਿੱਤੇ। 1991 'ਚ ਲਾਗੂ ਹੋਈਆਂ ਨਵ-ਉਦਾਰਵਾਦੀ ਨੀਤੀਆਂ ਉਹਨਾਂ ਲਈ ਜਿੱਤ ਲੈ ਕੇ ਆਈਆਂ। 70ਵਿਆਂ-80ਵਿਆਂ 'ਚ ਹਾਸਲ ਹੋਏ ਥੋੜੇ ਬਹੁਤ ਲਾਭਾਂ ਨੂੰ ਦੇਸੀ-ਵਿਦੇਸ਼ੀ ਸਰਮਾਏ ਦੇ ਫਾਇਦੇ ਲਈ ਯੋਜਨਾਬੱਧ ਤਰੀਕੇ ਨਾਲ਼ ਤੋੜਿਆ ਜਾਣ ਲੱਗਾ। 2002 ਦੀ ਦਵਾ-ਨੀਤੀ ਦਾ ਐਲਾਨ ਹੋਣ ਤੱਕ ਜਨਤਕ ਖੇਤਰ ਦੀਆਂ ਕੰਪਨੀਆਂ ਦੀ ਲੱਗਭੱਗ ਤਾਲਾਬੰਦੀ ਹੋ ਗਈ ਸੀ। ਆਈ.ਡੀ.ਪੀ.ਐਲ. ਤਾਂ 1996 ਤੋਂ ਬੰਦ ਪਈ ਹੈ ਅਤੇ ਦੂਜੀ ਹਿੰਦੁਸਤਾਨ ਐਂਟੀਬਾਇਓਟਿਕਸ ਲਿਮਿਟੇਡ (ਐਚ.ਏ.ਐਲ.) ਵੀ ਆਖਰੀ ਸਾਹਾਂ 'ਤੇ ਹੈ। 1995 'ਚ ਰੇਟ-ਕੰਟਰੋਲ ਲਿਸਟ ਵਿੱਚ ਦਵਾਈਆਂ ਦੀ ਗਿਣਤੀ 1979 ਦੀ ਗਿਣਤੀ 378 ਤੋਂ ਘਟਾ ਕੇ 74 ਕਰ ਦਿੱਤੀ ਗਈ ਜਿਹੜੀ 2002 'ਚ ਹੋਰ ਘਟ ਕੇ 30 ਰਹਿ ਗਈ। ਇਹਨਾਂ ਲੋਕ-ਵਿਰੋਧੀ ਤੇ ਸਰਮਾਇਆ-ਪੱਖੀ ਕਦਮਾਂ ਨੇ ਦਵਾਈਆਂ ਦੀ ਪੈਦਾਵਾਰ ਦਾ ਖੇਤਰ ਕਾਰਪੋਰੇਟਾਂ ਦੁਆਰਾ ਲੋਕਾਂ ਦੀ ਜੇਬ 'ਤੇ ਡਾਕਾ ਮਾਰਨ ਲਈ ਖੋਲ ਦਿੱਤਾ, ਰਹਿੰਦੀ-ਖੂੰਹਦੀ ਕਸਰ ਸਰਕਾਰ ਦੁਆਰਾ ਟ੍ਰਿਪਸ (TRIPS) ਸਮਝੌਤਾ ਸਹੀਬੰਦ ਕਰਨ ਨਾਲ਼ ਨਿਕਲ ਗਈ ਜਿਸ ਕਾਰਨ ਦਵਾਈਆਂ ਦੀ ਪੈਦਾਵਾਰ ਕੁਝ ਅਜਾਰੇਦਾਰੀਆਂ ਦੇ ਹੱਥਾਂ 'ਚ ਸੀਮਤ ਹੋ ਗਈ ਹੈ। ਇਸ ਦੇ ਸਿੱਟੇ ਵਜੋਂ ਦਵਾਈਆਂ ਦੀ ਕੀਮਤ 'ਚ ਤਿੱਖਾ ਵਾਧਾ ਹੋਇਆ ਹੈ। ਇਸ ਅਰਸੇ ਦੌਰਾਨ ਸੰਸਾਰ ਅੰਦਰ ਦਵਾਈਆਂ ਦੀ ਨਿਯਮਤ ਉਪਲਬਧਤਾ ਨਾ ਹੋਣ ਵਾਲ਼ੀ ਅਬਾਦੀ ਦਾ ਅਨੁਪਾਤ ਅੱਧੇ ਤੋਂ ਵਧ ਕੇ ਦੋ-ਤਿਹਾਈ ਹੋ ਗਿਆ ਹੈ, ਇਹੀ ਕੁਝ ਭਾਰਤ ਵਿੱਚ ਵਾਪਰਿਆ ਹੈ।

ਕਾਰਪੋਰੇਟ ਇਜ਼ਾਰੇਦਾਰੀ ਨੇ ਨਾ ਸਿਰਫ ਦਵਾਈਆਂ ਦੀਆਂ ਕੀਮਤਾਂ 'ਚ ਵਾਧਾ ਕੀਤਾ ਹੈ, ਸਗੋਂ ਖੋਜ-ਕਾਰਜਾਂ ਨੂੰ ਮਨੁੱਖੀ ਜ਼ਰੂਰਤ ਅਨੁਸਾਰ ਹੋਣ ਦੀ ਥਾਂ ਮੁਨਾਫਾ-ਕੇਂਦਰਤ ਕਰ ਦਿੱਤਾ ਹੈ। ਖੋਜ-ਕਾਰਜ "ਜ਼ਰੂਰੀ ਦਵਾਈਆਂ" ਦੀ ਥਾਂ "ਜੀਵਨ ਢੰਗ ਲਈ ਦਵਾਈਆਂ (ਲਾਈਫਸਟਾਈਲ ਡਰੱਗਜ਼)" ਵੱਲ ਝੁੱਕ ਗਿਆ ਹੈ ਜਿਹੜੀਆਂ ਅਮੀਰਾਂ ਦੀਆਂ ਮਨੋ-ਕਲਪਿਤ ਬਿਮਾਰੀਆਂ ਨੂੰ ਠੀਕ ਕਰਨ ਲਈ ਬਣਦੀਆਂ ਹਨ, "ਆਰਫਨ ਡਰੱਗਜ਼" ਦੀ ਥਾਂ 'ਤੇ ਪੈਕਸਲ ਤੇ ਨਿਊਰੋਟੀਨ ਜਿਹੀਆਂ "ਬਲਾਕਬਸਟਰ ਡਰੱਗਜ਼" ਨੇ ਲੈ ਲਈ ਹੈ। ਦੁਨੀਆਂ ਭਰ 'ਚ ਖੋਜ-ਕਾਰਜਾਂ ਉੱਪਰ ਖਰਚ ਹੋਣ ਵਾਲ਼ੀ 56 ਬਿਲੀਅਨ ਡਾਲਰ ਦੀ ਰਾਸ਼ੀ 'ਚੋਂ 10% ਤੋਂ ਵੀ ਘੱਟ ਹਿੱਸਾ ਉਹਨਾਂ ਦਵਾਈਆਂ ਨੂੰ ਵਿਕਸਿਤ ਕਰਨ 'ਤੇ ਹੁੰਦਾ

ਹੈ ਜੋ ਦੁਨੀਆਂ ਦੀ 90% ਅਬਾਦੀ ਦੀਆਂ ਸਿਹਤ ਸਮੱਸਿਆਵਾਂ ਲਈ ਲੋੜੀਂਦੀਆਂ ਹਨ।

ਸਿਹਤ ਕਰਮੀਆਂ ਦਾ ਲੋਕਾਂ ਪ੍ਰਤੀ ਵਤੀਰਾ

ਸਰਮਾਏਦਾਰੀ ਨੇ ਨਾ ਸਿਰਫ ਸਰਕਾਰਾਂ ਦੀਆਂ ਨੀਤੀਆਂ ਨੂੰ ਪੁੱਠਾ ਗੇੜਾ ਦਿੱਤਾ ਹੈ ਤੇ ਲਹੂ-ਚੂਸਣ ਵਾਲ਼ੀਆਂ ਬਹੁਦੇਸ਼ੀ ਕੰਪਨੀਆਂ ਨੂੰ ਪੈਦਾ ਕੀਤਾ ਹੈ, ਇਸ ਨੇ ਮੈਡੀਕਲ ਸਿੱਖਿਆ ਅਤੇ ਸਿਹਤ ਕਰਮੀਆਂ ਖਾਸ ਕਰਕੇ ਡਾਕਟਰਾਂ ਦੇ ਵਰਤਾਓ 'ਚ ਵੱਡੇ ਬਦਲਾਅ ਲੈ ਆਂਦੇ ਹਨ। ਅੱਜਕੱਲ ਪੇਸ਼ੇ ਦੇ ਨੈਤਿਕ ਅਸੂਲਾਂ ਦੀ ਗੱਲ ਕਰਨ ਨਾਲ਼ ਤੁਹਾਨੂੰ ਸਨਕੀ, ਮਨੋਰੋਗੀ ਜਾਂ ਅਜਿਹੇ ਹੀ ਹੋਰ ਖਿਤਾਬ ਮਿਲ ਸਕਦੇ ਹਨ। ਸਿਹਤ ਸੁਵਿਧਾਵਾਂ ਉਪਲਬਧ ਕਰਵਾਉਣ ਸਮੇਂ ਬਰਾਬਰ ਅਤੇ ਨਿਆਂਪੂਰਨ ਵੰਡ ਯਕੀਨੀ ਬਣਾਉਣ ਦੇ ਵਿਚਾਰਾਂ ਦੀ ਥਾਂ ਹੁਣ ਸਿਹਤ-ਸੰਭਾਲ ਦਾ ਮੰਡੀਕਰਨ (ਮਾਰਕੀਟਾਈਜ਼ਡ ਹੈਲਥਕੇਅਰ), ਮੈਡੀਕਲ ਟੂਰਿਜ਼ਮ ਆਦਿ ਜਿਹੇ ਜੁਮਲਿਆਂ ਦਾ ਫੈਸ਼ਨ ਚੱਲ ਰਿਹਾ ਹੈ। ਇਸ ਤੋਂ ਇਲਾਵਾ ਅਜਿਹਾ ਕੁਝ ਹੋ ਰਿਹਾ ਹੈ ਜੋ ਇੱਕ ਸੰਵੇਦਨਸ਼ੀਲ ਵਿਅਕਤੀ ਨੂੰ ਸ਼ਰਮਸਾਰ ਕਰਨ ਲਈ ਕਾਫੀ ਹੈ ਜਿਵੇ ਕਿ ਡਾਕਟਰਾਂ 'ਚ ਫੀਸਾਂ ਲਈ ਲੜਾਈਆਂ (ਟੈਰਿਫ ਵਾਰਜ਼, ਅਜਿਹੀ ਇੱਕ ਉਦਾਹਰਨ ਮਹਾਰਾਸ਼ਟਰ 'ਚ ਮੈਡੀਕਲ ਮਾਹਿਰਾਂ ਦੀ ਐਸੋਸੀਏਸ਼ਨ 'ਚ ਦੇਖਣ ਨੂੰ ਮਿਲੀ), ਇਸ ਪੇਸ਼ੇ 'ਚ ਚਲਦੀ "ਕੱਟ ਪ੍ਰੈਕਟਿਸ" ਦੀ ਤਾਂ ਗੱਲ ਹੀ ਛੱਡੋ।

ਇਸ ਤੋਂ ਉੱਤੇ ਦਵਾ ਕੰਪਨੀਆਂ ਦਾ ਤਾਣਾਬਾਣਾ ਹੈ ਜਿਹੜਾ ਆਪਣੀ ਵਿਕਰੀ ਵਧਾਉਣ ਲਈ ਡਾਕਟਰਾਂ ਦੀ ਕਿਸੇ ਵੀ 'ਝਿਜਕ' ਨੂੰ ਦੂਰ ਕਰ ਸਕਦਾ ਹੈ। ਪੈੱਨ, ਮੋਬਾਈਲ ਸੈੱਟ, ਲੈਪਟਾਪ, ਮਹਿੰਗੀਆਂ ਪਾਰਟੀਆਂ ਤੋਂ ਲੈ ਕੇ ਵੱਡੀਆਂ ਗੱਡੀਆਂ, ਪਰਿਵਾਰ ਲਈ ਹੋਲੀਡੇਅ ਪੈਕ ਤੱਕ, ਡਾਕਟਰਾਂ ਦੀਆਂ "ਜ਼ਰੂਰਤਾਂ" ਦਾ ਖਿਆਲ ਰੱਖਣ ਲਈ ਹਰ ਸਹੂਲਤ ਮੌਜੂਦ ਹੈ। ਫਿਰ ਡਾਕਟਰ ਕਿਉਂ ਨਾ ਕੰਪਨੀਆਂ ਦਾ ਜਸ ਗਾਉਣ! ਮਨੋਰੋਗਾਂ ਦਾ ਇਲਾਜ ਲੱਗਭੱਗ ਪੂਰੀ ਤਰ੍ਹਾਂ ਨਾਲ਼ ਦਵਾਈਆਂ ਉੱਪਰ ਅਧਾਰਿਤ ਹੋ ਗਿਆ ਹੈ, ਆਮ ਜਿਹੇ ਮਨੁੱਖੀ ਵਰਤਾਓ ਦੇ ਵਿਗਾੜਾਂ ਨੂੰ "ਬਿਮਾਰੀਆਂ" ਦਾ ਦਰਜਾ ਮਿਲਣ ਲੱਗਾ ਜਿਹਨਾਂ ਦਾ ਇਲਾਜ ਸਿਰਫ ਦਵਾਈਆਂ ਨਾਲ਼ ਹੀ ਸੰਭਵ ਹੈ। ਲੋਕਾਂ ਦੇ ਜੀਵਨ ਢੰਗ ਨਾਲ਼ ਜੁੜੀਆਂ ਬਿਮਾਰੀਆਂ ਜਿਵੇਂ ਮੋਟਾਪਾ ਆਦਿ ਨੂੰ ਠੀਕ ਕਰਨ ਲਈ ਨਵੀਆਂ ਤੋਂ ਨਵੀਆਂ ਦਵਾਈਆਂ ਮਾਰਕੀਟ 'ਚ ਆ ਰਹੀਆਂ ਹਨ, ਮੋਟਾਪਾ ਘਟਾਉਣ ਲਈ ਸਰਜਰੀਆਂ ਦਾ ਵਿਕਾਸ ਹੋ ਰਿਹਾ ਹੈ ਅਤੇ ਮਨੁੱਖੀ ਬੌਧਿਕ ਸ਼ਕਤੀ ਨੂੰ ਇਹਨਾਂ ਸਰਜਰੀਆਂ ਨੂੰ ਵਧ ਤੋਂ ਵਧ "ਪਰਫੈਕਟ" ਬਣਾਉਣ ਦੇ ਰਾਹੇ ਪਾਇਆ ਜਾ ਰਿਹਾ ਹੈ।

ਕਿਉਂਕਿ ਗਰੀਬ ਲੋਕ ਇਲਾਜ ਦਾ ਖਰਚਾ ਨਹੀਂ ਚੁੱਕ ਸਕਦੇ, ਇਸ ਲਈ ਉਹ ਆਪਣੇ ਕਰੀਬੀਆਂ ਨੂੰ "ਡਾਕਟਰਾਂ ਦੀ ਸਲਾਹ ਦੇ ਖਿਲਾਫ" ਹਸਪਤਾਲਾਂ 'ਚੋਂ (ਸਰਕਾਰੀ ਤੇ ਪ੍ਰਾਈਵੇਟ ਦੋਵਾਂ 'ਚੋਂ) ਛੁੱਟੀ ਕਰਵਾਕੇ ਲਿਜਾਣ ਲਈ ਮਜਬੂਰ ਹਨ। ਹੋਰ ਤਾਂ ਹੋਰ, ਇਸ ਸ਼ਰੇਆਮ ਝੂਠ 'ਤੇ ਮਰੀਜ ਦੇ ਵਾਰਿਸਾਂ ਦੀ ਸਹਿਮਤੀ ਦੇ ਦਸਤਖਤ ਲਏ ਜਾਂਦੇ ਹਨ ਜੋ ਕਿ ਉਹਨਾਂ ਦੀ ਇੱਛਾ ਨਹੀਂ ਸਗੋਂ ਮਜ਼ਬੂਰੀ ਹੁੰਦੀ ਹੈ। ਆਖਰ ਕੌਣ ਆਪਣਿਆਂ ਨੂੰ ਮਰਿਆਂ ਦੇਖਣਾ ਚਾਹੁੰਦਾ ਹੈ, ਪਰ ਸਰਮਾਏਦਾਰੀ ਨੇ ਇਹ ਵੀ ਸੰਭਵ ਕਰ ਦਿੱਤਾ ਹੈ, ਗਰੀਬ ਲੋਕ ਹੁਣ ਆਪਣੇ ਪਿਤਾ, ਮਾਤਾ, ਭਾਈ, ਭੈਣ, ਪਤਨੀਆਂ ਤੇ ਬੱਚਿਆਂ ਦੀ ਮੌਤ ਲਈ ਸਹਿਮਤੀ ਦੇ ਰਹੇ ਹਨ। ਇਹ ਮਨੁੱਖੀ ਹੱਕਾਂ ਦੀ ਉਲੰਘਣਾ ਤੇ ਸੰਵੇਦਨਹੀਣਤਾ ਦੀ ਹੱਦ ਹੈ। ਉਧਰ ਕਾਰਪੋਰੇਟਾਂ ਦੇ ਮੁਨਾਫੇ ਹਰ ਸਾਲ ਵਧ ਰਹੇ ਹਨ ਅਤੇ ਡਾਕਟਰ ਆਡੀ, ਮਰਸੀਡੀਜ਼ ਖਰੀਦ ਰਹੇ ਹਨ, ਮਹਿਲ ਬਣਾ ਰਹੇ ਹਨ। ਸਿੱਟੇ ਵਜੋਂ, ਲੋਕਾਂ ਵਿੱਚ ਡਾਕਟਰਾਂ ਪ੍ਰਤੀ ਗੁੱਸਾ ਅਤੇ ਬੇਵਿਸਾਹੀ ਦੀ ਭਾਵਨਾ ਲਗਾਤਾਰ ਵਧ ਰਹੀ ਹੈ ਅਤੇ ਡਾਕਟਰਾਂ 'ਤੇ ਹਮਲੇ ਹੋ ਰਹੇ ਹਨ, ਹਸਪਤਾਲਾਂ ਦੀ ਤੋੜ-ਭੰਨ ਦੀਆਂ ਘਟਨਾਵਾਂ ਹੋ ਰਹੀਆਂ ਹਨ। ਪਰ ਡਾਕਟਰ ਆਪਣੇ ਵਿਹੜੇ 'ਚ ਦੇਖਣ ਦੀ ਵਜਾਏ ਮਹਾਰਾਸ਼ਟਰ ਦੇ "ਡਾਕਟਰਾਂ ਵਿਰੁੱਧ ਹਿੰਸਾ" ਜਿਹੇ ਕਾਨੂੰਨਾਂ ਦੀਆਂ ਜਿੱਤਾਂ ਮਨਾ ਰਹੇ ਹਨ।

ਸਿਹਤ ਸੇਵਾਵਾਂ ਦੇ ਜਿਣਸ ਬਣ ਜਾਣ ਦੇ ਵਰਤਾਰੇ ਦਾ ਇੱਕ ਪੱਖ ਹੋਰ ਵੀ ਹੈ, ਸਿਹਤ ਕਾਮਿਆਂ ਦਾ ਇੱਕ ਵੱਡਾ ਹਿੱਸਾ ਵੀ ਮੰਡੀ ਦੇ ਖੂਨੀ ਪੰਜਿਆਂ ਦਾ ਸ਼ਿਕਾਰ ਹੋ ਰਿਹਾ ਹੈ। ਇਸ ਦਾ ਸ਼ਿਕਾਰ ਹੋਣ ਵਾਲ਼ਿਆਂ 'ਚ ਨਰਸਿੰਗ ਸਟਾਫ ਤੇ ਤਕਨੀਕੀ ਕਾਮੇ, ਕੁਝ ਹੱਦ ਤੱਕ ਛੋਟੀਆਂ ਡਿਗਰੀਆਂ ਵਾਲ਼ੇ ਡਾਕਟਰ ਸ਼ਾਮਿਲ ਹਨ ਜਿਹਨਾਂ ਨੂੰ ਕਦੇ ਵੀ ਨੌਕਰੀ ਤੋਂ ਜਵਾਬ ਮਿਲਣ ਦਾ ਖਤਰਾ ਬਣਿਆ ਰਹਿੰਦਾ ਹੈ।

"ਸਿਹਤ ਲਈ ਹੱਕ" ਜਨਤਕ ਜਮਹੂਰੀ ਲਹਿਰਾਂ ਦੇ ਕੇਂਦਰ ਬਿੰਦੂ ਦੇ ਤੌਰ 'ਤੇ

ਆਮ ਤੌਰ 'ਤੇ ਮਨੁੱਖੀ ਤੇ ਜਮਹੂਰੀ ਹੱਕਾਂ ਲਈ ਉਦੋਂ ਹੀ ਅਵਾਜ਼ ਉੱਠਦੀ ਹੈ ਜਦ ਕੋਈ ਸਿਆਸੀ ਕੈਦੀ ਜਾਂ ਕਿਸੇ ਲੋਕ ਲਹਿਰ ਦਾ ਨੇਤਾ ਜਾਂ ਕਈ ਵਾਰ ਕੋਈ ਆਮ ਆਦਮੀ ਕਿਸੇ ਪੁਲਸੀਆ ਤਸ਼ੱਦਦ ਦਾ ਸ਼ਿਕਾਰ ਹੁੰਦਾ ਹੈ ਜਾਂ ਅਜਿਹਾ ਹੀ ਕੁਝ ਹੋਰ ਵਾਪਰਦਾ ਹੈ ਅਤੇ ਇਹ ਅਵਾਜ਼ ਬਹੁਤੀ ਵਾਰ ਬੁਧੀਜੀਵੀਆਂ ਤੇ ਕੁਝ ਪੜ੍ਹੇ-ਲਿਖੇ ਲੋਕਾਂ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ ਅਤੇ ਇੱਕ ਲੋਕ ਲਹਿਰ ਦਾ ਰੂਪ ਨਹੀਂ ਧਾਰਨ ਕਰਦੀ। ਇਸ ਲਈ ਜੇ ਵਿਸ਼ਾਲ ਜਨਤਕ ਅਧਾਰ ਅਤੇ ਹਮਾਇਤ ਵਾਲ਼ੀ ਜਮਹੂਰੀ ਹੱਕਾਂ ਦੀ ਲਹਿਰ ਖੜੀ ਕਰਨ ਦੀ ਗੱਲ ਤੁਰਦੀ ਹੈ ਤਾਂ ਬਹੁਗਿਣਤੀ ਕਿਰਤੀ ਲੋਕਾਂ ਦੇ ਹੱਕਾਂ-ਅਧਿਕਾਰਾਂ ਅਤੇ ਇਸ ਵਿੱਚ ਉਹਨਾਂ ਦੀ ਸਰਗਰਮ ਹਿੱਸੇਦਾਰੀ ਨੂੰ ਅਧਾਰ ਬਣਾਉਣ ਤੋਂ ਬਿਨਾ ਇਹ ਸੰਭਵ ਨਹੀਂ ਹੈ। ਇਸ ਵਿੱਚ ਵਿਆਪਕ ਲੋਕਾਈ ਦੀ ਸਿੱਖਿਆ ਤੇ ਹਿੱਸੇਦਾਰੀ ਦੁਆਰਾ "ਸਿਹਤ ਲਈ ਹੱਕ" ਲਈ ਸੰਘਰਸ਼ ਇੱਕ ਕੇਂਦਰੀ ਭੂਮਿਕਾ ਨਿਭਾ ਸਕਦਾ ਹੈ ਅਤੇ ਨਿਭਾਵੇਗਾ ਵੀ।

"ਸਿਹਤ ਲਈ ਹੱਕ" ਦੀ ਇੱਕ ਵਿਸ਼ੇਸ਼ ਖਾਸੀਅਤ ਹੈ ਜੋ ਇਸਨੂੰ ਹੋਰ ਕਈ ਬੁਨਿਆਦੀ ਮਨੁੱਖੀ ਹੱਕਾਂ ਨਾਲ਼ ਸਿੱਧੇ ਜੋੜ ਦਿੰਦੀ ਹੈ। ਸਿਹਤ ਲਈ ਹੱਕ ਸਿੱਧੇ ਤੌਰ 'ਤੇ ਜੀਣ ਦੇ ਅਧਿਕਾਰ ਨਾਲ਼ ਜੁੜਿਆ ਹੋਇਆ ਹੈ। ਜੇ ਕੋਈ ਨਾਗਰਿਕ ਸਿਰਫ ਇਸ ਕਰਕੇ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ ਜਾਂ ਜ਼ਿੰਦਗੀ ਭਰ ਲਈ ਅਪਾਹਜ ਹੋ ਜਾਂਦਾ ਹੈ ਕਿ ਉਸਨੂੰ ਸਮੇਂ ਸਿਰ ਸਿਹਤ ਸੁਵਿਧਾ ਨਹੀਂ

ਮਿਲੀ ਅਤੇ ਅੱਜ ਦੇ ਮੈਡੀਕਲ ਵਿਕਾਸ ਦੇ ਪੱਧਰ ਅਨੁਸਾਰ ਅਜਿਹਾ ਬਿਲਕੁਲ ਹੀ ਰੋਕਿਆ ਜਾ ਸਕਦਾ ਸੀ ਤਾਂ ਮੌਤ ਜਾਂ ਅਪਾਹਜਤਾ ਉਸ ਵਿਅਕਤੀ ਤੋਂ ਜੀਣ ਦਾ ਹੱਕ ਖੋਹ ਲੈਣਾ ਹੈ। ਇਸਦੇ ਜ਼ਿੰਮੇਵਾਰ ਵਿਦਮਾਨ ਆਰਥਿਕ-ਸਿਆਸੀ ਢਾਂਚਾ ਅਤੇ ਇਸਨੂੰ ਚਲਾਉਣ ਵਾਲ਼ੇ ਹਨ। ਸਿਹਤ ਲਈ ਹੱਕ ਦੀ ਗੱਲ ਹੁੰਦੇ ਹੀ "ਖੁਰਾਕ ਦੇ ਅਧਿਕਾਰ" ਦੀ ਗੱਲ ਵੀ ਵਿੱਚ ਆ ਜਾਂਦੀ ਹੈ ਕਿਉਂਕਿ ਭਰਪੂਰ ਸੰਤੁਲਤ ਖੁਰਾਕ ਤੋਂ ਬਿਨਾਂ ਸਿਹਤ ਲਈ ਹੱਕ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਇਸੇ ਤਰ੍ਹਾਂ ਰਹਿਣ ਲਈ ਉਚਿਤ ਘਰਾਂ ਦੀ ਸਹੂਲਤ, ਕੰਮ ਵਾਲ਼ੀ ਜਗ੍ਹਾ 'ਤੇ ਸਿਹਤਮੰਦ ਤੇ ਮਾਨਵੀ ਹਾਲਤਾਂ ਅਤੇ ਜਨਤਕ ਸੁਵਿਧਾਵਾਂ ਜਿਵੇਂ ਸੀਵਰੇਜ, ਸਫਾਈ ਦਾ ਪ੍ਰਬੰਧ ਆਦਿ ਦਾ ਹੱਕ ਵੀ ਆ ਜੁੜਦਾ ਹੈ। ਇਸ ਦੇ ਨਾਲ਼ ਹੀ ਸਿਹਤ ਤੇ ਬੀਮਾਰੀਆਂ ਸੰਬੰਧੀ ਗਲਤ ਧਾਰਨਾਵਾਂ, ਵਹਿਮਾਂ-ਭਰਮਾਂ ਤੇ ਗੈਰ-ਸਿਹਤਮੰਦ ਆਦਤਾਂ ਖਿਲਾਫ ਲੜਨਾ ਤੇ ਸਿਹਤ ਸਿੱਖਿਆ ਲਈ "ਮੁਢਲੀ ਬੁਨਿਆਦੀ ਵਿੱਦਿਆ" ਦਾ ਹੋਣਾ ਵੀ ਜ਼ਰੂਰੀ ਹੈ।

ਸਿਹਤ ਲਈ ਹੱਕ ਦੀ ਲੜਾਈ ਅਤੇ ਜਮਹੂਰੀ ਹੱਕਾਂ ਦੀ ਵਡੇਰੀ ਲਹਿਰ 'ਚ ਲੋਕਾਂ ਨੂੰ ਹਿੱਸਾ ਲੈਣ ਲਈ ਪ੍ਰੇਰਨ ਲਈ ਜ਼ਰੂਰੀ ਹੈ ਕਿ ਲੋਕਾਂ 'ਚ ਛੁਪੀ ਹੋਈ ਤਾਕਤ ਨੂੰ ਪਛਾਣਿਆ ਜਾਵੇ ਜਿਹੜੀ ਫਿਲਹਾਲ ਭਾਵੇਂ ਕਾਫੀ ਅਵਿਕਸਤ ਹੋ ਸਕਦੀ ਹੈ ਪਰ ਇੱਕ ਅਜਿੱਤ ਸ਼ਕਤੀ ਬਣ ਜਾਵੇਗੀ ਜੇ ਲੋਕਾਂ ਨੂੰ ਉਹਨਾਂ ਦੇ ਹੱਕਾਂ ਬਾਰੇ ਚੰਗੀ ਤਰ੍ਹਾਂ ਨਾਲ ਸਿੱਖਿਅਤ ਕੀਤਾ ਜਾਂਦਾ ਹੈ। ਇਹਦੇ ਲਈ ਬੁੱਧੀਜੀਵੀਆਂ, ਜਮਹੂਰੀ ਹੱਕਾਂ ਦੇ ਕਾਰਕੁੰਨਾਂ ਤੇ ਜਥੇਬੰਦੀਆਂ ਅਤੇ ਆਮ ਲੋਕਾਂ 'ਚ ਸਬੰਧਾਂ ਦਾ ਗੂੜ੍ਹਾ ਤਾਣਾਬਾਣਾ ਬੁਣਿਆ ਜਾਣਾ ਜ਼ਰੂਰੀ ਹੈ। ਲੋਕਾਂ ਦੀ ਚੇਤਨਾ ਨੂੰ ਹਲੂਣਾ ਦੇਣ ਅਤੇ ਜਨਤਾ ਨੂੰ ਹਿੱਸੇਦਾਰ ਬਣਾਉਣ ਤੇ ਲਾਮਬੰਦ ਕਰਨ ਲਈ ਢੰਗ-ਤਰੀਕੇ ਖੜੇ ਕਰਨ ਦੀ ਲੋੜ ਹੈ। ਸਾਮਰਾਜੀਆਂ ਤੇ ਬਿਲ ਗੇਟਸ ਵਰਗੇ ਧਨਾਢਾਂ ਦੇ ਦਾਨ-ਪੱਤਰਾਂ 'ਤੇ ਚੱਲਣ ਵਾਲ਼ੀਆਂ ਅਖੌਤੀ ਗੈਰ-ਸਰਕਾਰੀ ਸੰਸਥਾਵਾਂ ਅਤੇ ਇਸ ਅਣਮਨੁੱਖੀ ਢਾਂਚੇ ਦੇ ਰਫੂਗਰ ਬਣੇ ਤਰ੍ਹਾਂ ਤਰ੍ਹਾਂ ਦੇ ਪਰਉਪਕਾਰੀ ਸਮਾਜ-ਸੇਵਕਾਂ, ਸਾਧਾਂ-ਸੰਤਾਂ ਨੇ ਸਿਹਤ, ਸਿੱਖਿਆ, ਸਫਾਈ ਆਦਿ ਜਿਹੇ ਮਸਲਿਆਂ 'ਤੇ ਲੋਕਾਂ ਨੂੰ ਰਾਹਤ ਦੇਣ ਦਾ ਧੁੰਧਲਕਾ ਪੈਦਾ ਕਰ ਰੱਖਿਆ ਹੈ, ਇਸ ਗਰਦ-ਗੁਬਾਰ ਨੂੰ ਵੀ ਝਾੜਨ ਦੀ ਲੋੜ ਹੈ।

ਉਹਨਾਂ ਦਾ ਇਹ ਜਾਨਣਾ ਲਾਜਮੀ ਹੈ ਕਿ ਸਰਕਾਰਾਂ ਫੌਜੀ ਸਾਜੋਸਾਮਾਨ 'ਤੇ ਇੰਨਾ ਜ਼ਿਆਦਾ ਅਤੇ ਮਨੁੱਖੀ ਲੋੜਾਂ 'ਤੇ ਇੰਨਾ ਘੱਟ ਖਰਚਾ ਕਿਉਂ ਕਰਦੀਆਂ ਹਨ? ਉਹਨਾਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਕਿਉਂ ਉਹਨਾਂ ਦੇ ਹੀ ਚੁਣੇ ਹੋਏ ਨੇਤਾ ਸਮਾਜੀ ਤੌਰ 'ਤੇ ਅਗਾਂਹਵਧੂ ਨੀਤੀਆਂ ਨੂੰ ਪੁੱਠਾ ਮੋੜਾ ਦਿੰਦੇ ਹਨ ਅਤੇ ਲੋਕਾਂ ਦੀ ਕੀਮਤ 'ਤੇ ਵੱਡੇ ਕਾਰਪੋਰੇਟਾਂ ਦੇ ਬਿਜ਼ਨੈੱਸ ਨੂੰ ਕੰਟਰੋਲ ਤੋਂ ਬਾਹਰ ਕਰ ਦਿੰਦੇ ਹਨ? ਉਹਨਾਂ ਦਾ ਇਹ ਜਾਨਣਾ ਲਾਜਮੀ ਹੈ ਕਿ ਕਿਉਂ ਅਖਬਾਰਾਂ ਆਰਥਿਕ ਖੁਸ਼ਹਾਲੀ ਦੇ ਸ਼ੋਸ਼ੇ ਛੱਡਦੀਆਂ ਹਨ ਜਦਕਿ ਉਜਰਤਾਂ ਨੀਵੀਆਂ ਤੋਂ ਨੀਵੀਆਂ ਹੁੰਦੀਆਂ ਜਾ ਰਹੀਆਂ ਹੁੰਦੀਆਂ ਨੇ? ਲੋਕਾਂ ਨੂੰ ਇਹ ਪਤਾ ਚੱਲੇ ਕਿ ਸਾਧਨਾਂ ਦੀ ਕੋਈ ਘਾਟ ਨਹੀਂ ਹੈ। ਹੁਣੇ ਹੁਣੇ ਕੀਤੇ ਗਏ ਇੱਕ ਅਧਿਐਨ[4] ਨੇ ਦਿਖਾਇਆ ਹੈ ਕਿ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਜ਼ਰੂਰੀ ਦਵਾਈਆਂ ਮੁਫਤ ਉਪਲਬਧ ਕਰਵਾਉਣ ਲਈ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ 30,000 ਕਰੋੜ ਰੁਪਏ ਸਾਲਾਨਾ ਖਰਚ ਕਰਨੇ ਪੈਣਗੇ ਜੋ ਕੇਂਦਰੀ ਬਜਟ ਵਿੱਚ ਸਿਹਤ ਸੁਵਿਧਾ ਲਈ ਰਾਖਵੇਂ ਹਿੱਸੇ ਦੀ ਰਾਸ਼ੀ ਨੂੰ ਬਜਟ ਦੇ 0.29% ਤੋਂ ਵਧਾ ਕੇ 0.7% ਕਰ ਦੇਣ ਨਾਲ਼ ਭਾਵ 26,760 ਕਰੋੜ ਰੁਪਏ ਦੇ ਮੌਜੂਦਾ ਅਲਾਟਮੈਂਟ ਤੋਂ ਵਧਾ ਕੇ 56,760 ਕਰੋੜ ਰੁਪਏ ਕਰ ਦੇਣ ਨਾਲ਼ ਇਕਦਮ ਸੰਭਵ ਹੈ। ਇਸ ਤਰ੍ਹਾਂ ਲੋਕਾਂ ਨੂੰ ਪਤਾ ਚੱਲਣਾ ਚਾਹੀਦਾ ਹੈ ਕਿ ਸਾਧਨਾਂ ਦੀ ਕਮੀ ਨਹੀਂ ਹੈ, ਘਾਟ ਹੈ ਹਾਕਮ ਜਮਾਤ 'ਚ, ਇੱਕ ਮੁੱਠੀ ਭਰ ਲੋਕਾਂ ਦੀ ਜਮਾਤ ਜਿਸਨੇ ਸਾਧਨਾਂ ਅਤੇ ਫੈਸਲੇ ਲੈਣ ਦੀ ਤਾਕਤ 'ਤੇ ਕਬਜ਼ਾ ਕਰ ਰੱਖਿਆ ਹੈ, ਸਿਆਸੀ ਇੱਛਾ ਸ਼ਕਤੀ ਦੀ।

ਇੱਥੇ ਮੰਗਾਂ ਦੇ ਰੂਪ 'ਚ ਕੁਝ ਸੁਝਾਅ ਰੱਖੇ ਜਾ ਰਹੇ ਹਨ ਜਿਹਨਾਂ ਨੂੰ ਨੁਕਤੇ ਬਣਾ ਕੇ "ਸਿਹਤ ਲਈ ਹੱਕ" ਦੀ ਲੜਾਈ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਇਹ ਹਾਲੇ ਸ਼ੁਰੁਆਤੀ ਵਿਚਾਰ ਹਨ ਜਿਹਨਾਂ 'ਚ ਵਾਧਾ ਜਾਂ ਮੁਰੰਮਤ ਕੀਤੀ ਜਾ ਸਕਦੀ ਹੈ।

1. ਰਾਜ ਹਰੇਕ ਵਸਨੀਕ ਲਈ ਮੁਫਤ ਮੁਢਲੀ ਸਿਹਤ ਸਹੂਲਤ ਦਾ ਇੰਤਜ਼ਾਮ ਕਰੇ। ਸੇਵਾਵਾਂ ਨਾ ਸਿਰਫ ਮੁਫਤ ਹੋਣ ਸਗੋਂ ਅਸਾਨੀ ਨਾਲ਼ ਅਤੇ ਲੋਕਾਂ ਦੇ ਨੇੜੇ ਵੀ ਹੋਣ। ਲੰਮੇ ਦਾਅ ਤੋਂ, ਰਾਜ ਇੱਕ ਅਜਿਹਾ ਸਿਹਤ ਢਾਂਚਾ ਖੜਾ ਕਰੇ ਜਿਹੜਾ ਲੋਕਾਂ ਨੂੰ ਹਰ ਤਰ੍ਹਾਂ ਦੀ ਸਿਹਤ ਸੁਵਿਧਾ ਮੁਫਤ ਦੇ ਸਕਣ ਦੇ ਯੋਗ ਹੋਵੇ। ਰਾਜ ਅਜਿਹਾ ਕਰਨ ਲਈ ਇੱਕ ਨਿਸ਼ਚਿਤ ਸਮਾਂ ਸੀਮਾ ਤੈਅ ਕਰੇ। ਇਸ ਲਈ ਜੇ ਸਾਧਨਾਂ ਦੀ ਘਾਟ ਹੈ ਤਾਂ ਸਾਧਨ ਜੁਟਾਉਣ ਲਈ ਅਮੀਰਾਂ 'ਤੇ ਮੋਟੇ ਟੈਕਸ ਲਾਏ ਜਾਣ ਅਤੇ ਅਮੀਰਾਂ ਨੂੰ ਮਿਲਦੀਆਂ ਟੈਕਸ ਛੋਟਾਂ ਬੰਦ ਕੀਤੀਆਂ ਜਾਣ।

2. ਰਾਜ ਸਿਹਤ ਕਰਮੀਆਂ, ਸਾਜੋਸਮਾਨ ਅਤੇ ਢਾਂਚਾਗਤ ਜ਼ਰੂਰਤਾਂ ਨੂੰ ਪੂਰਨ ਲਈ ਤੁਰੰਤ ਇੰਤਜ਼ਾਮ ਕਰੇ ਅਤੇ ਸਿਹਤ ਸੇਵਾਵਾਂ ਦਾ ਨਿੱਜੀਕਰਨ ਫੌਰੀ ਤੌਰ 'ਤੇ ਬੰਦ ਕਰੇ। ਪਹਿਲਾਂ ਤੋਂ ਮੌਜੂਦ ਨਿੱਜੀ ਸਿਹਤ ਖੇਤਰ ਦਾ ਕੌਮੀਕਰਨ ਕੀਤਾ ਜਾਵੇ ਅਤੇ ਭਵਿੱਖ 'ਚ ਸਿਹਤ ਦੇ ਖੇਤਰ 'ਚ ਨਿੱਜੀ ਖੇਤਰ ਦੇ ਦਾਖਲੇ 'ਤੇ ਸੰਵਿਧਾਨਕ ਪਾਬੰਦੀ ਲਗਾਈ ਜਾਵੇ।

3. ਰਾਜ ਦਵਾਈਆਂ ਅਤੇ ਹੋਰ ਮੈਡੀਕਲ ਸਾਜੋਸਮਾਨ ਦੀ ਪੈਦਾਵਾਰ ਆਪਣੇ ਹੱਥਾਂ 'ਚ ਲਵੇ, ਨਿੱਜੀ ਪੈਦਾਵਾਰ ਖਤਮ ਕੀਤੀ ਜਾਵੇ, ਦਵਾਈਆਂ ਦੀ ਪੈਦਾਵਾਰ ਜਨਤਕ ਲੋੜਾਂ ਨੂੰ ਮੁੱਖ ਰੱਖ ਕੇ ਹੋਵੇ ਨਾ ਕਿ ਮੁਨਾਫੇ ਨੂੰ ਮੁੱਖ ਰੱਖ ਕੇ। ਇਸ ਤੋਂ ਇਲਾਵਾ ਦਵਾਈਆਂ 'ਚੋਂ ਫੈਕਟਰੀ ਤੋਂ ਲੈ ਕੇ ਪਰਚੂਨ ਵਿਕਰੀ ਤੱਕ ਦੀ ਹਰ ਤਰ੍ਹਾਂ ਦੀ ਮੁਨਾਫਾਖੋਰੀ, ਕਮਿਸ਼ਨਖੋਰੀ ਨੂੰ ਖਤਮ ਕਰਕੇ ਦਵਾਈਆਂ ਲੋਕਾਂ ਨੂੰ ਸਿੱਧੀਆਂ ਉਪਲਬਧ ਕਰਵਾਈਆਂ ਜਾਣ।

4. ਰਾਜ ਸਿਹਤ ਢਾਂਚੇ ਸੰਬੰਧੀ ਨੀਤੀਆਂ ਨਿਰਧਾਰਤ ਕਰਨ ਅਤੇ ਯੋਜਨਾਬੰਦੀ ਬਣਾਉਣ ਸਮੇਂ ਦੇਸ਼ ਦੇ ਬਹੁਗਿਣਤੀ ਆਮ ਲੋਕਾਂ, ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਲੋੜਾਂ ਨੂੰ ਮੁੱਖ ਅਧਾਰ

ਬਣਾ ਕੇ ਚੱਲੇ।

5. ਅਲਮਾਟੀ ਐਲਾਨਨਾਮਾ (ਜਿਸਦਾ ਭਾਰਤ ਵੀ ਹਸਤਾਖਰੀ ਹੈ) ਇਹ ਸਪੱਸਟ ਕਰਦਾ ਹੈ ਕਿ ਲੋਕਾਂ ਨੂੰ ਨਾ ਸਿਰਫ ਸਿਹਤ ਦਾ ਹੱਕ ਹੈ, ਸਗੋਂ ਸਿਹਤ ਸੇਵਾਵਾਂ ਦੇ ਢਾਂਚੇ ਦੀ ਯੋਜਨਾਬੰਦੀ ਅਤੇ ਅਮਲ 'ਚ ਲਿਆਉਣ ਦੀ ਪ੍ਰਕਿਰਿਆ 'ਚ ਹਿੱਸੇਦਾਰੀ ਦਾ ਵੀ ਹੱਕ ਹੈ। ਇਹ ਫੈਸਲੇ ਲੈਣ ਦੀ ਪ੍ਰਕਿਰਿਆ 'ਚ ਲੋਕਾਂ ਦੀ ਸ਼ਮੂਲੀਅਤ ਦੇ ਹੱਕ ਨੂੰ ਲਾਗੂ ਕਰਨ ਦਾ ਹੀ ਇੱਕ ਪੱਖ ਹੈ। ਜਦੋਂ ਆਰਥਿਕ ਅਤੇ ਸਮਾਜਿਕ ਨਾਬਰਾਬਰੀ ਅਤੇ ਪੇਂਡੂ-ਸ਼ਹਿਰੀ ਪਾੜਾ ਇੰਨਾ ਜ਼ਿਆਦਾ ਹੋਵੇ ਤਾਂ ਇਹ ਗੱਲ ਹੋਰ ਵੀ ਅਹਿਮੀਅਤ ਵਾਲ਼ੀ ਬਣ ਜਾਂਦੀ ਹੈ। ਇਸ ਲਈ ਸਿਹਤ ਮਹਿਕਮੇ ਦੀ ਨੌਕਰਸ਼ਾਹੀ ਅਤੇ ਡਾਕਟਰਾਂ ਨੂੰ ਲੋਕਾਂ ਪ੍ਰਤੀ ਸਿੱਧੇ ਜਵਾਬਦੇਹ ਬਣਾਇਆ ਜਾਵੇ ਅਤੇ ਲੋਕਾਂ ਦੇ ਸਿੱਧੇ ਕੰਟਰੋਲ ਹੇਠ ਲਿਆਂਦਾ ਜਾਵੇ। ਇਸ ਕੰਟਰੋਲ ਵਿੱਚ ਉਹਨਾਂ ਦੇ ਕੰਮ ਦੀ ਸਮੇਂ ਸਮੇਂ 'ਤੇ ਸੰਬੰਧਿਤ ਇਲਾਕੇ ਦੇ ਲੋਕਾਂ ਦੁਆਰਾ ਚੈਕਿੰਗ ਅਤੇ ਉਸ ਇਲਾਕੇ ਦੇ ਲੋਕਾਂ ਦੁਆਰਾ ਜਨਤਕ ਵੋਟ ਰਾਹੀਂ ਸਸਪੈਂਡ ਤੇ ਬਰਖਾਸਤ ਕਰਨ ਦਾ ਹੱਕ ਸ਼ਾਮਿਲ ਹੋਵੇ। ਇਸ ਕੰਮ ਲਈ ਲੋਕਾਂ ਦੀਆਂ ਪਿੰਡ ਪੱਧਰ, ਮੁਹੱਲਾ ਪੱਧਰ 'ਤੇ ਸਿਹਤ ਕਮੇਟੀਆਂ, ਸਫਾਈ ਕਮੇਟੀਆਂ ਆਦਿ ਦਾ ਗਠਨ ਜ਼ਰੂਰੀ ਹੋਵੇਗਾ। ਇਹ ਕਮੇਟੀਆਂ ਕੋਈ ਸਰਕਾਰੀ ਕਿਸਮ ਦੀਆਂ ਲੋਕਲ ਚੌਧਰੀਆਂ ਦੀਆਂ ਕਮੇਟੀਆਂ ਨਹੀਂ ਹੋਣਗੀਆਂ ਸਗੋਂ ਇਹ ਲੋਕਾਂ ਨੂੰ ਸਿੱਖਿਅਤ ਕਰਨ, ਆਪਣੇ ਹੱਕ ਲਈ ਲੋਕਾਂ ਦੇ ਖੁਦ ਨੂੰ ਜਥੇਬੰਦ ਕਰਨ ਤੇ ਸੰਘਰਸ਼ ਕਰਨ ਦੀ ਪ੍ਰਕਿਰਿਆ ਦੌਰਾਨ ਲੋਕਾਂ ਦੀ ਸਮੂਹਕ ਪਹਿਲਕਦਮੀ ਦੇ ਅਧਾਰ 'ਤੇ ਹੋਂਦ 'ਚ ਆਉਣਗੀਆਂ।

6. ਸਿਹਤ ਢਾਂਚੇ ਦੀ ਯੋਜਨਾਬੰਦੀ ਅਤੇ ਅਮਲ 'ਚ ਲਿਆਉਣ ਦੇ ਵਾਂਗ ਹੀ ਮੈਡੀਕਲ ਖੋਜ-ਕਾਰਜਾਂ ਨੂੰ ਲੋਕਾਂ ਦੀ ਨਜਰਾਂ ਹੇਠ ਲਿਆਂਦਾ ਜਾਵੇ। ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਖੋਜ ਲਈ ਅਲਾਟ ਹੋਈ ਰਾਸ਼ੀ ਕਿੱਥੇ ਤੇ ਕਾਹਦੇ ਲਈ ਖਰਚ ਕੀਤੀ ਜਾ ਰਹੀ ਹੈ, ਕੀ ਇਹ ਪੈਸਾ ਬਹੁਗਿਣਤੀ ਲੋਕਾਂ ਦੀਆਂ ਲੋੜਾਂ ਨੂੰ ਧਿਆਨ 'ਚ ਰੱਖ ਕੇ ਖਰਚਿਆ ਜਾ ਰਿਹਾ ਹੈ ਜਾਂ ਨਹੀਂ।

7. ਮੈਡੀਕਲ ਸਿੱਖਿਆ ਤੇ ਟਰੇਨਿੰਗ ਪੂਰੀ ਤਰ੍ਹਾਂ ਨਾਲ਼ ਸਰਕਾਰੀ ਪ੍ਰਬੰਧ ਹੇਠ ਲਿਆਂਦੀ ਜਾਵੇ ਅਤੇ ਇਸਨੂੰ ਅਬਾਦੀ ਦੀਆਂ ਲੋੜਾਂ ਅਨੁਸਾਰ ਪਲਾਨ ਕੀਤਾ ਜਾਵੇ। ਮੈਡੀਕਲ ਸਿੱਖਿਆ 'ਚੋਂ ਵੀ ਨਿੱਜੀ ਖੇਤਰ ਨੂੰ ਬਾਹਰ ਕੀਤਾ ਜਾਵੇ ਅਤੇ ਨਿੱਜੀ ਮੁਨਾਫੇ ਕਮਾਉਣ ਲਈ ਖੋਲੇ ਮੈਡੀਕਲ ਕਾਲਜਾਂ ਦਾ ਕੌਮੀਕਰਨ ਕੀਤਾ ਜਾਵੇ।

8. ਭਰਪੂਰ ਸੰਤੁਲਤ ਖੁਰਾਕ, ਰਹਿਣ ਲਈ ਚੰਗੀ ਜਗ੍ਹਾ, ਕੰਮ ਦੀਆਂ ਸਿਹਤਮੰਦ ਹਾਲਤਾਂ ਤੇ ਮੁਢਲੀ ਸਿੱਖਿਆ ਬਿਨਾਂ ਸਿਹਤ ਲਈ ਹੱਕ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ, ਇਸ ਲਈ ਰਾਜ ਇਹਨਾਂ ਬੁਨਿਆਦੀ ਸਹੂਲਤਾਂ ਦੀ ਉਪਲਬਧਤਾ ਯਕੀਨੀ ਬਣਾਵੇ।

9. ਰਾਜ ਬੱਚਿਆਂ ਅਤੇ ਬਜ਼ੁਰਗ ਨਾਗਰਿਕਾਂ ਦੀ ਸਿਹਤ ਸੰਭਾਲ ਲਈ ਖਾਸ ਇੰਤਜ਼ਾਮ ਕਰੇ ਤਾਂ ਕਿ ਬੱਚੇ ਦਾ ਸਿਹਤਮੰਦ ਵਿਕਾਸ ਹੋ ਸਕੇ ਅਤੇ ਬਜ਼ੁਰਗ ਮਾਣ ਨਾਲ਼ ਜ਼ਿੰਦਗੀ ਬਸਰ ਕਰ ਸਕਣ।

10. ਸੰਵਿਧਾਨਕ ਸੋਧ ਰਾਹੀਂ ਸਿਹਤ ਲਈ ਹੱਕ ਦੂਜੇ ਅਧਿਕਾਰਾਂ ਜਿਵੇਂ ਖਾਣੇ ਦਾ ਹੱਕ, ਸਿੱਖਿਆ ਦਾ ਹੱਕ, ਰਹਿਣ ਲਈ ਚੰਗੇ ਘਰ ਤੇ ਸਿਹਤਮੰਦ ਹਾਲਾਤ ਅਤੇ ਸਿਹਤਮੰਦ ਤੇ ਮਾਨਵੀ ਕੰਮ-ਹਾਲਤਾਂ ਦੇ ਹੱਕ ਸਮੇਤ ਸਿਰਫ ਇੱਕ ਨਿਰਦੇਸ਼ਕ ਸਿਧਾਂਤ ਦੀ ਥਾਂ ਭਾਰਤ ਦੇ ਸਾਰੇ ਵਸਨੀਕਾਂ ਦਾ ਇੱਕ ਬੁਨਿਆਦੀ ਹੱਕ ਬਣਾਇਆ ਜਾਵੇ। ਸੰਵਿਧਾਨ ਵਿੱਚ ਇਹ ਵਿਵਸਥਾ ਕੀਤੀ ਜਾਵੇ ਕਿ ਜੇ ਇਹਨਾਂ ਬੁਨਿਆਦੀ ਹੱਕਾਂ ਵੱਲ ਅਣਗਹਿਲੀ ਜਾਂ ਉਲੰਘਣਾ ਹੁੰਦੀ ਹੈ ਤਾਂ ਰਾਜ ਦੇ ਮੁਖੀ ਸਮੇਤ ਰਾਜ ਮਸ਼ੀਨਰੀ ਦੇ ਇਹਦੇ ਨਾਲ਼ ਸੰਬੰਧਤ ਲੋਕਾਂ ਨੂੰ ਕਾਨੂੰਨ ਅੱਗੇ ਪੇਸ਼ੀ ਲਈ ਬੁਲਾਇਆ ਜਾ ਸਕੇ ਅਤੇ ਉਹਨਾਂ ਖਿਲਾਫ ਅਪਰਾਧਿਕ ਮੁਕੱਦਮੇ ਚਲਾਏ ਜਾ ਸਕਣ।

ਸਾਰ: ਸਿਹਤ ਸੁਵਿਧਾ ਵਿਕਾਊ ਮਾਲ ਨਹੀਂ !

ਨਿਚੋੜ ਦੇ ਰੂਪ 'ਚ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਸਕਦਾ ਹੈ ਕਿ ਜੇ ਸਿਹਤ ਨੇ ਕਦੇ ਵੀ ਬੁਨਿਆਦੀ ਮਨੁੱਖੀ ਹੱਕ ਬਣਨਾ ਹੈ ਤਾਂ ਇਸਦੀ ਇੱਕ ਜਿਣਸ ਦੇ ਰੂਪ 'ਚ ਹੋਂਦ ਜਿਹੜੀ ਮੰਡੀ 'ਚ ਖਰੀਦੀ-ਵੇਚੀ ਜਾ ਸਕਦੀ ਹੈ, ਖਤਮ ਕਰਨੀ ਹੋਵੇਗੀ। ਮੈਡੀਕਲ ਖੋਜ-ਕਾਰਜ ਤੇ ਵਿਕਾਸ ਵੀ ਮੁਨਾਫਾ ਕੇਂਦਰਤ ਨਾ ਹੋ ਕੇ ਬਹੁਗਿਣਤੀ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ 'ਚ ਰੱਖ ਕੇ ਚੱਲਣਾ ਚਾਹੀਦਾ ਹੈ। ਕਾਨੂੰਨਾਂ ਰਾਹੀਂ ਜੀਵਨ-ਬਚਾਊ ਦਵਾਈਆਂ ਦੇ ਉੱਚੇ ਰੇਟ ਤੈਅ ਕਰਵਾ ਦਵਾ ਕੰਪਨੀਆਂ ਦੁਆਰਾ ਮੋਟੇ ਮੁਨਾਫੇ ਕਮਾਉਣੇ ਪੂਰੀ ਤਰ੍ਹਾਂ ਨਾਲ਼ ਅਨੈਤਿਕ ਹੈ। ਅਖੀਰੀ ਤੌਰ 'ਤੇ, ਸਿਹਤ ਨੂੰ ਬੁਨਿਆਦੀ ਮਨੁੱਖੀ ਹੱਕ ਬਣਾਉਣ ਲਈ ਗਰੀਬੀ ਤੇ ਬਿਮਾਰੀਆਂ ਉਪਜਾਉਣ ਵਾਲ਼ੇ ਮੰਡੀ-ਕੇਂਦਰਤ ਢਾਂਚੇ 'ਤੇ ਮੁੜ-ਵਿਚਾਰ ਦੀ ਲੋੜ ਹੈ ਅਤੇ ਇੱਕ ਬਿਹਤਰ ਢਾਂਚੇ ਦੁਆਰਾ ਬਦਲਿਆ ਜਾਣਾ ਜ਼ਰੂਰੀ ਹੈ ਤਾਂ ਕਿ ਲੋਕਾਂ ਤੇ ਧਰਤ ਦੀ ਸੁਖ-ਸ਼ਾਂਤੀ ਸਭ ਤੋਂ ਵਧ ਅਹਿਮੀਅਤ ਵਾਲ਼ਾ ਟੀਚਾ ਬਣ ਸਕੇ।

ਹਵਾਲੇ:

1. ਭਾਰਤ ਦਾ ਸੰਵਿਧਾਨ ਭਾਗ - IV, 26 ਨਵੰਬਰ 1949 ਨੂੰ ਪ੍ਰਵਾਨਿਤ

2. ਪੰਜਾਬ ਸਰਕਾਰ ਤੇ ਹੋਰ ਵਿਰੁੱਧ ਮੋਹਿੰਦਰ ਸਿੰਘ, AIR 1997, SC 1225

3. ਮਹੇਂਦਰ ਪ੍ਰਤਾਪ ਸਿੰਘ ਵਿਰੁੱਧ ਉੜੀਸਾ ਸਰਕਾਰ, AIR 1997, ਉੜੀਸਾ 37

4. Narendra Gupta (2010-11): "What It Costs to Provide Medicines to All Sick Persons in India", *MFC Bulletin,* August-January, Issue 342-43, cited in EPW, June 11, 2011 in 'Medicine for All, pharma industry and India state

ਸਮਾਜਕ ਮਸਲੇ

ਪਾਣੀ ਦਾ ਨਿਜੀਕਰਨ

ਸਰਮਾਏਦਾਰਾ ਲੁੱਟ ਦਾ ਸਭ ਤੋਂ ਬਰਬਰ ਪ੍ਰਗਟਾਅ

• ਪ੍ਰੇਮ ਪ੍ਰਕਾਸ਼

ਹਰ ਜੀਉਂਦੇ ਇਨਸਾਨ, ਹਰ ਪੌਦੇ, ਹਰ ਪਸ਼ੂ ਨੂੰ ਜਿੰਦਾ ਰਹਿਣ ਲਈ ਪਾਣੀ ਚਾਹੀਦਾ ਹੈ। ਧਰਤੀ 'ਤੇ ਜੀਵਨ ਦੀ ਉਤਪਤੀ ਪਾਣੀ 'ਚ ਹੋਈ, ਪਾਣੀ ਬਿਨਾਂ ਜੀਵਨ ਦੀ ਕਲਪਨਾ ਵੀ ਸੰਭਵ ਨਹੀਂ ਹੈ। ਧਰਤੀ ਦੇ ਦੋ ਤਿਹਾਈ ਹਿੱਸੇ 'ਚ ਪਾਣੀ ਹੋਣਾ ਵੀ ਸ਼ਾਇਦ ਇਸਦੀ ਇੱਕ ਵਜ੍ਹਾ ਹੈ। ਪਾਣੀ ਸਿਰਫ਼ ਇਨਸਾਨਾਂ ਲਈ ਹੀ ਨਹੀਂ ਸਗੋਂ ਧਰਤੀ 'ਤੇ ਜੀਵ ਜਗਤ ਲਈ ਇੱਕ ਕੁਦਰਤ ਦਾ ਦਿੱਤਾ ਤੋਹਫ਼ਾ ਹੈ। ਪਾਣੀ, ਜੀਵ-ਜਗਤ ਦੀ ਸਾਂਝੀ ਵਿਰਾਸਤ ਹੈ ਅਤੇ ਜੀਵਨ ਦਾ ਜ਼ਰੂਰੀ ਸਾਧਨ ਹੈ। ਜਿਸ ਸਮਾਜ 'ਚ ਪਾਣੀ ਨੂੰ ਖ਼ਰੀਦੋ-ਫ਼ਰੋਖਤ, ਵੇਚਣ-ਖਰੀਦਣ ਦੀ ਵਸਤੂ ਬਣਾ ਦਿੱਤਾ ਜਾਵੇ ਉਸ 'ਚ ਜੀਵਨ ਦੀ ਖਰੀਦ-ਵੇਚ ਤਾਂ ਨਿਸ਼ਚਿਤ ਹੀ ਹੋਵੇਗੀ। ਅਸੀਂ ਇਤਿਹਾਸਕ ਰੂਪ 'ਚ ਅਜਿਹੇ ਹੀ ਸਮਾਜ 'ਚ ਜੀਅ ਰਹੇ ਹਾਂ। ਜਿਹੜਾ ਦੇਸ਼ ਕੁਪੋਸ਼ਣ, ਮਹਿੰਗਾਈ, ਬੇਰੁਜ਼ਗਾਰੀ ਤੋਂ ਇੰਨਾਂ ਤੰਗ ਹੋਵੇ ਕਿ ਦੇਸ਼ ਦੀ ਵਸੋਂ ਦਾ ਇੱਕ ਵੱਡਾ ਹਿੱਸਾ ਭੁੱਖੇ ਢਿੱਡ ਸੌਣ ਲਈ ਮਜਬੂਰ ਹੋਵੇ ਉੱਥੇ ਪਾਣੀ ਨੂੰ ਮੰਡੀ ਦੀ ਚੀਜ਼ ਬਣਾ ਦੇਣਾ ਪ੍ਰਬੰਧ ਦੇ ਮਨੁੱਖਦੋਖੀ ਕਿਰਦਾਰ ਨੂੰ ਮੁਕੰਮਲ ਤੌਰ 'ਤੇ ਬੇਨਕਾਬ ਕਰਦਾ ਹੈ।

ਇੱਕ ਵਾਰੀ ਫਿਰ ਦਿੱਲੀ 'ਚ ਪਾਣੀ ਦੇ ਨਿਜੀਕਰਨ ਦੀਆਂ ਖਬਰਾਂ ਆ ਰਹੀਆਂ ਹਨ। ਦਿੱਲੀ ਸਰਕਾਰ ਦੀ ਜਲ-ਸਪਲਾਈ ਨੂੰ ਨਿਜੀ ਹੱਥਾਂ 'ਚ ਦੇਣ ਦੀ ਯੋਜਨਾ ਹੈ। ਸਰਕਾਰ ਐੱਮਸੀਡੀ ਦੇ ਸਾਰੇ ਵਾਰਡਾਂ ਦੀ ਜਲ-ਵੰਡ ਅਤੇ ਪ੍ਰਬੰਧਨ ਨੂੰ ਨਿਜੀ ਹੱਥਾਂ 'ਚ ਦੇਣਾ ਚਾਹੁੰਦੀ ਹੈ। ਇਸਦੇ ਪੱਖ 'ਚ ਸਰਕਾਰ ਦੀ ਦਲੀਲ ਹੈ ਕਿ ਲੋਕਾਂ ਨੂੰ ਲਗਾਤਾਰ 24 ਘੰਟੇ ਪਾਣੀ ਦੀ ਉਪਲਬਧਤਾ 'ਚ ਅਤੇ ਪਾਣੀ ਦੀ ਬਰਬਾਦੀ ਅਤੇ ਚੋਰੀ ਨੂੰ ਰੋਕਣ 'ਚ ਇਸ ਨਾਲ਼ ਮਦਦ ਮਿਲੇਗੀ; ਇਸ ਨਾਲ਼ ਲੋਕਾਂ ਦੇ ਪਾਣੀ ਦੇ ਫ਼ਜ਼ੂਲ ਖਰਚ ਕਰਨ ਦੀ ਪ੍ਰਵਿਰਤੀ 'ਤੇ ਰੋਕ ਲਗੇਗੀ; ਆਦਿ-ਆਦਿ। ਦੂਜੇ ਪਾਸੇ ਸਰਮਾਏਦਾਰਾ ਸੰਸਦੀ ਸਿਆਸਤ 'ਚ ਗਲ਼ ਤੱਕ ਡੁੱਬੀਆਂ ਸਿਆਸੀ ਪਾਰਟੀਆਂ ਜਿਹੜੀਆਂ ਮੌਕਾ ਮਿਲਣ 'ਤੇ ਕਿਤੇ ਵੀ ਲੋਕਾਂ ਦੇ ਹਿਤਾਂ ਨਾਲ਼ ਸੌਦਾ ਕਰਨ ਤੋਂ ਬਾਜ ਨਹੀਂ ਆਉਂਦੀਆਂ; ਵਿਰੋਧ ਦੀ ਨੌਟੰਕੀ ਕਰਦੀਆਂ ਨਜ਼ਰ ਆ ਰਹੀਆਂ ਹਨ। ਦਿੱਲੀ 'ਚ ਪਾਣੀ ਦੇ ਨਿਜੀਕਰਨ ਅਤੇ ਪ੍ਰਦੂਸ਼ਿਤ ਪਾਣੀ ਦੀ ਸਪਲਾਈ ਦੇ ਵਿਰੋਧ 'ਚ ਭਾਜਪਾ ਸਣੇ ਸਾਰੇ ਲੀਡਰਾਂ (ਭਾਜਪਾ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਵਿਜੇਂਦਰ ਗੁਪਤਾ ਸਣੇ ਪ੍ਰੋ. ਵਿਜੈ ਕੁਮਾਰ ਮਲਹੋਤਰਾ, ਮਦਨ ਲਾਲ ਖੁਰਾਨਾ, ਆਦਿ) ਨੇ ਰੋਸ ਮੁਜ਼ਾਹਰਾ ਕੀਤਾ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਮਦਨ ਲਾਲ ਖੁਰਾਣਾ ਨੇ ਕਿਹਾ ਕਿ 'ਦਿੱਲੀ ਸਰਕਾਰ ਨੇ ਪੂਰੀ ਦਿੱਲੀ 'ਚ 24 ਘੰਟੇ ਪਾਣੀ ਮੁਹੱਈਆ ਕਰਵਾਉਣ ਦੇ ਨਾਂ 'ਤੇ 5 ਕਰੋੜ ਡਾਲਰ ਦਾ ਕਰਜ਼ ਮਤਾ ਸੰਸਾਰ ਬੈਂਕ ਨੂੰ ਭੇਜਿਆ ਹੈ ਅਤੇ ਜੇਕਰ ਇਹ ਕਰਜ਼ ਮਨਜੂਰ ਹੋ ਜਾਂਦਾ ਹੈ ਤਾਂ ਦਿੱਲੀ 'ਚ ਜਲ-ਸਪਲਾਈ ਲਈ ਬਹੁਕੌਮੀ ਕੰਪਨੀਆਂ ਦਾ ਰਾਹ ਖੁੱਲ੍ਹ ਜਾਵੇਗਾ।' ਪਾਣੀ ਦੇ ਨਿਜੀਕਰਨ ਦਾ ਵਰਤਾਰਾ ਸਿਰਫ਼ ਦਿੱਲੀ ਦੀ ਨਹੀਂ ਸਗੋਂ ਪੂਰੇ ਦੇਸ਼ 'ਚ ਇੱਕ ਪ੍ਰਵਿਰਤੀ ਦੇ ਰੂਪ 'ਚ ਮੂਹਰੇ ਆ ਰਿਹਾ ਹੈ। ਮੱਧਪ੍ਰਦੇਸ਼, ਤਾਮਿਲਨਾਡੂ, ਕੇਰਲ, ਬੰਗਾਲ, ਮਹਾਂਰਾਸ਼ਟਰ ਕੋਈ ਵੀ ਇਸ ਤੋਂ ਅਛੂਤਾ ਨਹੀਂ ਹੈ। ਜਿਹੜੀਆਂ ਪਾਰਟੀਆਂ ਦਿੱਲੀ 'ਚ ਵਿਰੋਧ ਕਰ ਰਹੀਆਂ ਹਨ, ਉਹਨਾਂ ਸੂਬਿਆਂ 'ਚ ਜਿੱਥੇ ਉਹਨਾਂ ਦੀਆਂ ਸਰਕਾਰਾਂ ਹਨ, ਉਹ ਵੀ ਪਾਣੀ ਦੇ ਨਿਜੀਕਰਨ ਤੋਂ ਪਰਹੇਜ ਨਹੀਂ ਕਰ ਰਹੀਆਂ। ਅੱਜ ਇਹ ਇੱਕ ਕੌੜਾ ਸੱਚ ਹੈ ਕਿ ਭਾਰਤ ਦੀ ਵੱਧ ਤੋਂ ਵੱਧ ਵਸੋਂ ਪੀਣ ਵਾਲ਼ੇ ਪਾਣੀ ਦੇ ਗੰਭੀਰ ਸੰਕਟ ਤੋਂ ਗੁਜ਼ਰ ਰਹੀ ਹੈ। ਪੀਣ ਵਾਲ਼ੇ ਪਾਣੀ ਦੇ ਸਤਹੀ ਅਤੇ ਭੂ-ਗਰਭ ਸਰੋਤ ਅੱਜ ਪ੍ਰਦੂਸ਼ਿਤ ਹੋ ਚੁੱਕੇ ਹਨ ਅਤੇ ਲੋਕ ਦੂਸ਼ਿਤ ਪਾਣੀ ਪੀਣ ਲਈ ਮਜ਼ਬੂਰ ਹਨ। ਇੱਕ ਪਾਸੇ ਜਿੱਥੇ ਸਰਕਾਰੀ ਅੰਕੜੇ ਪਾਣੀ ਦੀ ਇਸ ਥੋੜ੍ਹ ਦੀ ਵਜ੍ਹਾ ਦੇਸ਼ ਦੇ ਪਾਣੀ ਦੇ ਸਰੋਤ ਦੀ ਕਮੀ ਨੂੰ ਦੱਸ ਰਹੇ ਹਨ, ਉੱਥੇ ਕੁਝ ਲੋਕ ਪਾਣੀ ਦੀ ਨਾਕਾਫ਼ੀ ਮੌਜੂਦਗੀ ਪਿੱਛੇ ਆਮ ਲੋਕਾਂ ਦੀ ਪਾਣੀ ਪ੍ਰਤੀ ਚੇਤਨਾ ਦੀ ਕਮੀ ਅਤੇ ਘਰੇਲੂ ਵਰਤੋਂ ਦੇ ਪਾਣੀ ਦੇ ਕੂੜਾ ਕਰਕਟ ਨੂੰ ਪਾਣੀ ਪ੍ਰਦੂਸ਼ਣ ਦੇ ਪ੍ਰਮੁੱਖ ਕਾਰਨ ਦੇ ਰੂਪ 'ਚ ਪੇਸ਼ ਕਰ ਰਹੇ ਹਨ। ਸਭ ਲਈ ਪਾਣੀ ਦੀ ਪੂਰਤੀ ਅਸਾਨ ਕਰਨ ਲਈ ਸਰਕਾਰਾਂ ਨਿਜੀ ਹਿੱਸੇਦਾਰੀ ਨੂੰ ਜ਼ਰੂਰੀ ਦੱਸ ਰਹੀਆਂ ਹਨ। ਅਜਿਹੀ ਹਾਲਤ 'ਚ ਪੀਣ ਦੇ ਪਾਣੀ ਦੀ ਮੌਜੂਦਾ ਹਾਲਤ, ਪ੍ਰਦੂਸ਼ਣ ਦੇ ਬੁਨਿਆਦੀ ਕਾਰਨ, ਜਲ ਸਰੋਤ ਦੀ ਕਮੀ ਦਾ ਮਿੱਥ, ਜਲ ਉਪਲੱਬਧਤਾ ਦੀ ਜ਼ਿੰਮੇਦਾਰੀ ਤੇ ਭਾਰਤੀ ਪੂੰਜੀਵਾਦੀ ਪ੍ਰਬੰਧ 'ਚ ਕੋਈ ਜਵਾਬਦੇਹੀ ਨਾ ਹੋਣਾ, ਸੰਵਿਧਾਨਕ ਇਬਾਰਤਾਂ ਅਤੇ ਪੀਣ ਵਾਲ਼ੇ ਪਾਣੀ ਦਾ ਹੱਕ ਆਦਿ ਅਨੇਕਾਂ ਬਿੰਦੂ ਹਨ ਜਿਹੜੇ ਪਾਣੀ ਦੇ ਨਿਜੀਕਰਨ ਦੇ ਪੂਰੇ ਵਰਤਾਰੇ ਨੂੰ ਸਮਝਣ ਲਈ ਚਰਚਾ ਦੀ ਮੰਗ ਕਰਦੇ ਹਨ।

ਦੇਸ਼ 'ਚ ਦੂਸ਼ਿਤ ਅਤੇ ਨਾਕਾਫ਼ੀ ਪਾਣੀ ਦਾ ਪ੍ਰਭਾਵ ਮਹਾਮਾਰੀ ਦੀ ਹੱਦ ਤੱਕ ਭਿਅੰਕਰ ਹੈ। ਇੱਕ ਅਨੁਮਾਨ ਅਨੁਸਾਰ ਲਗਭਗ 377 ਲੱਖ ਭਾਰਤੀ ਹਰ ਸਾਲ ਪਾਣੀ ਨਾਲ਼ ਸਬੰਧਿਤ ਬੀਮਾਰੀਆਂ ਤੋਂ ਪ੍ਰਭਾਵਿਤ ਹੁੰਦੇ ਹਨ। ਕੇਵਲ ਡਾਇਰੀਆ ਕਾਰਨ

15 ਲੱਖ ਬੱਚੇ ਮਰ ਜਾਂਦੇ ਹਨ ਅਤੇ 730 ਲੱਖ ਕੰਮ ਦਿਹਾੜੀਆਂ ਦਾ ਨੁਕਸਾਨ ਪ੍ਰਤੀ ਵਰ੍ਹੇ ਬੀਮਾਰੀਆਂ ਕਰਕੇ ਹੁੰਦਾ ਹੈ। ਰਸਾਇਣਕ ਰੂਪ ਨਾਲ਼ ਪ੍ਰਦੂਸ਼ਿਤ ਪਾਣੀ ਦੇਸ਼ ਦੇ 1,95,813 ਘਰਾਂ ਨੂੰ ਪਾਣੀ ਦੀ ਖਰਾਬ ਕੁਆਲਟੀ ਕਰਕੇ ਪ੍ਰਭਾਵਿਤ ਕਰਦਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਵਰ੍ਹੇ 2005 'ਚ ਸਰਵੇਖਣ ਅਨੁਸਾਰ ਪੀਣ ਵਾਲ਼ੇ ਪਾਣੀ 'ਚ ਜੈਵਿਕ ਪ੍ਰਦੂਸ਼ਣ ਵੱਧ ਤੋਂ ਵੱਧ ਮਿਕਦਾਰ 'ਚ ਮੌਜੂਦ ਹੈ। 66 ਫ਼ੀਸਦੀ ਨਮੂਨਿਆਂ 'ਚ ਬਾਇਓ-ਆਕਸੀਜ਼ਨ-ਮੰਗ ਪ੍ਰਵਾਣਯੋਗ ਹੱਦ ਤੋਂ ਵੱਧ ਪਾਈ ਗਈ, 44 ਫੀਸਦੀ ਨਮੂਨਿਆਂ 'ਚ ਕੋਲੀਫਾਰਮ (coliform) ਦੀ ਮੌਜੂਦਗੀ ਪਾਈ ਗਈ ਜਦੋਂ ਕਿ ਪਾਣੀ 'ਚ ਕੋਲੀਫਾਰਮ ਦੀ ਮੌਜੂਦਗੀ ਜ਼ੀਰੋ ਹੋਣੀ ਚਾਹੀਦੀ ਹੈ। ਸੰਸਾਰ ਬੈਂਕ ਦੇ ਇੱਕ ਅਨੁਮਾਨ ਅਨੁਸਾਰ ਭਾਰਤ 'ਚ ਹਰ ਵਰ੍ਹੇ ਵਾਤਾਵਰਣ ਵਿਨਾਸ਼ ਦੀ ਕੀਮਤ 9.7 ਅਰਬ ਡਾਲਰ ਹੈ ਜਿਹੜੀ ਕੁੱਲ ਘਰੇਲੂ ਉਤਪਾਦ ਦਾ 4.5 ਫ਼ੀਸਦੀ ਹੈ। ਦੇਸ਼ ਦੀਆਂ 59 ਫੀਸਦੀ ਸਿਹਤ ਸਮੱਸਿਆਵਾਂ ਦਾ ਕਾਰਨ ਦੂਸ਼ਿਤ ਪਾਣੀ ਹੈ। ਜਿੱਥੇ ਅੱਜ ਦੇਸ਼ ਨੂੰ ਸੰਸਾਰ ਦੀ ਮਹਾਂ-ਤਾਕਤ ਬਣਨ ਦੇ ਰੂਪ 'ਚ ਪ੍ਰਚਾਰਿਆ ਜਾ ਰਿਹਾ ਹੈ ਤਾਂ ਦੂਜੇ ਪਾਸੇ ਅੱਜ ਵੀ ਦੇਸ਼ ਦੀ 18.2 ਫੀਸਦੀ ਵਸੋਂ ਛੱਪੜ, ਤਲਾਬਾਂ ਅਤੇ ਝੀਲਾਂ ਤੋਂ ਪਾਣੀ ਹਾਸਲ ਕਰਦੀ ਹੈ। ਦੇਸ਼ ਦੀ 5.6 ਫੀਸਦੀ ਵਸੋਂ ਖੂਹਾਂ ਦੇ ਪਾਣੀ 'ਤੇ ਨਿਰਭਰ ਹੈ। ਪਤਾ ਹੋਵੇ ਕਿ ਦੇਸ਼ ਦਾ ਕੁਦਰਤੀ ਜਲ ਸਰੋਤ ਖਤਰੇ ਦੀ ਹੱਦ ਤੱਕ ਦੂਸ਼ਿਤ ਹੈ। ਅਖੌਤੀ ਵਿਕਾਸਸ਼ੀਲ ਅਤੇ ਸ਼ਾਈਨਿੰਗ ਇੰਡੀਆ ਦਾ ਇੱਕ ਚਿਹਰਾ ਇਹ ਵੀ ਹੈ ਕਿ ਸ਼ਹਿਰੀ ਇਲਾਕਿਆਂ 'ਚ ਝੁੱਗੀ ਬਸਤੀਆਂ ਅਤੇ ਛੋਟੀਆਂ ਕਲੋਨੀਆਂ 'ਚ ਰਹਿਣ ਵਾਲ਼ੀ ਵਸੋਂ ਦਾ 61 ਫੀਸਦੀ ਹਿੱਸਾ ਟਾਇਲਟ ਲਈ ਖੁੱਲੀਆਂ ਥਾਵਾਂ ਦੀ ਵਰਤੋਂ ਕਰਦਾ ਹੈ ਅਤੇ 58 ਫੀਸਦੀ ਸ਼ਹਿਰੀ ਲੋਕਾਂ ਕੋਲ਼ ਬੁਨਿਆਦੀ ਟਾਇਲਟ ਅਤੇ ਸਫ਼ਾਈ ਸਹੂਲਤਾਂ ਦੀ ਕਮੀ ਹੈ।

ਭਾਰਤ ਦੇ ਵਿਕਾਸ ਅਤੇ ਵਧਦੀ ਪ੍ਰਤੀ ਵਿਅਕਤੀ ਆਮਦਨ ਦੀ ਤਰ੍ਹਾਂ ਪਾਣੀ ਦੇ ਅੰਕੜਿਆਂ ਦੀ ਤਸਵੀਰ ਵੀ ਧੋਖਾ ਹੈ। ਇਸਦੀ ਪ੍ਰਤੱਖ ਮਿਸਾਲ ਰਾਜਧਾਨੀ ਦਿੱਲੀ ਹੈ। 1998 'ਚ ਇੱਕ ਰਿਪੋਰਟ ਅਨੁਸਾਰ ਔਸਤ ਪ੍ਰਤੀ ਵਿਅਕਤੀ ਘਰੇਲੂ ਪਾਣੀ ਦੀ ਉਪਲਬਧਤਾ 200 ਲੀਟਰ ਹੈ ਜਦੋਂਕਿ ਸ਼ਹਿਰ ਦੇ 30 ਫ਼ੀਸਦੀ ਲੋਕਾਂ ਨੂੰ 25 ਲੀਟਰ ਤੋਂ ਘੱਟ ਪਾਣੀ ਹਾਸਲ ਹੁੰਦਾ ਹੈ। ਕੁਦਰਤੀ ਸਰੋਤਾਂ ਦੀ ਵੰਡ 'ਚ ਨਾ-ਬਰਾਬਰੀ ਜਮਾਤੀ ਸਮਾਜ ਦੀ ਲਖਣਾਇਕਤਾ ਹੈ। ਰਾਜਧਾਨੀ ਦੀ ਦੋ-ਤਿਹਾਈ ਵਸੋਂ ਸਰਕਾਰੀ ਜਲ-ਸਪਲਾਈ ਦਾ ਸਿਰਫ਼ 5 ਫ਼ੀਸਦੀ ਹੀ ਹਾਸਲ ਕਰਦੀ ਹੈ, ਦੂਜੇ ਪਾਸੇ ਦਿੱਲੀ ਦੇ ਲੁਟੀਅਨ ਜ਼ੋਨ 'ਚ 400-500 ਲੀਟਰ ਪ੍ਰਤੀਵਿਅਕਤੀ ਪ੍ਰਤੀਦਿਨ ਪਾਣੀ ਹਾਸਲ ਹੁੰਦਾ ਹੈ। ਜਿੱਥੇ ਇੱਕ ਪਾਸੇ ਉੱਚਵਰਗ ਨੂੰ ਕਾਰਾਂ ਨੂੰ ਧੌਣ, ਸਾਫ਼ ਕਰਨ ਲਈ ਵੀ ਪਾਣੀ ਦੀ ਕਦੇ ਕਮੀ ਨਹੀਂ ਹੁੰਦੀ, ਉੱਥੇ ਦਿਲੀ ਦੀ 1600 ਅਣਅਧਿਕਾਰਤ ਕਲੋਨੀਆਂ ਅਤੇ 1100 ਬਸਤੀਆਂ ਅੱਜ ਵੀ ਟੂਟੀ ਦੇ ਪਾਣੀ ਦੀ ਉਡੀਕ ਕਰ ਰਹੀਆਂ ਹਨ। ਹੋਰ ਖੇਤਰਾਂ 'ਚੋਂ ਦੀ ਜਾਣ ਵਾਲ਼ੀ ਸਰਕਾਰੀ ਛੋਟ ਦੀ ਤਰ੍ਹਾਂ 'ਤੇ ਪਾਣੀ ਦੀ ਛੋਟ ਦਾ ਸਭ ਤੋਂ ਵੱਡਾ ਹਿੱਸਾ ਵੀ ਦੇਸ਼ ਦੇ ਧਨਾਢਾਂ ਨੂੰ ਹੀ ਮਿਲ਼ ਰਿਹਾ ਹੈ। ਦਿੱਲੀ ਦੇ ਟੈਂਕਰ ਮਾਫ਼ੀਆ ਦਾ ਜਾਲ਼ ਇਸ ਤਰ੍ਹਾਂ ਫੈਲਿਆ ਹੈ ਕਿ ਕਲੋਨੀਆਂ 'ਚ ਪਾਣੀ ਸਪਲਾਈ ਛੋਟੇ ਲੀਡਰਾਂ, ਨਿਗਮ ਕੌਂਸਲਰਾਂ ਅਤੇ ਉਨ੍ਹਾਂ ਦੇ ਚਮਚਿਆਂ ਤੱਕ ਸੀਮਤ ਰਹਿ ਜਾਂਦਾ ਹੈ। ਬੱਚਿਆਂ, ਔਰਤਾਂ ਦਾ ਇੱਕ ਵੱਡਾ ਹਿੱਸਾ ਅੱਜ ਵੀ ਡੱਬੇ ਲੈ ਕੇ ਲਾਈਨਾਂ 'ਚ ਲੱਗਿਆ ਦੇਖਿਆ ਜਾ ਸਕਦਾ ਹੈ। ਹਜ਼ਾਰਾਂ ਲੋਕਾਂ ਲਈ ਇੱਕ ਟੈਂਕਰ ਪਾਣੀ ਸਰਕਾਰ ਦੀ ਸੰਵੇਦਨਹੀਨਤਾ ਨੂੰ ਦਰਸਾਉਂਦਾ ਹੈ। ਦੇਸ਼ 'ਚ ਬੱਚਿਆਂ ਲਈ ਸਿੱਖਿਆ ਨੂੰ ਮਹਿਜ਼ ਕਾਗਜ਼ੀ ਹੱਕ ਬਣਾਉਣ ਵਾਲ਼ੀ ਸਰਕਾਰ ਮਹਾਂਰਾਸ਼ਟਰ ਦੇ 31 ਫ਼ੀਸਦੀ ਸਕੂਲਾਂ 'ਚ ਪੀਣ ਵਾਲ਼ੇ ਪਾਣੀ ਦੀ ਸੁਵਿਧਾ ਤੱਕ ਨਹੀਂ ਦੇ ਪਾ ਰਹੀ ਹੈ।

ਉਪਰੋਕਤ ਅੰਕੜੇ ਇਹ ਦੱਸਦੇ ਹਨ ਕਿ ਇਸ ਦੇਸ਼ ਦੇ ਪ੍ਰਬੰਧ ਨੇ ਆਮ ਲੋਕਾਂ ਦੇ ਜੀਵਨ ਰੱਖਿਅਕ ਪਾਣੀ ਦੇ ਬੁਨਿਆਦੀ ਹੱਕ ਤੋਂ ਕਿਸ ਤਰ੍ਹਾਂ ਮੂੰਹ ਮੋੜ ਰੱਖਿਆ ਹੈ। ਇੱਕ ਪਾਸੇ ਜਿੱਥੇ ਅਜ਼ਾਦੀ ਸਮੇਂ ਦੇਸ਼ ਦੇ ਸਾਰੇ ਜਲ-ਸਰੋਤ ਸਾਫ਼ ਸਨ, ਅੱਜ ਉਹ ਪ੍ਰਦੂਸ਼ਿਤ ਹੋ ਚੁੱਕੇ ਹਨ। ਜਲ ਪ੍ਰਦੂਸ਼ਣ ਲਈ ਵੀ ਕੁਦਰਤੀ ਵਿਨਾਸ਼ ਅਤੇ ਵਾਤਾਵਰਣ ਦੇ ਵਿਨਾਸ਼ ਦੇ ਸਾਰੇ ਕਾਰਨਾਂ ਦੀ ਤਰ੍ਹਾਂ ਹਾਕਮ ਜਮਾਤ ਸਾਰੇ ਲੋਕਾਂ ਨੂੰ ਜ਼ਿੰਮੇਦਾਰ ਠਹਿਰਾਉਂਦੀ ਹੈ। ਪਰ ਸੱਚਾਈ ਉਸ ਤੋਂ ਵੱਖ ਹੈ।

ਦੇਸ਼ ਦੀਆਂ 12 ਵੱਡੀਆਂ, 46 ਮੱਧ ਅਤੇ 55 ਛੋਟੀਆਂ ਨਦੀਆਂ ਦੇ ਬੇਸਿਨ ਹਨ। ਅਜ਼ਾਦੀ ਤੱਕ ਇਹਨਾਂ ਨਦੀਆਂ ਦੇ ਹਾਲਾਤ ਠੀਕ ਸਨ ਪਰ ਅੱਜ ਇਹ ਗੰਦੇ ਹੋ ਚੁੱਕੇ ਹਨ। 'ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ' ਨੇ ਦੇਸ਼ ਦੇ 16 ਸੂਬਿਆਂ ਦੇ 22 ਸਥਾਨਾਂ ਦਾ ਸਰਵੇਖਣ ਕੀਤਾ। ਸਰਵੇਖਣ ਰਿਪੋਰਟ 'ਚ ਕਿਹਾ ਗਿਆ ਕਿ ਸਨਅਤੀ ਵਹਾਅ ਕਰਕੇ ਭੂ-ਜਲ ਪ੍ਰਦੂਸ਼ਿਤ ਹੋ ਗਿਆ ਹੈ। ਸ਼ੀਸ਼ਾ, ਕੇਡਮਿਅਮ, ਜ਼ਿੰਕ, ਮਰਕਰੀ ਦੀ ਵੱਧ ਤੋਂ ਵੱਧ ਮਿਕਦਾਰ ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ, ਦਿੱਲੀ, ਹਰਿਆਣਾ ਅਤੇ ਹੋਰ ਸੂਬਿਆਂ 'ਚ ਮਿਲੀ। ਸ਼ਹਿਰਾਂ 'ਚ ਇੱਕਠਾ ਸੀਵਰ ਦਾ ਲਗਭਗ 50 ਫੀਸਦੀ ਹਿੱਸਾ ਬਿਨਾਂ ਸਫ਼ਾਈ ਕੀਤਿਆਂ ਨਦੀਆਂ 'ਚ ਛੱਡ ਦਿੱਤਾ ਜਾਂਦਾ ਹੈ। ਪਤਾ ਹੋਵੇ ਕਿ ਸੀਵਰ ਸਫਾਈ ਦੀ ਜਿੰਮੇਵਾਰੀ ਅਤੇ ਜਲ ਸਰੋਤਾਂ ਨੂੰ ਠੀਕ ਰੱਖਣਾ ਰਾਜ ਦਾ ਫਰਜ ਹੈ। ਪਰ ਖੁਦ ਰਾਜ ਇਸਦੀ ਅਣਦੇਖੀ ਕਰਦਾ ਹੈ। ਲੋਕਾਂ ਦੀ ਜਲ ਜਾਗਰੂਕਤਾ ਦੀ ਕਮੀ ਨੂੰ ਜਲ ਪ੍ਰਦੂਸ਼ਣ ਦੇ ਇੱਕ ਕਾਰਨ ਵਜੋਂ ਸਰਮਾਏਦਾਰੀ ਮੀਡੀਆ ਅਤੇ ਸਰਕਾਰ ਪ੍ਰਚਾਰਦੀ ਰਹਿੰਦੀ ਹੈ। ਪਰ ਸਨਅਤਾਂ ਦੇ 307,292 ਲੱਖ ਘਣ ਮੀਟਰ ਪਾਣੀ ਵਹਾਅ ਨੂੰ ਸਿੱਧੇ ਜਲ ਸਰੋਤਾਂ 'ਚ ਛੱਡ ਦਿੱਤਾ ਜਾਂਦਾ ਹੈ। ਉੱਤਰੀ ਅਮਰਕੋਟ ਜਿਲ੍ਹੇ (ਤਾਮਿਲਨਾਡੂ) ਦੀ ਚਮੜਾ ਸਨਅਤ, ਪਾਣੀਪਤ ਅਤੇ ਸੋਨੀਪਤ (ਹਰਿਆਣਾ), ਪਾਲੀ ਅਤੇ ਜੋਧਪੁਰ (ਰਾਜਸਥਾਨ), ਰਾਜਕੋਟ ਅਤੇ ਜੈਤਪੁਰ (ਗੁਜਰਾਤ) ਦੀ ਰੰਗਾਈ ਸਨਅਤ ਉੱਥੇ ਦੇ ਭੂ-ਜਲ ਨੂੰ ਦੂਸ਼ਿਤ ਕਰਦੀ ਹੈ। ਵਾਤਾਵਰਣ 'ਚ ਸਨਅਤੀ ਕੂੜੇ ਕਰਕਟ ਅਤੇ ਕਚਰੇ ਨੂੰ ਛੱਡਣ ਤੋਂ ਪਹਿਲਾਂ ਹਰੇਕ ਸਨਅਤੀ ਇਕਾਈ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਕਚਰੇ ਅਤੇ ਕੂੜੇ ਕਰਕਟ ਦਾ ਉਪਚਾਰ ਕਰ ਉਸਦੇ

ਪ੍ਰਦੂਸ਼ਣ ਨੂੰ ਤੈਅ ਮਾਨਕ 'ਚ ਲਿਆ ਕੇ ਹੀ ਉਸ ਨੂੰ ਛੱਡਣ। ਪਰ ਸਨਅਤਕਾਰ ਅਜਿਹਾ ਨਹੀਂ ਕਰਦੇ। ਅੱਜ ਸਨਅਤਕਾਰਾਂ ਅਤੇ ਸਰਮਾਏਦਾਰਾਂ ਦੇ ਮੁਨਾਫ਼ੇ ਦੀ ਇਸ ਹਵਸ ਦੀ ਕੀਮਤ ਪ੍ਰਦੂਸ਼ਿਤ ਪਾਣੀ ਦੇ ਰੂਪ 'ਚ ਦੇਸ਼ ਦੇ ਲੋਕਾਂ ਨੂੰ ਚੁਕਾਉਣੀ ਪੈਂਦੀ ਹੈ। ਰੁੱਖਾਂ ਅਤੇ ਜੰਗਲਾਂ ਦੀ ਬੇਰਹਿਮੀ ਨਾਲ਼ ਕਟਾਈ, ਮੁਨਾਫ਼ੇ ਲਈ ਅੰਨ੍ਹਾਂ ਸਨਅਤੀਕਰਨ, ਪਹਾੜਾਂ ਦੀ ਖੁਦਾਈ ਨਾਲ਼ ਇਸ ਦੇਸ਼ ਦੇ ਵਾਤਾਵਰਣ ਨੂੰ ਕੌਣ ਬਰਬਾਦ ਕਰ ਰਿਹਾ ਹੈ ? ਇਸ ਦੇਸ਼ ਦਾ ਆਮ ਕਿਰਤੀ ਜਾਂ ਪੂੰਜੀ ਦੀ ਚਕਾਚੌਂਧ 'ਚ ਅੰਨ੍ਹੀਂ ਮਨੁੱਖਦੋਖੀ ਸਰਮਾਏਦਾਰ ਜਮਾਤ ? ਇਹ ਸਹਿਜ ਹੀ ਸਮਝਿਆ ਜਾ ਸਕਦਾ ਹੈ।

ਜਲ ਸੰਕਟ ਦਾ ਇੱਕ ਕਾਰਨ ਜਲ ਦੀ ਵੰਡ ਦੇ ਅਸਾਵੇਂਪਣ ਅਤੇ ਕੁਝ ਇਲਾਕਿਆਂ 'ਚ ਵਰਖਾ ਜਲ ਦੀ ਕਮੀ ਦੱਸਿਆ ਜਾਂਦਾ ਹੈ। ਪਰ ਦੇਸ਼ ਦੇ ਸਭ ਤੋਂ ਵੱਧ ਵਰਖਾ ਵਾਲ਼ੇ ਉੱਤਰ ਪੂਰਬੀ ਹਿੱਸਿਆਂ ਦੀ ਵਸੋਂ ਵੀ ਪੀਣ ਵਾਲ਼ੇ ਪਾਣੀ ਦੇ ਸੰਕਟ ਨਾਲ਼ ਜੂਝ ਰਹੀ ਹੈ, ਜਿਸਦੀ ਇੱਕ ਉਦਾਹਰਣ ਅਸਾਮ ਹੈ। ਦੇਸ਼ ਦੇ ਸਾਰਿਆਂ ਹਿੱਸਿਆਂ 'ਚ ਭੂ-ਜਲ ਦਾ ਪੱਧਰ ਲਗਾਤਾਰ ਹੇਠਾਂ ਡਿੱਗਦਾ ਜਾ ਰਿਹਾ ਹੈ। ਇਸਦਾ ਪ੍ਰਮੁੱਖ ਕਾਰਨ ਸਨਅਤਕਾਰਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਉਹਨਾਂ ਨੂੰ ਮੁਫ਼ਤ ਜਾਂ ਲਗਭਗ ਮੁਫ਼ਤ ਪਾਣੀ ਦੀ ਖਪਤ ਦੀ ਅਜ਼ਾਦੀ ਦੇਣਾ ਹੈ। ਉੱਤਰ ਪ੍ਰਦੇਸ਼ ਦੇ ਜੌਨਪੁਰ 'ਚ ਸਤਹਰਿਆ 'ਚ ਪੇਪਸੀ ਦਾ ਬਾਟਲਿੰਗ ਪਲਾਂਟ ਇਸਦੀ ਇੱਕ ਪ੍ਰਤੱਖ ਉਦਾਹਰਣ ਹੈ। ਪਾਣੀ ਦੀ ਅਨ੍ਹੇਵਾਹ ਵਰਤੋਂ ਨਾਲ਼ ਇਲਾਕੇ 'ਚ ਸਿੰਜਾਈ ਅਤੇ ਪੀਣ ਦੇ ਪਾਣੀ ਦਾ ਸੰਕਟ ਪੈਦਾ ਹੋ ਗਿਆ ਹੈ ਅਤੇ ਨਾਲ਼ ਦੀ ਸਈ ਨਦੀ ਸੁੱਕ ਗਈ ਹੈ। ਮਹਾਂਨਗਰਾਂ 'ਚ ਹੋਣ ਵਾਲ਼ੇ ਉਸਾਰੀ ਕਾਰਜਾਂ ਅਤੇ ਪ੍ਰਾਜੈਕਟਾਂ 'ਚ ਜ਼ਮੀਨ ਦੇ ਹੇਠਾਂ ਕੰਮ ਕਰਦੇ ਸਮੇਂ ਪਾਣੀ ਪੰਪ ਰਾਹੀਂ ਕੱਢ ਦਿੱਤਾ ਜਾਂਦਾ ਹੈ ਅਤੇ ਉਸਨੂੰ ਨਾਲ਼ੇ 'ਚ ਪਾ ਦਿੱਤਾ ਜਾਂਦਾ ਹੈ। ਦਿੱਲੀ ਮੈਟਰੋ ਨੂੰ ਜਿੱਥੇ ਇੱਕ ਪਾਸੇ ਦਿੱਲੀ ਦੀ ਸ਼ਾਨ ਦੇ ਰੂਪ 'ਚ ਪੇਸ਼ ਕੀਤਾ ਜਾਂਦਾ ਹੈ ਉੱਥੇ ਇੱਕ ਪੱਖ ਇਹ ਵੀ ਹੈ ਕਿ ਠੇਕਾ ਕੰਪਨੀਆਂ ਨੇ ਸਾਲਾਂਬੱਧੀ ਲਗਾਤਾਰ ਭੂ-ਜਲ ਕੱਢ ਕੇ ਸੀਵਰ ਅਤੇ ਵਰਖਾ ਪਾਣੀ ਪਾਈਪਾਂ 'ਚ ਵਹਾ ਕੇ ਦਿੱਲੀ ਦੇ ਭੂ-ਜਲ ਪੱਧਰ ਨੂੰ ਕਾਫ਼ੀ ਘੱਟ ਕਰ ਦਿੱਤਾ। ਭਾਰਤੀ ਖੇਤੀ 'ਚ ਸਰਮਾਏ ਦੇ ਵਿਸਥਾਰ ਨੇ ਖੇਤੀ ਖੇਤਰ ਨੂੰ ਮੁਨਾਫ਼ੇ ਨਾਲ਼ ਜੋੜ ਦਿੱਤਾ ਹੈ। ਵੱਡੇ ਫਾਰਮਰਾਂ ਰਾਹੀਂ ਜਿੱਥੇ ਇੱਕ ਪਾਸੇ ਖੇਤ ਮਜ਼ਦੂਰਾਂ ਦੀ ਅਨ੍ਹੇਵਾਹ ਲੁੱਟ ਕੀਤੀ ਜਾਂਦੀ ਹੈ, ਉੱਥੇ ਦੂਜੇ ਪਾਸੇ ਸਬਜ਼ੀਆਂ ਤੋਂ ਲੈ ਕੇ ਅਨਾਜ ਤੱਕ 'ਚ ਸਾਰੇ ਖਤਰਨਾਕ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਹੜੀ ਪੂਰੇ ਸਮਾਜ ਦੇ ਪੋਸ਼ਟਿਕ ਭੋਜਨ ਨੂੰ ਦੂਸ਼ਿਤ ਕਰ ਰਹੀ ਹੈ। ਇਹ ਰਸਾਇਣਾਂ ਦੀ ਵਰਤੋਂ ਵੀ ਘੱਟ ਤੋਂ ਘੱਟ 'ਚ ਹੀ ਸਹੀ, ਮੁਨਾਫ਼ਾ ਅਧਾਰਿਤ ਪ੍ਰਬੰਧ 'ਚ ਜਲ ਪ੍ਰਦੂਸ਼ਣ ਦੀ ਵਜ੍ਹਾ ਹੈ। ਪਰ ਪ੍ਰਮੁੱਖ ਕਾਰਨ ਸਨਅਤੀ ਪ੍ਰਦੂਸ਼ਣ ਹੀ ਹੈ। ਪੀਣ ਵਾਲ਼ੇ ਪਾਣੀ ਦੀ ਸਮੱਸਿਆ ਦੇ ਸਬੰਧ ਪ੍ਰਦੂਸ਼ਿਤ ਜਲ ਸਰੋਤਾਂ ਅਤੇ ਜਲ ਦੀ ਅੱਤ ਵਰਤੋਂ ਨਾਲ਼ ਜੁੜਿਆ ਹੈ। ਵਾਤਾਵਰਣ ਕੰਟਰੋਲ ਦੇ ਸਾਰੇ ਨਿਰਦੇਸ਼ਾਂ ਅਤੇ ਕਾਰਖਾਨਾ ਅਧਿਨਿਯਮ ਅਧੀਨ ਵਾਤਾਵਰਣ ਮਾਪਦੰਡ ਨੂੰ ਬਣਾਈ ਰੱਖਣ ਦੀ ਜ਼ਿੰਮੇਦਾਰੀ ਕਾਰਖਾਨਾ ਮਾਲਕ ਦੀ ਹੈ। ਸਵਾਲ ਭਾਂਵੇਂ ਹਵਾ ਪ੍ਰਦੂਸ਼ਣ ਦਾ ਹੋਵੇ ਜਾਂ ਜਲ ਨਿਪਟਾਰੇ ਦਾ, ਅਵਾਜ਼ ਪ੍ਰਦੂਸ਼ਣ ਜਾਂ ਕਾਰਜ ਸਥਿਤੀਆਂ ਅਤੇ ਵਾਤਾਵਰਣ ਦੇ ਮਨੁੱਖੀ ਸੁਲਭ ਹੋਣ ਦੀ ਇਹ ਜ਼ਿੰਮੇਵਾਰੀ ਸਨਅਤ ਦੇ ਮਾਲਕ ਦੀ ਹੈ। ਪਰ ਸਰਮਾਏ ਦੇ ਚਾਕਰਾਂ ਨੂੰ ਇਹਨਾਂ ਸਭ ਤੋਂ ਕੋਈ ਮਤਲਬ ਨਹੀਂ ਕਿਉਂਕਿ ਪ੍ਰਦੂਸ਼ਣ ਨੂੰ ਕੰਟਰੋਲ ਕਰਨਾ ਅਤੇ ਉਹਨਾਂ ਨੂੰ ਤੈਅ ਮਾਪਦੰਡਾਂ ਅੰਦਰ ਰੱਖਣਾ ਉਹਨਾਂ ਦੀ ਉਤਪਾਦਨ ਲਾਗਤ ਨੂੰ ਵਧਾਉਂਦਾ ਹੈ ਅਤੇ ਮੁਨਾਫ਼ੇ ਦੀ ਦਰ ਨੂੰ ਘੱਟ ਕਰਦਾ ਹੈ। ਅਜਿਹਾ ਨਹੀਂ ਹੈ ਕਿ ਸਰਮਾਏਦਾਰੀ ਪ੍ਰਬੰਧ ਦੀ ਨੁਮਾਇੰਦਾ ਸੰਸਥਾ ਸੰਸਦ ਨੂੰ ਇਸਦਾ ਪਤਾ ਨਹੀਂ ਹੁੰਦਾ, ਸਗੋਂ ਲੁੱਟ 'ਤੇ ਅਧਾਰਿਤ ਇਸ ਪ੍ਰਬੰਧ 'ਚ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਖੁਦ ਵੀ ਇਸ ਨਾਲ਼ ਗੂੜ੍ਹੀ ਤਰ੍ਹਾਂ ਨਾੜੂਏ ਦਾ ਰਿਸ਼ਤਾ ਰੱਖਦੀਆਂ ਹਨ। ਆਓ ਇੱਕ ਨਜ਼ਰ ਭਾਰਤੀ ਹਾਕਮ ਜਮਾਤ ਦੇ ਲੋਕਾਂ ਨੂੰ ਪੀਣ ਦਾ ਪਾਣੀ ਉਪਲਬਧ ਕਰਵਾਉਣ ਤੋਂ ਮੁਕਰਣ ਦੇ ਇਤਿਹਾਸ 'ਤੇ ਮਾਰੀਏ।

1949 'ਚ ਵਾਤਾਵਰਣ ਸਿਹਤ ਕਮੇਟੀ ਨੇ ਇਹ ਸੁਝਾਅ ਦਿੱਤਾ ਕਿ ਦੇਸ਼ ਦੇ 90 ਫ਼ੀਸਦੀ ਲੋਕਾਂ ਨੂੰ 40 ਵਰ੍ਹਿਆਂ ਅੰਦਰ ਸੁਰੱਖਿਅਤ ਪੀਣ ਦਾ ਪਾਣੀ ਉਪਲਬਧ ਕਰਵਾ ਦਿੱਤਾ ਜਾਵੇ। 1950 'ਚ ਭਾਰਤੀ ਸੰਵਿਧਾਨ ਹਰੇਕ ਜਲ ਸਰੋਤ ਨੂੰ ਰਾਜ ਦੀ ਜਾਇਦਾਦ ਦੱਸਦੇ ਹੋਏ ਨਾਗਰਿਕਾਂ ਨੂੰ ਪੀਣ ਦੇ ਪਾਣੀ ਦੇ ਹੱਕ ਦੀ ਗੱਲ ਕਰਦਾ ਹੈ ਜਿਹੜਾ ਇਸ ਦੀਆਂ ਸਾਰੀਆਂ ਧਾਰਾਵਾਂ 'ਚ ਵਜੂਦ ਸਮੋਇਆ ਹੈ। ਪਰ ਅਸੀਂ ਜਾਣਦੇ ਹਾਂ ਕਿ ਇਸ ਦੇਸ਼ ਦੇ ਲੋਕਾਂ ਨਾਲ਼ ਕੀਤੇ ਗਏ ਇਹ ਛਲਪੂਰਣ ਵਾਅਦੇ ਕਦੀ ਪੂਰੇ ਨਹੀਂ ਕੀਤੇ ਗਏ। 1969 'ਚ ਕੌਮੀ ਪੇਂਡੂ ਪੀਣ ਦੇ ਪਾਣੀ ਦੀ ਸਪਲਾਈ ਅਤੇ 1986 'ਚ ਕੌਮੀ ਪੀਣ ਦੇ ਪਾਣੀ ਮਿਸ਼ਨ ਤੋਂ ਹੁੰਦੇ ਹੋਏ ਪੀਣ ਦੇ ਪਾਣੀ ਦੀਆਂ ਸਾਰੀਆਂ ਸੰਸਥਾਵਾਂ ਦਾ ਗਠਨ ਕੀਤਾ ਗਿਆ। ਪਰ ਸਰਕਾਰ ਪੀਣ ਦੇ ਪਾਣੀ ਦੇ ਲੋਕਾਂ ਦਾ ਹੱਕ ਨੂੰ ਟਾਲਦੀ ਰਹੀ ਅਤੇ ਝੂਠੇ ਸੁਪਨੇ ਦਿਖਾਉਂਦੀ ਰਹੀ। 1991 'ਚ ਸੰਸਾਰੀਕਰਨ ਅਤੇ ਨਿਜੀਕਰਨ ਦੇ ਦੌਰ ਦੇ ਸ਼ੁਰੂ ਹੁੰਦੇ ਹੀ ਲੋਕਾਂ ਦੇ ਹਰੇਕ ਹੱਕ ਨੂੰ ਤਾਕ 'ਤੇ ਰੱਖ ਦਿੱਤਾ ਗਿਆ। ਕੁਦਰਤੀ ਜਾਇਦਾਦ ਅਤੇ ਬੁਨਿਆਦੀ ਹੱਕ ਦੇ ਹਰੇਕ ਖੇਤਰ ਨੂੰ ਸਰਮਾਏ ਦੀ ਅੰਨ੍ਹੀ ਲੁੱਟ ਲਈ ਖੋਲ ਦਿੱਤਾ ਗਿਆ। 1999 'ਚ ਜਲ ਦੀ ਪਹੁੰਚ ਦੀ ਲੋਕਾਂ ਤੱਕ ਗਰੰਟੀ ਕਰਨ ਅਤੇ ਜਲ ਦੇ ਖੇਤਰ 'ਚ ਸੁਧਾਰ ਦੇ ਨਾਂ 'ਤੇ 'ਸਰਕਾਰ ਰਾਹੀਂ ਪੀਣ ਦੇ ਪਾਣੀ ਦੀ ਸਪਲਾਈ' ਦੇ ਵਿਚਾਰ ਨੂੰ ਤਿਆਗ ਕੇ 'ਲੋਕ-ਕੇਂਦਰਿਤ ਮੰਗ ਜ਼ਿੰਮੇਵਾਰੀ ਵਾਲ਼ੀ ਪਹੁੰਚ' ਜਲ ਸਪਲਾਈ ਰਾਹੀਂ ਨਿਜੀਕਰਨ 'ਤੇ ਬਲ ਦਿੱਤਾ ਗਿਆ। ਅਰਥਾਤ ਜਿਹੜਾ ਜਲ ਦੀ ਮੰਗ ਕਰ ਸਕਦਾ ਹੈ ਉਸਨੂੰ ਜਲ ਉਪਲਬਧ ਹੈ। ਅਰਥਸ਼ਾਸਤਰ ਦਾ ਆਮ ਵਿਦਿਆਰਥੀ ਵੀ ਇਹ ਜਾਣਦਾ ਹੈ ਕਿ ਤੁਹਾਡੀ ਉਹ ਲੋੜ ਮੰਗ ਬਣ ਸਕਦੀ ਹੈ ਜਿਸਨੂੰ ਖਰੀਦਣ ਲਈ ਤੁਹਾਡੀ ਜੇਬ 'ਚ ਪੈਸਾ ਹੋਵੇ। ਪਾਣੀ ਦੇ ਨਿਜੀਕਰਨ ਅਤੇ ਕਾਰੋਬਾਰੀਕਰਨ ਲਈ ਕੇਂਦਰ ਸਰਕਾਰ ਨੇ ਸਰਮਾਏਦਾਰਾਂ ਦੇ ਪੱਖ 'ਚ ਅਨੇਕਾਂ ਨੀਤੀਆਂ ਬਣਾਈਆਂ। 1991 'ਚ ਜਿਸ ਤਰ੍ਹਾਂ ਨਾਲ਼

ਊਰਜਾ ਦੇ ਖੇਤਰ ਨੂੰ ਨਿਜੀ ਹੱਥਾਂ 'ਚ ਸੌਂਪਿਆ ਗਿਆ ਉਂਞ ਹੀ ਸਾਲ 2002 ਦੀ ਨਵੀਂ ਜਲਨੀਤੀ ਅਤੇ 2004 ਦੀ ਸ਼ਹਿਰੀ ਜਲ ਅਤੇ ਸਵੱਛਤਾ ਸੁਧਾਰ ਨੀਤੀ ਅਤੇ ਜਨਤਕ-ਨਿਜੀ ਭਾਗੀਦਾਰੀ ਆਦਿ ਰਾਹੀਂ ਜਲ ਨੂੰ ਨਿਜੀ ਹੱਥਾਂ 'ਚ ਸੌਂਪਣ ਦਾ ਰਾਹ ਖੁੱਲ੍ਹ ਗਿਆ। ਭਾਰਤ ਸਰਕਾਰ ਦੀ ਜਲਨੀਤੀ 2002 'ਚ ਪਾਣੀ ਦੇ ਨਿਜੀਕਰਨ ਦੀ ਆਗਿਆ ਦਿੱਤੀ ਗਈ ਹੈ। ਇਸ ਨੀਤੀ ਦੀ ਧਾਰਾ 13 'ਚ ਕਿਹਾ ਗਿਆ ਹੈ ਕਿ "ਨਿਜੀ ਖੇਤਰ ਦੀ ਹਿੱਸੇਦਾਰੀ ਨੂੰ ਜਲ ਦੀ ਯੋਜਨਾ, ਵਿਕਾਸ ਅਤੇ ਪ੍ਰਬੰਧਨ 'ਚ ਹੱਲਾਸ਼ੇਰੀ ਦਿੱਤੀ ਜਾਵੇ।"

ਅੱਜ ਜਦੋਂ ਸਰਮਾਏਦਾਰੀ ਨੂੰ ਮੁਨਾਫ਼ਾ ਕਮਾਉਣ ਲਈ ਪਾਣੀ ਸਭ ਤੋਂ ਉੱਤਮ ਸਰੋਤ ਸਾਬਿਤ ਹੋ ਰਿਹਾ ਹੈ ਤਾਂ ਸਰਮਾਏਦਾਰਾਂ ਦੀ ਰੱਖਿਅਕ ਰਾਜਸੱਤਾ ਪਾਣੀ ਦਾ ਸੌਦਾ ਕਰਨ ਤੋਂ ਭਲਾ ਕਿਵੇਂ ਰੋਕੇ ? ਸਰਮਾਏਦਾਰ ਕੁਣਬਾ ਇੰਞ ਹੀ ਪੀਣ ਦੇ ਪਾਣੀ ਨੂੰ ਨੀਲਾ ਸੋਨਾ ਨਹੀਂ ਕਹਿੰਦਾ। ਅੱਜ ਸਰਮਾਏ ਦੇ ਸੰਸਾਰੀਕਰਨ ਦੇ ਦੌਰ 'ਚ ਸੰਸਾਰ ਸਰਮਾਏਦਾਰੀ ਕੌਮੀ ਸਰਮਾਏਦਾਰੀ ਨਾਲ਼ ਡੂੰਘੀ ਜੁੜੀ ਹੈ। ਸੰਸਾਰ ਬੈਂਕ ਸਰਮਾਏਦਾਰੀ ਦੀਆਂ ਮਨੁੱਖ ਦੋਖੀ ਨੀਤੀਆਂ ਲਾਗੂ ਕਰਵਾਉਂਦਾ ਹੈ। ਤਜਾਂਨਿਆ, ਅਰਮੇਨਿਆ, ਜਾਂਬਿਆ ਅਤੇ ਭਾਰਤ 'ਚ ਪੀਣ ਦੇ ਪਾਣੀ ਦੇ ਖੇਤਰ 'ਚ ਦੇਸ਼ੀ-ਵਿਦੇਸ਼ੀ ਸਰਮਾਇਆ ਦੀ ਲੁੱਟ ਜਾਰੀ ਹੈ। ਸਾਲ 2008 'ਚ ਸੰਸਾਰ ਬੈਂਕ ਦੇ ਉਪ-ਪ੍ਰਧਾਨ ਕੇਥੀ ਸੀਰਾ ਨੇ ਕਿਹਾ ਕਿ ਜਲ ਦੇ ਖੇਤਰ 'ਚ 'ਜਨਤਕ-ਨਿਜੀ ਖੇਤਰ ਦੀ ਹਿੱਸੇਦਾਰੀ ਨੂੰ ਨਿਵੇਸ਼ ਲਈ ਖੁੱਲ੍ਹਾ ਮੌਕਾ ਹੈ।' ਸੰਸਾਰ ਬੈਂਕ ਨੇ 'ਨਿਜੀ ਖੇਤਰ' ਅਤੇ ਸੰਸਾਰ ਵਿੱਤੀ ਨਿਗਮ ਦੇ ਪ੍ਰਮੁੱਖ ਲਾਰਸ ਥਨੇਲ ਨੇ 2008 'ਚ ਹੋਏ 'ਸੰਸਾਰ ਜਲ ਹਫ਼ਤੇ' 'ਚ ਕਿਹਾ ਕਿ "ਸਾਨੂੰ ਵਿਸ਼ਵਾਸ ਹੈ ਕਿ ਸ਼ੁੱਧ ਜਲ਼ ਅਤੇ ਸੁਵਿਧਾ ਪ੍ਰਦਾਨ ਕਰਨਾ ਇੱਕ ਅਸਲੀ ਵਪਾਰਕ ਮੌਕਾ ਹੈ।" ਅਸਲ 'ਚ ਸੰਸਾਰ ਬੈਂਕ ਗਰੀਬ ਦੇਸ਼ਾਂ 'ਚ ਉਸਾਰ ਢਾਂਚੇ ਦੇ ਵਿਕਾਸ ਲਈ ਦਿੱਤੇ ਜਾਣ ਵਾਲ਼ੇ ਵਿੱਤ ਦੇ ਮਾਧਿਅਮ ਨਾਲ਼ ਜਲ਼ ਦੇ ਨਿਜੀਕਰਨ ਲਈ ਨਿਜੀ ਨਿਵੇਸ਼ਕਾਂ ਨੂੰ ਉੱਚਿਤ ਹਾਲਤਾਂ ਮੁਹੱਈਆ ਕਰਵਾਉਂਦਾ ਹੈ। ਸੰਸਾਰ ਬੈਂਕ ਲੋਕ ਸਹੂਲਤਾਂ ਦੇ ਖੇਤਰ ਨੂੰ ਤੁਰਤ-ਫੁਰਤ ਲਾਭ ਨਿਚੋੜਨ ਦਾ ਸਭ ਤੋਂ ਵੱਡਾ ਸਾਧਨ ਦੇਖਦਾ ਹੈ। ਤਾਹੀਉਂ ਤਾਂ ਵਰ੍ਹੇ 1993-2002 ਦਰਮਿਆਨ ਉਸਨੇ ਆਪਣੇ ਕਰਜ਼ ਦੇ ਉਸਾਰ ਢਾਂਚੇ ਸਬੰਧੀ ਖਰਚ ਨੂੰ ਘਟਾ ਕੇ 50 ਪ੍ਰਤੀਸ਼ਤ ਕਰ ਦਿੱਤਾ। ਬੈਂਕ ਨੇ ਨਿਜੀ ਖੇਤਰ ਦੇ ਨਿਵੇਸ਼ ਨੂੰ ਕਰਜ਼ ਵਧਾ ਦਿੱਤਾ ਹੈ। ਬਿਜਲੀ ਦੇ ਜਨਤਕ ਖੇਤਰ ਦਾ ਕਰਜ਼ਾ 1990 ਦੇ 2.9 ਬਿਲੀਅਨ ਡਾਲਰ ਤੋਂ ਘਟਾ ਕੇ 2001 'ਚ 824 ਮਿਲੀਅਨ ਡਾਲਰ ਰਹਿ ਗਿਆ। ਜਦੋਂ ਕਿ ਇਸੇ ਖੇਤਰ 'ਚ ਨਿਜੀ ਨਿਵੇਸ਼ ਦਾ ਕਰਜ਼ 45 ਮਿਲੀਅਨ ਡਾਲਰ ਤੋਂ ਵਧਾ ਕੇ 687 ਮਿਲੀਅਨ ਡਾਲਰ ਹੋ ਗਿਆ।

ਦਿੱਲੀ ਜਲ ਬੋਰਡ ਦੇ ਨਿਜੀਕਰਨ ਦਾ ਮਤਾ ਸੰਸਾਰ ਬੈਂਕ ਰਾਹੀਂ ਪੋਸ਼ਿਤ (140 ਮਿਲੀਅਨ ਡਾਲਰ) ਯੋਜਨਾ 'ਦਿੱਲੀ ਜਲ ਸਪਲਾਈ' ਅਤੇ ਸੀਵਰੇਜ ਯੋਜਨਾ ਦੇ ਤਹਿਤ ਹੋਇਆ ਸੀ। ਦਿੱਲੀ ਜਲ ਬੋਰਡ ਦੇ ਸੁਧਾਰ ਅਤੇ ਮੁੜ ਉਸਾਰੀ ਨਾਲ਼ ਸਬੰਧਿਤ ਅਧਿਐਨ ਲਈ ਵਰ੍ਹੇ 2002 'ਚ ਬੈਂਕ ਨੇ 2.5 ਮਿਲੀਅਨ ਡਾਲਰ ਦਾ ਕਰਜ਼ ਦਿੱਤਾ। ਬੈਂਕ ਦੇ ਸਹਿਯੋਗ ਨਾਲ਼ ਪ੍ਰਾਈਸ ਵਾਟਰ ਹਾਉਸ ਕੂਪਰ ਨੂੰ ਸਲਾਹਕਾਰ ਦੇ ਰੂਪ 'ਚ ਲਗਾਇਆ ਗਿਆ। ਪ੍ਰਾਈਸ ਵਾਟਰ ਹਾਉਸ ਕੂਪਰ ਨੇ ਆਪਣੀ ਰਿਪੋਰਟ 'ਚ ਦਿੱਲੀ ਜਲ ਬੋਰਡ ਦੇ ਸਾਰੇ ਜੋਨਾਂ ਦੀ ਜਲ ਵੰਡ ਅਤੇ ਪ੍ਰਬੰਧਨ ਨੂੰ ਨਿਜੀ ਕੰਪਨੀਆਂ ਦੇ ਹੱਥਾਂ 'ਚ ਦੇਣ ਦੀ ਗੱਲ ਕਹੀ।

ਦੂਜੀ ਮਿਸਾਲ 2006 'ਚ ਕੇ/ਈਸਟ ਵਾਰਡ ਮੁੰਬਈ ਦੀ ਜਲ ਵੰਡ ਦੇ ਨਿਜੀਕਰਨ ਦਾ ਹੈ। ਫਰਾਂਸੀਸੀ ਕੰਪਨੀ ਕਸਤਾਲੀਆ ਨੂੰ ਨਿਜੀਕਰਨ ਦਾ ਠੇਕਾ ਦਿੱਤਾ ਗਿਆ। 'ਜਲਧਾਰਾ' (ਪੇਂਡੂ ਇਲਾਕਿਆਂ 'ਚ ਜਲ ਸਪਲਾਈ ਯੋਜਨਾ ਜਿਹੜੀ ਸੰਸਾਰ ਬੈਂਕ ਰਾਹੀਂ ਵਿੱਤ ਪੋਸ਼ਿਤ ਹੈ) ਦੀਆਂ ਰਿਪੋਰਟਾਂ ਅਤੇ ਅਧਿਐਨ ਦੱਸਦੇ ਹਨ ਕਿ ਇਹ ਜਲ ਲਈ ਲੋਕਾਂ ਤੋਂ ਪੂਰੀ ਕੀਮਤ ਵਸੂਲਣ ਦੇ ਸਿਧਾਂਤ 'ਤੇ ਅਧਾਰਿਤ ਹੈ। ਸੰਸਾਰ ਸਿਹਤ ਜਥੇਬੰਦੀ ਅਨੁਸਾਰ ਪੈਸਿਆਂ ਲਈ ਪਾਣੀ 'ਤੇ ਕੀਤਾ ਗਿਆ ਨਿਵੇਸ਼ ਵੱਡਾ ਆਰਥਿਕ ਫ਼ਾਇਦਾ ਦਿੰਦਾ ਹੈ। ਡਾਲਰ ਨਿਵੇਸ਼ ਉਸਨੂੰ 45 ਡਾਲਰ ਦਾ ਲਾਭ ਪਹੁੰਚਾਉਂਦਾ ਹੈ। ਦੇਸ਼ 'ਚ ਪਾਣੀ ਦੀ ਖ਼ਰਾਬ ਸਪਲਾਈ ਕਰਕੇ ਬੋਤਲ ਬੰਦ ਪਾਣੀ ਦੀ ਮੰਡੀ ਤੇਜ਼ੀ ਨਾਲ਼ ਫੈਲ ਰਹੀ ਹੈ। ਭਾਰਤ 'ਚ ਬੋਤਲ ਬੰਦ ਪਾਣੀ ਦੀ ਸਨਅਤ ਲਗਭਗ 1000 ਕਰੋੜ ਰੁਪਏ ਦੀ ਹੈ ਜਿਹੜੀ 40 ਪ੍ਰਤੀਸ਼ਤ ਦੀ ਦਰ ਨਾਲ਼ ਵੱਧ ਰਹੀ ਹੈ। ਬਿਸਲਰੀ, ਕਿਨਲੇ ਅਤੇ ਐਕਵਾਫਿਨਾ ਵਰਗੀਆਂ ਕੰਪਨੀਆਂ ਪਾਣੀ ਤੋਂ ਖੂਬ ਮੁਨਾਫ਼ਾ ਕਮਾ ਰਹੀਆਂ ਹਨ। 10 ਰੁਪਏ ਦੀ ਬੋਤਲ ਬੰਦ ਪਾਣੀ ਦੇ ਕੱਚੇ ਮਾਲ ਦੀ ਲਾਗਤ ਮਹਿਜ 0.02-0.03 ਪੈਸੇ ਹੁੰਦੀ ਹੈ। ਬੋਤਲ ਬੰਦ ਪਾਣੀ ਨਾਲ਼ ਜਲ ਦਾ ਸੰਕਟ ਤਾਂ ਵੱਧ ਰਿਹਾ ਹੈ, ਵਾਤਾਵਰਣ ਵੀ ਪ੍ਰਭਾਵਿਤ ਹੋ ਰਿਹਾ ਹੈ। ਭਾਰਤ 'ਚ 100 ਤੋਂ ਵੱਧ ਕੰਪਨੀਆਂ ਪਾਣੀ ਦਾ ਧੰਦਾ ਕਰ ਰਹੀਆਂ ਹਨ। 12 ਹਜ਼ਾਰ ਕਾਰਖਾਨੇ ਕੰਮ ਕਰ ਰਹੇ ਹਨ। ਇਹ ਕੰਪਨੀਆਂ ਜਲ ਦੀ ਬੇਕਾਬੂ ਵਰਤੋਂ 'ਚ ਅੱਗੇ ਹਨ। ਪਾਣੀ ਦਾ ਠੇਕਾ ਨਿਜੀ ਕੰਪਨੀਆਂ ਨੂੰ ਦਿੱਤਾ ਜਾਣਾ ਲੋਕਾਂ ਦੀ ਗਰੀਬੀ ਨੂੰ ਹੋਰ ਵਧਾਉਂਦਾ ਹੈ। ਇਸਦੀ ਸਭ ਤੋਂ ਵੱਡੀ ਉਦਾਹਰਣ 1999 'ਚ ਬੋਲੀਵਿਆ 'ਚ ਬੇਕਤੇਲ ਕੰਪਨੀ ਦੇ ਆਉਣ ਮਗਰੋਂ ਪਾਣੀ ਦੀਆਂ ਦਰਾਂ 35 ਫ਼ੀਸਦੀ ਵੱਧ ਗਈਆਂ। ਭਾਰਤ 'ਚ ਨਿਜੀ ਸਰਮਾਏ ਦੀ ਰੱਖਿਆ ਦਾ ਕੀਰਤੀਮਾਨ ਸਥਾਪਿਤ ਕਰਦੇ ਹੋਏ ਛੱਤੀਸਗੜ੍ਹ ਸੂਬੇ ਦੇ ਹਾਕਮਾਂ ਨੇ ਸ਼ਿਵਨਾਥ ਨਦੀ ਨੂੰ ਇੱਕ ਨਿਜੀ ਕੰਪਨੀ ਹੱਥ ਵੇਚ ਦਿੱਤਾ। ਪਾਣੀ ਅੱਜ ਸਰਮਾਏਦਾਰਾਂ ਨੂੰ ਮੁਨਾਫ਼ਾ ਦੇਣ ਵਾਲ਼ਾ ਪ੍ਰਮੁੱਖ ਖੇਤਰ ਹੈ ਅਤੇ ਮੁਨਾਫੇ ਦੇ ਪ੍ਰਬੰਧ ਦੇ ਰਹਿੰਦੇ ਜਲ ਦੇ ਖੇਤਰ ਦੇ ਨਿਜੀਕਰਨ ਨੂੰ ਨਹੀਂ ਰੋਕਿਆ ਜਾ ਸਕਦਾ ਹੈ।

ਲੋਕਾਂ ਨੂੰ ਲੋਕਤੰਤਰ 'ਚ ਵਿਸ਼ਵਾਸ਼ ਅਤੇ ਜਮੂਹਰੀਅਤ ਦਾ ਪਾਠ ਪੜਾਉਣ ਵਾਲ਼ੀ ਰਾਜਸੱਤਾ ਖੁਦ ਕਿੰਨੀ ਜਮਹੂਰੀ ਹੈ ਅਤੇ ਸੰਵਿਧਾਨ ਅਤੇ ਨਿਆਂਪਾਲਿਕਾ 'ਚ ਕਿੰਨਾ ਵਿਸ਼ਵਾਸ਼ ਰੱਖਦੀ ਹੈ – ਇਹ ਵੀ ਦੇਖੋ।

ਸੰਵਿਧਾਨ ਦੀ ਧਾਰਾ 47 ਕਹਿੰਦੀ ਹੈ ਕਿ 'ਇਹ ਰਾਜ ਦੀ ਜ਼ਿੰਮੇਦਾਰੀ ਹੈ ਕਿ ਲੋਕਾਂ ਦੇ ਪੋਸ਼ਣ ਅਤੇ ਜੀਵਨ ਪੱਧਰ ਨੂੰ

ਉੱਚਾ ਚੁੱਕੇ, ਲੋਕ ਸਿਹਤ ਦਾ ਸੁਧਾਰ ਕਰੇ।' ਇਸ 'ਚ 'ਜੀਵਨ ਪੱਧਰ' ਅਤੇ 'ਲੋਕ ਸਿਹਤ' ਅਧੀਨ ਪੀਣ ਦਾ ਪਾਣੀ ਹਰੇਕ ਨਾਗਰਿਕ ਨੂੰ ਉਪਲਬਧ ਕਰਵਾਉਣਾ ਰਾਜ ਦੀ ਜ਼ਿੰਮੇਦਾਰੀ ਹੈ ਅਤੇ ਇਹ ਬੁਨਿਆਦੀ ਮਨੁੱਖੀ ਲੋੜ ਹੈ। ਸੰਵਿਧਾਨ ਦੀ ਧਾਰਾ 21 'ਜੀਵਨ ਅਤੇ ਵਿਅਕਤੀਗਤ ਅਜ਼ਾਦੀ ਦੀ ਰੱਖਿਆ' ਦਾ ਹੱਕ ਦਿੰਦੀ ਹੈ। ਜਲ਼ ਜੀਵਨ ਰੱਖਿਅਕ ਤੱਤ ਹੈ। ਪਾਣੀ ਅਤੇ ਹਵਾ ਬਿਨਾਂ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜੇਕਰ ਅੱਜ ਪੀਣ ਦੇ ਪਾਣੀ ਦੀ ਉਪਲਬਧਤਾ ਜੇਬ ਵਿਚਲੇ ਰੁਪੈ ਨਾਲ਼ ਤੈਅ ਹੋਵੇਗੀ ਤਾਂ ਇਸ "ਪਵਿੱਤਰ ਸੰਵਿਧਾਨ" ਦਾ ਕੀ ਕੀਤਾ ਜਾਵੇ ? ਸਰਵਉੱਚ ਅਦਾਲਤ ਨੇ ਆਪਣੇ ਨਿਰਣੇ 'ਚ ਵਾਤਾਵਰਨ ਵਿਗਿਆਨ ਅਤੇ ਸਰਵਜਨਕ ਸਾਖ ਸਿਧਾਂਤ (Ecology & Public Trust Doctrine) ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਕਿ 'ਹਵਾ, ਸਮੁੰਦਰ, ਪਾਣੀ ਅਤੇ ਜੰਗਲ ਵਰਗੇ ਸਰੋਤ ਲੋਕਾਂ ਲਈ ਵੱਧ ਤੋਂ ਵੱਧ ਮਹਤੱਵ ਰੱਖਦੇ ਹਨ। ਇਸਨੂੰ ਨਿਜੀ ਮਾਲਕੀ ਦੀ ਵਸਤੂ ਬਣਾ ਦੇਣਾ ਪੂਰੀ ਤਰ੍ਹਾਂ ਨਾਲ਼ ਨਿਆਂ ਵਿਰੁੱਧ ਹੋਵੇਗਾ।' (M.C. Mehta vs Kamal Nath (1997) 1 sec388) ਸੁਭਾਸ ਬਨਾਮ ਬਿਹਾਰ ਰਾਜ ਦੇ ਫੈਸਲੇ 'ਚ ਅਦਾਲਤ ਨੇ ਕਿਹਾ ਕਿ 'ਸਵੱਛ ਹਵਾ ਦਾ ਹੱਕ ਸੰਵਿਧਾਨ ਦੀ ਧਾਰਾ 21 ਦੇ ਅਧੀਨ ਆਉਂਦਾ ਹੈ।' ਅਦਾਲਤ ਨੇ ਇੱਕ ਹੋਰ ਫੈਸਲੇ 'ਚ ਕਿਹਾ ਕਿ 'ਬੁਨਿਆਦੀ ਵਾਤਾਵਰਣ ਦੇ ਤੱਤਾਂ ਮੁੱਖ ਤੌਰ 'ਤੇ ਹਵਾ, ਪਾਣੀ ਅਤੇ ਮਿੱਟੀ ਜਿਹੜੀ ਜੀਵਨ ਲਈ ਜ਼ਰੂਰੀ ਹਨ; ਨੂੰ ਨੁਕਸਾਨ ਪਹੁੰਚਾਉਣਾ ਜੀਵਨ ਲਈ ਖਤਰਨਾਕ ਹੈ ਅਤੇ ਇਹ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਹੈ।' (M.C. Mehta vs Kamal Nath (1997) 1 sec388) ਅਜਿਹੀ ਹਾਲਤ 'ਚ ਇਹ ਸਵਾਲ ਉੱਠਦਾ ਹੈ ਕਿ ਵਾਤਾਵਰਣ, ਪਾਣੀ, ਜੰਗਲ, ਹਵਾ ਅਤੇ ਜ਼ਮੀਨ ਨੂੰ ਕੌਣ ਨੁਕਸਾਨ ਪਹੁੰਚਾ ਰਹੇ ਹਨ ? ਕੀ ਉਹ 77 ਫ਼ੀਸਦੀ ਲੋਕ ਜਿਹੜੇ ਅਰਜੁਨ ਸੇਨਗੁਪਤਾ ਕਮੇਟੀ ਦੀ ਰਿਪੋਰਟ ਅਨੁਸਾਰ ਮਹਿਜ਼ 20 ਰੁਪਏ 'ਤੇ ਗੁਜ਼ਰ ਬਸਰ ਕਰ ਰਹੇ ਹਨ ਜਾਂ ਉਹ ਲੋਕ ਜਿਹੜੇ ਦੇਸ਼ ਦੀ ਅਥਾਹ ਜਾਇਦਾਦ, ਖਣਿਜ, ਪਾਣੀ ਅਤੇ ਜੰਗਲਾਂ ਦੀ ਆਪਣੇ ਮੁਨਾਫ਼ੇ ਲਈ ਵਰਤੋਂ ਕਰ ਰਹੇ ਹਨ ? ਆਖਰ ਚਿਮਨੀਆਂ ਤੋਂ ਨਿਕਲਣ ਵਾਲ਼ੀ ਪ੍ਰਦੂਸ਼ਿਤ ਹਵਾ, ਫੈਕਟਰੀਆਂ ਤੋਂ ਨਿਕਲਣ ਵਾਲ਼ਾ ਜ਼ਹਿਰੀਲਾ ਪਾਣੀ ਸਿੱਧੇ ਵਾਤਾਵਰਣ 'ਚ ਕੌਣ ਮਿਲ਼ਾ ਰਿਹਾ ਹੈ ?

ਆਓ ਇੱਕ ਨਜ਼ਰ ਜਲ ਸਰੋਤ ਦੀ ਕਮੀ ਅਤੇ ਤੰਗੀ ਦੇ ਸਰਮਾਏਦਾਰਾ ਪ੍ਰਚਾਰ 'ਤੇ ਵੀ ਮਾਰੀਏ। ਭਾਰਤ 'ਚ ਨਦੀਆਂ ਦੇ ਵੱਡੇ ਨੈਟਵਰਕ ਅਤੇ ਲੰਮੇ ਸਮੁੰਦਰੀ ਤੱਟ ਦੇ ਬਾਵਜੂਦ ਇਹ ਕਹਿਣਾ ਕਿ ਇੱਥੇ ਕੁਦਰਤੀ ਰੂਪ ਨਾਲ਼ ਜਲ਼ ਦੀ ਕਮੀ ਹੈ, ਪ੍ਰਬੰਧ ਰਾਹੀ ਸਰਮਾਏ ਦੀ ਲੁੱਟ ਅਤੇ ਲੋਕਾਂ ਨਾਲ਼ ਕੀਤੇ ਜਾ ਰਹੇ ਜ਼ੁਲਮਾਂ 'ਤੇ ਪਰਦਾ ਪਾਉਂਦਾ ਹੈ। ਵਰਖਾ ਜਲ਼ ਅਤੇ ਹਿਮਪਾਤ ਭਾਰਤ 'ਚ ਜਲ਼ ਦੇ ਪ੍ਰਮੁੱਖ ਸਰੋਤ ਹਨ। ਲਗਭਗ 4200 ਅਰਬ ਘਣ ਮੀਟਰ ਜਲ਼ ਹਰ ਵਰ੍ਹੇ ਵਰਖਾ ਨਾਲ਼ ਹਾਸਲ ਹੁੰਦਾ ਹੈ। ਔਸਤ ਸਾਲਾਨਾ ਵਰਖਾ 1170 ਮਿਲੀਮੀਟਰ ਹੈ। ਮਾੜੇ ਪ੍ਰਬੰਧਨ ਕਰਕੇ ਵਰਖਾ ਜਲ਼ ਦਾ ਵੱਧ ਤੋਂ ਵੱਧ ਹਿੱਸਾ ਵਹਿ ਕੇ ਸਮੁੰਦਰ 'ਚ ਮਿਲ ਜਾਂਦਾ ਹੈ। ਭਾਰਤ 'ਚ ਵਰਤੋਂ ਯੋਗ ਜਲ਼ ਦੀ ਮਿਕਦਾਰ 1122 ਅਰਬ ਘਣ ਮੀਟਰ ਹੈ ਜਿਸਦਾ ਮਹਿਜ਼ 1.9 ਫੀਸਦੀ ਭਾਗ ਹੀ ਅੱਜ ਦੇ ਸਮੇਂ ਵਰਤੋਂ 'ਚ ਆਉਂਦਾ ਹੈ। ਕੇਂਦਰੀ ਜਲ਼ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕੁਦਰਤੀ ਜਲ਼ ਸਰੋਤ ਦੇ ਰੂਪ 'ਚ ਨਦੀਆਂ ਦਾ ਸਾਲਾਨਾ ਵਹਾਅ ਲਗਭਗ 186.9 ਘਣ ਕਿਲੋਮੀਟਰ ਹੈ। ਦੇਸ਼ 'ਚ ਉਪਲਬਧ ਭੂਜਲ਼ ਦੀ ਕੁੱਲ ਮਿਕਦਾਰ 931.88 ਅਰਬ ਘਣ ਮੀਟਰ ਹੈ ਜਿਸ 'ਚ 360.80 ਘਣ ਮੀਟਰ ਸਿੰਜਾਈ ਅਤੇ 70.93 ਅਰਬ ਘਣ ਮੀਟਰ ਸਨਅਤੀ ਕਾਰਜਾਂ ਲਈ ਵਰਤੋਂ ਕੀਤੀ ਜਾਂਦੀ ਹੈ। ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰ ਹੈਰੀਟੇਜ ਅਨੁਸਾਰ, 980 ਬਿਲੀਅਨ ਲੀਟਰ ਜਲ਼ ਵਰਖਾ ਜਲ਼ ਸੰਗ੍ਰਿਹ 'ਚ ਪ੍ਰਾਪਤ ਕੀਤਾ ਜਾ ਸਕਦਾ ਹੈ। ਅੱਜ ਜੇਕਰ ਪੂਰੇ ਦੇਸ਼ ਦੀ ਵਸੋਂ ਨੂੰ ਪੀਣ ਦਾ ਪਾਣੀ ਉਪਲਬਧ ਕਰਵਾਉਣਾ ਹੋਵੇ ਤਾਂ ਪ੍ਰਤੀ ਵਿਅਕਤੀ ਪ੍ਰਤੀ ਦਿਨ 150-200 ਲੀਟਰ ਪਾਣੀ ਦੀ ਲੋੜ ਹੋਵੇਗੀ। ਇਹ ਮਿਕਦਾਰ ਵੱਡੇ ਸ਼ਹਿਰਾਂ ਲਈ ਹੈ ਜਦੋਂ ਕਿ ਛੋਟੇ ਸ਼ਹਿਰਾਂ ਅਤੇ ਪੇਂਡੂ ਇਲਾਕਿਆਂ 'ਚ ਇਹ ਪੈਮਾਨਾ ਘੱਟ ਹੈ। ਹੁਣ ਜੇਕਰ 200 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਅਨੁਸਾਰ ਦੇਸ਼ ਦੀ ਪੂਰੀ 121 ਕਰੋੜ ਵਸੋਂ ਲਈ ਇੱਕ ਵਰ੍ਹੇ ਤੱਕ ਪਾਣੀ ਦੀ ਲੋੜ ਕੱਢੀ ਜਾਵੇ ਤਾਂ ਉਹ 88.33 ਅਰਬ ਘਣ ਮੀਟਰ ਹੋਵੇਗਾ। ਪਤਾ ਹੋਵੇ ਕਿ ਉਪਲਬਧ ਵਰਤੋਂ ਯੋਗ ਵਰਖਾ ਜਲ਼ ਦੀ ਮਿਕਦਾਰ 1122 ਅਰਬ ਘਣ ਮੀਟਰ ਅਤੇ ਭੂ-ਜਲ ਦੀ ਮਿਕਦਾਰ 931.88 ਅਰਬ ਘਣ ਮੀਟਰ ਹੈ। ਅਰਥਾਤ ਹੁਣ ਵੀ ਦੇਸ਼ 'ਚ ਪੀਣ ਦੇ ਪਾਣੀ ਸਣੇ ਸਾਰੀ ਵਰਤੋਂ ਲਈ ਜਲ਼ ਦੀ ਕਮੀ ਦਾ ਸੰਕਟ ਨਹੀਂ ਹੈ। ਲੋੜ ਹੈ ਕਿ ਜਲ ਦਾ ਉੱਚਿਤ ਪ੍ਰਬੰਧਨ ਕਰਨ ਅਤੇ ਅਤਿ ਵਰਤੋਂ ਨੂੰ ਰੋਕਣ ਦੀ। ਸੰਭਾਲ ਅਤੇ ਚੇਤੰਨਤਾ ਦੇ ਯਤਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਸਵਾਲ ਇਹ ਹੈ ਕਿ ਇਸਨੂੰ ਬਰਬਾਦ ਕੌਣ ਕਰ ਰਿਹਾ ਹੈ ?

ਅੱਜ ਜਦੋਂ ਸਰਮਾਏਦਾਰੀ ਨੇ ਦੇਸ਼ ਮੂਹਰੇ ਪਾਣੀ ਦੀ ਖਪਤ ਦਾ ਸੰਕਟ ਖੜਾ ਕਰ ਦਿੱਤਾ ਹੈ ਤਾਂ ਸਰਕਾਰ ਲੋਕਾਂ ਨੂੰ ਪਾਣੀ ਉਪਲਬਧ ਕਰਵਾਉਣ ਦੇ ਆਪਣੇ ਕਰਤੱਵ ਤੋਂ ਬੇਸ਼ਰਮੀ ਨਾਲ਼ ਮੁੱਕਰ ਕੇ ਸਰਮਾਏਦਾਰਾਂ ਨੂੰ ਕਹਿ ਰਹੀ ਹੈ ਕਿ ਲੋਕ ਪਿਆਸ ਨਾਲ਼ ਮਰਨਗੇ, ਜਾਓ ਹੁਣ ਤੁਸੀਂ ਲੋਕਾਂ ਨੂੰ ਪਾਣੀ ਵੇਚ ਕੇ ਆਪਣੀਆਂ ਤਿਜ਼ੋਰੀਆਂ ਭਰੋ ! ਨਿਜੀਕਰਨ ਸਰਮਾਏਦਾਰੀ ਦੀ ਆਮ ਪ੍ਰਵਿਰਤੀ ਹੈ ਅਤੇ ਅਜਿਹਾ ਹਰੇਕ ਖੇਤਰ ਜਿੱਥੇ ਮੁਨਾਫ਼ੇ ਦਾ ਸੁਨਹਿਰਾ ਮੌਕਾ ਹੈ ਨਿਜੀਕਰਨ ਮਾਨਵ ਜੀਵਨ ਅਤੇ ਮੁਕੰਮਲ ਮਨੁੱਖਤਾ ਦੀ ਕੀਮਤ 'ਤੇ ਵੀ ਕੀਤਾ ਜਾਵੇਗਾ। ਪਾਣੀ, ਵਾਤਾਵਰਣ ਅਤੇ ਜੀਵਨ ਲਈ ਜ਼ਰੂਰੀ ਕਿਸੇ ਵੀ ਇਲਾਕੇ ਦੀ ਰੱਖਿਆ ਅਤੇ ਸਰਵਜਨਕ ਸਹੂਲਤ, ਮੁਨਾਫ਼ਾ ਕੇਂਦਰਿਤ ਸਮਾਜ 'ਚ ਨਹੀਂ ਸਗੋਂ ਮਾਨਵ ਕੇਂਦਰਿਤ ਸਮਾਜ 'ਚ ਸੰਭਵ ਹੋਵੇਗੀ ਜਿਹੜੀ ਸਰਮਾਏਦਾਰੀ ਦੇ ਰਹਿੰਦੇ ਸੰਭਵ ਨਹੀਂ।

ਸਮਕਾਲ

ਬੱਚਿਆਂ ਤੋਂ ਖੋਹਿਆ ਜਾ ਰਿਹਾ ਹੈ ਉਹਨਾਂ ਦਾ ਬਾਲਪਨ

• ਡਾ. ਅੰਮ੍ਰਿਤਪਾਲ

9 ਫਰਵਰੀ, 2012 ਨੂੰ ਚੇਨਈ ਦੇ ਇੱਕ ਸਕੂਲ 'ਚ ਦਰਦਨਾਕ ਘਟਨਾ ਵਾਪਰੀ। ਨੌਵੀਂ ਜਮਾਤ 'ਚ ਪੜ੍ਹਦੇ ਇੱਕ 15 ਸਾਲ ਦੇ ਬੱਚੇ ਨੇ ਆਪਣੀ ਇੱਕ ਅਧਿਆਪਕਾ ਦੀ ਉਸ ਸਮੇਂ ਛੁਰਾ ਮਾਰ ਕੇ ਹੱਤਿਆ ਕਰ ਦਿੱਤੀ ਜਦੋਂ ਉਹ ਕਿਸੇ ਹੋਰ ਜਮਾਤ 'ਚ ਪੜ੍ਹਾ ਰਹੀ ਸੀ। ਆਮ ਤੌਰ 'ਤੇ ਚੰਗਾ ਵਰਤਾਉ ਕਰਨ ਵਾਲ਼ੇ ਤੇ ਇੱਕਲਾ ਜਿਹਾ ਰਹਿਣ ਵਾਲ਼ੇ ਇਸ ਬੱਚੇ ਨੇ ਆਪਣੀ ਅਧਿਆਪਕਾ ਦੀ ਸਖਤ ਡਾਂਟ ਕਰਕੇ ਇੰਨਾ ਬੇਇੱਜਤ ਮਹਿਸੂਸ ਕੀਤਾ ਕਿ ਉਸਨੇ ਇਹ ਕਦਮ ਚੁੱਕਣ ਦਾ ਫੈਸਲਾ ਕਰ ਲਿਆ। ਇੱਕ ਹੋਰ ਘਟਨਾ, ਜੋ ਅਗਲੇ ਦਿਨ ਦਿੱਲੀ 'ਚ ਵਾਪਰੀ, ਉਹ ਵੀ ਇੰਨੀ ਹੀ ਦਰਦਨਾਕ ਹੈ। ਇੱਕ ਦਸ ਸਾਲਾ ਬੱਚੇ ਨੇ ਛੱਤ ਵਾਲ਼ੇ ਪੱਖੇ ਨਾਲ਼ ਚੁੰਨੀ ਬੰਨ੍ਹ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਅਜਿਹਾ ਕਰਨ ਲਈ ਉਸਨੇ ਚਾਰ ਕੁਰਸੀਆਂ ਇੱਕ ਦੂਜੇ ਉੱਪਰ ਰੱਖੀਆਂ ਤਾਂ ਕਿ ਉਹ ਪੱਖੇ ਤੱਕ ਪਹੁੰਚ ਸਕੇ। ਬੱਚੇ ਦੀ ਮਾਂ ਅਨੁਸਾਰ ਉਹ ਜੁਰਮ ਅਧਾਰਤ ਟੀਵੀ ਸੀਰੀਅਲ ਦੇਖਣ ਦਾ ਬਹੁਤ ਸ਼ੌਕੀਨ ਸੀ ਅਤੇ ਉਸਨੂੰ ਪੱਕਾ ਯਕੀਨ ਸੀ ਕਿ ਆਦਮੀ ਮਰਨ ਤੋਂ ਬਾਅਦ ਜ਼ਿੰਦਾ ਹੋ ਜਾਂਦਾ ਹੈ ਕਿਉਂਕਿ ਉਸਦੇ ਮਨਪਸੰਦ ਸੀਰੀਅਲ ਦਾ ਨਾਇਕ ਇੱਕ ਕਿਸ਼ਤ 'ਚ ਮਰਨ ਤੋਂ ਬਾਅਦ ਅਗਲੀ ਕਿਸ਼ਤ 'ਚ ਫਿਰ ਆ ਜਾਂਦਾ ਸੀ। ਇਹ ਦੋ ਘਟਨਾਵਾਂ ਉਹ ਪ੍ਰਤੀਨਿਧ ਉਦਾਹਰਣਾਂ ਹਨ ਜਿਹਨਾਂ ਨੂੰ ਧਿਆਨਗੋਚਰੇ ਰੱਖ ਕੇ ਅਸੀਂ ਅੱਜ ਦੇ ਸਮੇਂ 'ਚ ਬੱਚਿਆਂ ਦੇ ਮਾਨਸਿਕ ਜਗਤ ਦੀ ਇੱਕ ਝਾਤ ਪਾ ਸਕਦੇ ਹਾਂ।

ਜੇ ਅਸੀਂ ਅੰਕੜਿਆਂ ਦੀ ਗੱਲ ਕਰੀਏ ਤਾਂ ਸਾਲ 2010 ਦੀ 'ਭਾਰਤ ਵਿੱਚ ਜੁਰਮ' ਰਿਪੋਰਟ ਅਨੁਸਾਰ 26,000 ਅਜਿਹੇ ਜੁਰਮ ਅਧਾਰਤ ਕੇਸ ਦਰਜ ਕੀਤੇ ਗਏ ਜਿਹਨਾਂ 'ਚ ਮੁਲਜ਼ਮ ਬੱਚੇ ਹੁੰਦੇ ਸਨ। ਬੱਚਿਆਂ ਦੁਆਰਾ ਕੀਤੇ ਜੁਰਮਾਂ 'ਚ ਕਤਲ ਅਤੇ ਬਲਾਤਕਾਰ ਤੱਕ ਸ਼ਾਮਿਲ ਹਨ। ਇਸੇ ਸਾਲ ਦੌਰਾਨ 30,000 ਬੱਚਿਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਜੋ ਭਾਰਤ 'ਚ ਹੋਈਆਂ ਕੁਲ ਗ੍ਰਿਫਤਾਰੀਆਂ ਦਾ 1% ਹਿੱਸਾ ਬਣਦਾ ਹੈ। ਹਾਲਾਤਾਂ ਦਾ ਇੱਕ ਹੋਰ ਪੱਖ ਇਹ ਹੈ ਕਿ ਭਾਰਤ 'ਚ 10 ਕਰੋੜ ਬਾਲ ਮਜ਼ਦੂਰ ਹਨ, ਭਾਵ ਜਿਹਨਾਂ ਬੱਚਿਆਂ ਨੂੰ ਸਕੂਲ ਵਿੱਚ ਹੋਣਾ ਚਾਹੀਦਾ ਸੀ, ਉਹਨਾਂ ਨੂੰ ਆਪਣਾ ਪੇਟ ਭਰਨ ਲਈ ਕੰਮ ਕਰਨਾ ਪੈ ਰਿਹਾ ਹੈ। ਅਕਸਰ ਉਹਨਾਂ ਨੂੰ ਹੱਦ ਦਰਜੇ ਦੀਆਂ ਭਿਆਨਕ ਹਾਲਤਾਂ 'ਚ ਕੰਮ ਕਰਨਾ ਪੈਂਦਾ ਹੈ ਜਿਸ ਵਿੱਚ ਪਟਾਕੇ ਬਣਾਉਣ ਵਾਲ਼ੇ ਕਾਰਖਾਨੇ ਤੇ ਭਾਰੀਆਂ ਧਾਤਾਂ ਨਾਲ਼ ਸੰਬੰਧਿਤ ਸਨਅਤਾਂ ਅਤੇ ਬੰਧੂਆ ਮਜ਼ਦੂਰੀ ਤੱਕ ਸ਼ਾਮਿਲ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਰਤ 'ਚ ਬਚਪਨ ਹੁਣ ਕਿੰਨਾ ਕਰੂਪ ਹੁੰਦਾ ਜਾ ਰਿਹਾ ਹੈ। ਬਾਲ ਮਜ਼ਦੂਰੀ ਇੱਕ ਅਲੱਗ ਤੋਂ ਵਿਚਾਰਨ ਦਾ ਵਿਸ਼ਾ ਹੈ, ਹੱਥਲੇ ਲੇਖ 'ਚ ਅਸੀਂ ਬੱਚਿਆਂ 'ਚ ਪੈਦਾ ਹੋ ਰਹੇ ਮਾਨਸਿਕ ਵਿਗਾੜ, ਅਸਹਿਣਸ਼ੀਲਤਾ ਤੇ ਸੰਵੇਦਨਹੀਣਤਾ ਅਤੇ ਸਿੱਟੇ ਵਜੋਂ ਬੱਚਿਆਂ 'ਚ ਵਧ ਰਹੀਆਂ ਅਪਰਾਧਿਕ ਪ੍ਰਵਿਰਤੀਆਂ 'ਤੇ ਕੇਂਦਰਤ ਰਹਾਂਗੇ। ਇਹ ਭਾਵੇਂ ਸਮਾਜ ਦੀਆਂ ਸਾਰੀਆਂ ਜਮਾਤਾਂ ਦੇ ਬੱਚਿਆਂ ਦੀ ਸਮੱਸਿਆ ਹੈ, ਪਰ ਗਰੀਬ, ਮਜ਼ਦੂਰ ਅਤੇ ਹੋਰ ਅੱਤ ਦੀਆਂ ਭੈੜੀਆਂ ਹਾਲਤਾਂ 'ਚ ਰਹਿਣ ਲਈ ਮਜਬੂਰ ਅਬਾਦੀ ਦੇ ਬੱਚਿਆਂ 'ਚ ਅਪਰਾਧਿਕ ਪ੍ਰਵਿਰਤੀਆਂ ਤੇ ਹੋਰ ਵਿਗਾੜ ਪੈਦਾ ਕਰਨ 'ਚ ਉਹਨਾਂ ਦੀਆਂ ਅਮਾਨਵੀ ਹਾਲਤਾਂ ਵੀ ਆ ਮਿਲਦੀਆਂ ਹਨ ਜੋ ਇਸ ਤਬਕੇ ਲਈ ਮੁੱਖ ਕਾਰਕ ਹੋ ਨਿੱਬੜਦੀਆਂ ਹਨ।

ਜਦੋਂ ਵੀ ਚੇਨਈ ਦੇ ਸਕੂਲ ਜਿਹੀ ਜਾਂ ਦਿੱਲੀ ਜਿਹੀ ਕੋਈ ਘਟਨਾ ਸੁਰਖੀਆਂ 'ਚ ਆਉਂਦੀ ਹੈ ਤਾਂ ਕੁਝ ਦਿਨਾਂ ਲਈ ਅਖਬਾਰਾਂ, ਟੀਵੀ ਚੈਨਲਾਂ 'ਤੇ ਇਸ ਸੰਬੰਧੀ ਵਿਚਾਰ ਚਰਚਾਵਾਂ ਹੁੰਦੀਆਂ ਹਨ। ਵਿਗੜ ਰਹੀਆਂ ਹਾਲਤਾਂ ਦੇ ਕੀਰਨੇ ਪਾਏ ਜਾਂਦੇ ਹਨ ਅਤੇ ਫਿਰ ਅਜਿਹੀ ਹੀ ਕਿਸੇ ਨਵੀਂ ਘਟਨਾ ਹੋਣ ਤੱਕ ਇਹਨਾਂ ਕੀਰਨਿਆਂ ਨੂੰ 'ਪੋਸਟਪੋਨ' ਕਰ ਦਿੱਤਾ ਜਾਂਦਾ ਹੈ। ਜਦ ਗੱਲ ਇਹਨਾਂ ਘਟਨਾਵਾਂ ਪਿਛਲੇ ਕਾਰਨਾਂ ਦੇ ਵਿਸ਼ਲੇਸ਼ਣ ਦੀ ਆਉਂਦੀ ਹੈ ਤਾਂ ਬੇਹਦ ਸਤਹੀ ਕਿਸਮ ਦੇ ਤਰਕ-ਵਿਚਾਰਾਂ ਨਾਲ਼ ਖਾਨਾਪੂਰਤੀ ਕੀਤੀ ਜਾਂਦੀ ਹੈ। ਕੁਝ ਵਿਦਵਾਨ ਤਾਂ ਅਜਿਹੇ ਹਨ ਜਿਹਨਾਂ ਨੂੰ ਇਹ ਘਟਨਾਵਾਂ ਸਮਾਜਕ ਘੱਟ, ਅਮਨ-ਕਾਨੂੰਨ ਦੀ ਸਮੱਸਿਆ ਜ਼ਿਆਦਾ ਲੱਗਦੀ ਹੈ ਅਤੇ ਉਹ ਪੁਲਿਸ ਤੋਂ ਜ਼ਿਆਦਾ ਮੁਸਤੈਦੀ ਦੀ ਮੰਗ ਕਰਦੇ ਹਨ ਅਤੇ ਨਾਲ਼ ਪੜ੍ਹਦੇ ਬੱਚਿਆਂ 'ਚ ਇਹੋ ਜਿਹੀਆਂ ਅਪਰਾਧਿਕ ਪ੍ਰਵਿਰਤੀਆਂ ਨੂੰ ਸਿਆਣਨ ਲਈ ਸਕੂਲੀ ਬੱਚਿਆਂ ਨੂੰ 'ਟਰੇਨਿੰਗ' ਦੇਣ ਦੇ ਨੁਸਖੇ ਸੁਝਾਉਂਦੇ ਹਨ। ਕੁਝ ਹੋਰ ਬਸ ਇੰਨਾ ਹੀ ਕਹਿੰਦੇ ਹਨ – "ਨਵੀਂ ਪੀੜ੍ਹੀ ਦਾ ਤਾਂ ਜੀ ਬੱਸ ਪੁੱਛੋ ਨਾ, ਬੁਰਾ ਹਾਲ ਆ" ਪਰ ਇਸ 'ਬੁਰੇ ਹਾਲ' ਲਈ ਕੋਈ ਤਰਕਸੰਗਤ ਵਿਆਖਿਆ ਮੰਗੋ ਤਾਂ ਲੰਘੇ ਵੇਲ਼ਿਆਂ ਦੇ ਰੋਣੇ ਤੋਂ ਸਿਵਾ ਕੁਝ ਨਹੀਂ ਹੁੰਦਾ। ਇੱਕ 'ਅਮਰੀਕੀ' ਕਿਸਮ ਦੇ ਬੁੱਧੀਜੀਵੀ ਹਨ ਜਿਹੜੇ ਅਜਿਹੀਆਂ ਘਟਨਾਵਾਂ ਹੋ ਜਾਣ 'ਤੇ ਝੱਟ ਮਨੋਵਿਗਿਆਨ ਦੇ ਆਪਣੇ ਗਿਆਨ ਦੀ ਖੁਰਦਬੀਨ ਲੈ ਕੇ ਸਬੰਧਿਤ ਬੱਚੇ ਦੇ ਦਿਮਾਗ ਦੀ ਜਾਂਚ-ਪੜਤਾਲ ਆਰੰਭ ਦਿੰਦੇ ਹਨ ਅਤੇ ਅੰਤ ਵਿੱਚ 'ਅਮਰੀਕੀ ਸਟਾਇਲ' ਦੇ ਨਤੀਜੇ ਜਿਵੇਂ ਜ਼ੀਨਾਂ 'ਚ ਗੜਬੜੀ, ਕੋਈ ਕ੍ਰੋਮੋਸੋਮ ਵੱਧ-ਘੱਟ

ਹੋਣ ਦਾ ਖੁਲਾਸਾ ਜਾਂ ਫਿਰ ਬੱਚੇ ਦੇ ਦਿਮਾਗ 'ਚ ਕੋਈ ਪਹਿਲਾਂ ਤੋਂ ਮੌਜੂਦ ਦਿਮਾਗੀ ਪਰੇਸ਼ਾਨੀ ਦੇ ਚਾਣਚੱਕ ਸਾਹਮਣੇ ਆ ਜਾਣ ਦਾ ਵਿਸ਼ਲੇਸ਼ਣ ਪੇਸ਼ ਕਰਕੇ ਇੱਕਦਮ 'ਸਟੀਕ' ਵਿਆਖਿਆ ਕਰਦੇ ਹਨ ਅਤੇ ਇਹਨਾਂ ਘਟਨਾਵਾਂ ਨੂੰ ਕੁਝ ਵਿਅਕਤੀਗਤ ਮਾਮਲਿਆਂ ਤੱਕ ਸੀਮਤ ਕਰਕੇ ਇਹਨਾਂ ਨੂੰ ਇੱਕ ਸਮਾਜਿਕ ਵਰਤਾਰੇ ਦਾ ਲੱਛਣ ਹੋਣ ਤੋਂ 'ਬਰੀ' ਕਰ ਦਿੰਦੇ ਹਨ ਅਤੇ ਨਾਲ਼ ਹੀ ਮੱਧਵਰਗ ਨੂੰ ਭਰੋਸਾ ਦਿੰਦੇ ਹਨ ਕਿ ਇਹ ਤਾਂ ਟਾਂਵੀ-ਟੱਲੀ ਘਟਨਾ ਹੈ, ਡਰਨ ਦੀ ਲੋੜ ਨਹੀਂ, ਤੁਹਾਡੇ ਬੱਚੇ ਨਾਲ਼ ਅਜਿਹਾ ਕੁਝ ਨਹੀਂ ਹੋਣ ਵਾਲ਼ਾ! ਇਹ 'ਮਨੋਵਿਗਿਆਨੀ' ਆਧੁਨਿਕ ਮਨੋਵਿਗਿਆਨ ਨੂੰ ਹੀ ਭੁੱਲ ਜਾਂਦੇ ਹਨ ਜਿਸ ਅਨੁਸਾਰ ਵਿਅਕਤੀ ਦੀ ਮਾਨਸਿਕ ਬਣਤਰ ਉਸਦੀਆਂ ਬਚਪਨ 'ਚ ਪਾਲਣ-ਪੋਸ਼ਣ ਦੀਆਂ ਹਾਲਤਾਂ 'ਤੇ ਨਿਰਭਰ ਕਰਦੀ ਹੈ ਅਤੇ ਅਨੁਵੰਸ਼ਕ ਕਾਰਕ ਘੱਟ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਰ ਮਨੋਵਿਗਿਆਨੀਆਂ ਦੀ ਇਹ 'ਅਮਰੀਕੀ' ਕਿਸਮ ਮਨੁੱਖੀ ਮਾਨਸਿਕਤਾ ਤੇ ਸੁਭਾਅ ਨੂੰ ਕੰਪਿਊਟਰ ਵਾਂਗੂ ਜਨਮ ਤੋਂ ਹੀ ਹੋਈ 'ਪ੍ਰੋਗਰਾਮਿੰਗ' ਬਣਾ ਦਿੰਦੀ ਹੈ ਜੋ ਜਨਮ ਤੋਂ ਬਾਅਦ ਸਿਰਫ ਪ੍ਰਗਟ ਹੁੰਦਾ ਹੈ, ਬਣਦਾ ਨਹੀਂ। ਇਹ ਮਨੁੱਖ ਨੂੰ ਉਸਦੇ ਸਮਾਜਿਕ-ਆਰਥਿਕ ਹਾਲਤਾਂ ਤੋਂ ਤੋੜ ਕੇ ਉਸਨੂੰ 'ਮੰਗਲ' ਗ੍ਰਹਿ ਦਾ ਵਾਸੀ ਬਣਾ ਦਿੰਦੇ ਹਨ ਜਿਸ ਉੱਤੇ ਸਮਾਜਿਕ-ਆਰਥਕ ਹਾਲਤਾਂ ਦਾ ਕੋਈ ਅਸਰ ਨਹੀਂ ਹੁੰਦਾ। ਅਸਲ ਵਿੱਚ ਇਹਨਾਂ ਦਾ ਨਿਸ਼ਾਨਾ ਮੌਜੂਦਾ ਮਨੁੱਖ-ਦੋਖੀ ਢਾਂਚੇ ਦੀ ਸੇਵਾ ਕਰਨਾ ਹੁੰਦਾ ਹੈ। ਖੈਰ ਆਪਾਂ ਇਹਨਾਂ ਵਿਦਵਾਨਾਂ ਦੀ ਭਜਨ-ਮੰਡਲੀ ਨੂੰ ਸਰਮਾਏ ਦੇ ਤਾਰਾ-ਮੰਡਲ 'ਤੇ ਖੜਤਾਲਾਂ ਵਜਾਉਣ ਲਈ ਛੱਡ ਕੇ ਅੱਗੇ ਵਧਦੇ ਹਾਂ।

ਕੁਝ ਹੋਰ ਹਨ ਜਿਹੜੇ ਇਸ ਪਿੱਛੇ ਮਾਪਿਆਂ ਦੀ ਲਾਪਰਵਾਹੀ ਤੇ ਬੱਚਿਆਂ ਨੂੰ ਉਹਨਾਂ ਵੱਲੋਂ ਸਮਾਂ ਨਾ ਦੇਣ ਨੂੰ ਮੁੱਖ ਕਾਰਨ ਵਜੋਂ ਦੇਖਦੇ ਹਨ। ਇਹ ਭਾਵੇਂ ਸਹੀ ਨਿਸ਼ਾਨਦੇਹੀ ਹੈ ਪਰ ਮਾਪਿਆਂ ਕੋਲ਼ ਸਮਾਂ ਹੈ ਕਿਉਂ ਨਹੀਂ ਜਾਂ ਉਹ ਬੱਚਿਆਂ ਨੂੰ ਸਮਾਂ ਕਿਉਂ ਨਹੀਂ ਦਿੰਦੇ, ਇਹ ਸਵਾਲ ਪੁੱਛੇ ਬਿਨਾਂ ਤੇ ਇਹਨਾਂ ਦੇ ਉੱਤਰ ਲੱਭਣ ਲਈ ਮਾਮਲੇ ਦੀ ਤਹਿ 'ਚ ਜਾਏ ਬਿਨਾਂ ਇਹ ਨਿਸ਼ਾਨਦੇਹੀ ਅਧੂਰੀ ਹੈ। ਬਹੁਤ ਸਾਰੇ ਮਾਪੇ ਨੌਕਰੀਪੇਸ਼ਾ ਹਨ। ਪ੍ਰਾਈਵੇਟ ਕੰਪਨੀਆਂ ਤਾਂ ਆਪਣੇ ਮੁਲਾਜ਼ਮਾਂ ਨੂੰ ਇੰਨਾ ਨਿਚੋੜਦੀਆਂ ਹਨ ਕਿ ਜਾਂ ਤਾਂ ਉਹਨਾਂ ਕੋਲ਼ ਆਪਣੇ ਬੱਚਿਆਂ ਲਈ ਸਮਾਂ ਬਚਦਾ ਹੀ ਨਹੀਂ ਜਾਂ ਫਿਰ ਨੌਕਰੀ ਦੀਆਂ ਉਲਝਣਾਂ-ਪਰੇਸ਼ਾਨੀਆਂ ਉਹਨਾਂ ਨੂੰ ਮਾਨਸਿਕ ਤੌਰ 'ਤੇ ਇੰਨਾ ਰੁਝਾ-ਥਕਾ ਦਿੰਦੀਆਂ ਹਨ ਕਿ ਉਹਨਾਂ ਨੂੰ ਬੱਚਿਆਂ ਨੂੰ ਸਮਾਂ ਦੇਣ ਦਾ ਚੇਤਾ ਨਹੀਂ ਰਹਿੰਦਾ। ਦੂਜੀ ਗੱਲ, ਸਾਡੇ ਸਮਾਜ 'ਚ ਬੱਚੇ ਜੰਮਣਾ ਮਹੱਤਵਪੂਰਨ ਸਮਝਿਆ ਜਾਂਦਾ ਹੈ ਪਰ ਉਹਨਾਂ ਦੇ ਪਾਲਣ-ਪੋਸ਼ਣ ਲਈ ਸਿੱਖਿਅਤ ਹੋਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ, ਗੱਲ ਕੀ ਬਹੁਤੇ ਲੋਕ (ਪੜ੍ਹੇ-ਲਿਖੇ ਵੀ) ਇਸ ਸੰਬੰਧੀ ਕੋਈ ਜ਼ਰੂਰਤ ਮਹਿਸੂਸ ਤੱਕ ਨਹੀਂ ਕਰਦੇ। ਸਿੱਟਾ, ਬੱਚਿਆਂ ਦੇ ਮਾਨਸਿਕ ਜਗਤ ਨੂੰ ਸਮਝਣਾ ਤੇ ਉਹਨਾਂ ਦੀਆਂ ਲੋੜਾਂ ਨੂੰ ਜਾਣ ਸਕਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਰਹਿੰਦੀ ਅਤੇ ਉਹ ਬੱਚੇ ਨੂੰ 'ਸੁਧਾਰਨ' ਲਈ ਕੁੱਟਣਾ, ਘੂਰਨਾ ਜਾਂ ਹੱਦੋਂ ਵੱਧ ਪਿਆਰ, ਬੱਚੇ ਦੀ ਹਰ ਫ਼ਰਮਾਇਸ਼ ਪੂਰੀ ਕਰਨ ਦੇ ਤਰੀਕੇ ਵਰਤਦੇ ਹਨ ਜੋ ਚੰਗਾ ਕਰਨ ਦੀ ਥਾਂ ਬੁਰੇ ਨਤੀਜੇ ਹੀ ਸਾਹਮਣੇ ਲਿਆਉਂਦੇ ਹਨ।

ਇਲੈਕਟ੍ਰਾਨਿਕ ਮੀਡੀਆ ਜਿਵੇਂ ਟੀਵੀ, ਇੰਟਰਨੈੱਟ, ਵੀਡੀਓ ਗੇਮਾਂ ਆਦਿ ਦੀ ਭੂਮਿਕਾ ਬਹੁਤ ਅਹਿਮ ਰੂਪ ਧਾਰ ਚੁੱਕੀ ਹੈ ਜਿਸਨੇ ਮਧਵਰਗੀ ਤੇ ਅਮੀਰ ਤਬਕੇ ਦੇ ਬੱਚਿਆਂ ਦੇ ਸਮੁੱਚੇ ਕਲਪਨਾ ਜਗਤ 'ਤੇ ਕਬਜ਼ਾ ਕਰ ਛੱਡਿਆ ਹੈ। ਬੱਚੇ ਆਪਣਾ ਸਮਾਂ ਬਿਤਾਉਣ ਲਈ, ਇਕੱਲੇਪਣ ਤੋਂ ਛੁਟਕਾਰਾ ਪਾਉਣ ਲਈ ਅਤੇ ਬਾਅਦ 'ਚ ਪੱਕੀ ਆਦਤ ਬਣ ਜਾਣ ਕਾਰਨ ਇਹਨਾਂ 'ਚ ਡੁੱਬੇ ਰਹਿੰਦੇ ਹਨ। ਕੁਝ ਮਾਪੇ ਵੀ ਬੱਚਿਆਂ ਤੋਂ 'ਪਿੱਛਾ' ਛੁਡਾਉਣ ਲਈ ਤੇ ਖੁਦ ਧਿਆਨ ਦੇਣ ਦੀ ਥਾਂ ਬੱਚਿਆਂ ਨੂੰ ਟੀਵੀ, ਵੀਡੀਓ ਗੇਮਾਂ ਦੇ ਹਵਾਲੇ ਕਰ ਦਿੰਦੇ ਹਨ। ਉੱਧਰ ਟੀਵੀ, ਇੰਟਰਨੈੱਟ, ਵੀਡੀਓ ਗੇਮਾਂ ਆਦਿ 'ਤੇ ਕਾਰਪੋਰੇਟ ਜਗਤ ਦਾ ਕਬਜ਼ਾ ਹੈ ਜਿਸਦਾ ਇੱਕੋ ਮਕਸਦ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਤੇ ਆਮ ਲੋਕਾਂ ਨੂੰ ਹਰ ਤਰ੍ਹਾਂ ਦੀ ਕਲਪਨਾਸ਼ੀਲਤਾ, ਸੋਚਣ-ਵਿਚਾਰਨ ਤੋਂ 'ਅਜ਼ਾਦ' ਕਰਕੇ ਘੋਗੜਕੰਨੇ ਬਣਾਉਣ ਤੇ ਉਹਨਾਂ ਦੀ ਜ਼ਿੰਦਗੀ ਨੂੰ ਪਸ਼ੂ-ਜਗਤ ਦੇ ਪੱਧਰ ਤੱਕ ਸੀਮਤ ਕਰਨਾ ਹੈ ਤਾਂ ਕਿ ਉਹ ਚੁੱਪਚਾਪ ਮੌਜੂਦਾ ਲੁੱਟ ਦੇ ਢਾਂਚੇ ਦੀ ਗੁਲਾਮੀ ਕਰਨ ਤੇ ਕਿਸੇ ਵੀ ਤਰ੍ਹਾਂ ਦੇ ਬਦਲਾਅ ਤੇ ਬਿਹਤਰੀ ਬਾਰੇ ਸੋਚਣ ਤੱਕ ਨਾ। ਟੀਵੀ, ਵੀਡੀਓ ਗੇਮਾਂ, ਇੰਟਰਨੈੱਟ 'ਤੇ ਲਗਾਤਾਰ ਪਰੋਸੀ ਜਾ ਰਹੀ ਹਿੰਸਾ, ਪੋਰਨੋਗਰਾਫੀ ਅਤੇ ਘਟੀਆ ਤੇ ਗੈਰ-ਵਿਗਿਆਨਕ ਮਨੋਰੰਜਨ ਬੱਚਿਆਂ ਦੀ ਮਾਸੂਮੀਅਤ ਤੇ ਕਲਪਨਾ ਉਡਾਰੀਆਂ ਨਾਲ਼ ਖੇਡ ਕਰ ਰਿਹਾ ਹੈ। ਬੱਚਿਆਂ ਦੀਆਂ ਸਿਰਜਣਾਤਮਕ ਸ਼ਕਤੀਆਂ ਜਿਵੇਂ ਚਿੱਤਰਕਲਾ, ਸੰਗੀਤ ਆਦਿ ਸਿੱਖਣਾ, ਪਰੀ-ਕਹਾਣੀਆਂ ਘੜਨੀਆਂ, ਕੁਦਰਤ ਨਾਲ਼ ਲਗਾਅ ਤੇ ਉਸਨੂੰ ਮਾਨਣਾ, ਸਮਾਜ ਦੇ ਦੂਸਰੇ ਮੈਂਬਰਾਂ ਨਾਲ਼ ਵਿਚਰਨ ਤੇ ਦੋਸਤ ਬਣਾਉਣ ਦੀ ਰੁਚੀ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਬੱਚਿਆਂ ਦੀ ਕਲਪਨਾ ਸ਼ਕਤੀ ਨੂੰ ਹਿੰਸਾਤਮਕ ਪਾਤਰਾਂ ਤੇ ਹਿੰਸਾ ਦੇ ਘਿਨਾਉਣੇ ਢੰਗ-ਤਰੀਕਿਆਂ ਤੱਕ ਸੀਮਤ ਕੀਤਾ ਜਾ ਰਿਹਾ ਹੈ। ਬੱਚੇ ਇੱਕ 'ਖਿਆਲੀ' ਜਗਤ 'ਚ ਰਹਿੰਦੇ ਹਨ ਅਤੇ ਜਦੋਂ ਅਸਲੀ ਸੰਸਾਰ 'ਚ ਆਉਂਦੇ ਹਨ ਤੇ ਇਸਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ ਤਾਂ ਉਹਨਾਂ ਕੋਲ ਇਹਨਾਂ ਨੂੰ ਸਮਝਣ ਤੇ ਨਜਿੱਠਣ ਦਾ ਕੋਈ ਨਜ਼ਰੀਆ ਜਾਂ ਤਰੀਕਾ ਨਹੀਂ ਹੁੰਦਾ ਜਿਸ ਦੇ ਨਤੀਜੇ ਖੁਦਕਸ਼ੀਆਂ, ਨਸ਼ੇ, ਅਲਹਿਦਗੀ, ਹਿੰਸਾ, ਮਾਨਸਿਕ ਰੋਗ ਆਦਿ 'ਚ ਨਿਕਲਦੇ ਹਨ। ਇਹ ਸਿਰਫ ਬੱਚਿਆਂ 'ਚ ਨਹੀਂ, ਅਜੋਕੀ ਨੌਜਵਾਨ ਪੀੜ੍ਹੀ 'ਚ ਵੀ ਦਿਖ ਰਿਹਾ ਹੈ ਜੋ ਬਚਪਨ ਦੀ ਹੀ ਅਗਲੀ ਕੜੀ ਹੈ।

ਫਿਰ ਸਕੂਲਾਂ ਦੀ ਭੂਮਿਕਾ, ਅਜੋਕੇ ਸਕੂਲਾਂ ਤੇ ਵਿੱਦਿਆ ਪ੍ਰਣਾਲੀ ਦਾ ਰੂਪ ਤੇ ਤੱਤ ਸਵਾਲਾਂ ਦੇ ਦਾਇਰੇ 'ਚ ਆਉਂਦੇ ਹਨ। ਅੱਜ ਦਾ ਭਾਰਤੀ ਵਿੱਦਿਅਕ ਢਾਂਚਾ ਅੰਗਰੇਜ਼ਾਂ ਦੁਆਰਾ ਭਾਰਤ 'ਚ ਸ਼ੁਰੂ ਕੀਤੇ ਗਏ ਵਿੱਦਿਅਕ ਢਾਂਚੇ 'ਤੇ ਹੀ ਆਧਾਰਤ ਹੈ ਜਿਸਦਾ ਮਕਸਦ ਸੀ ਅੰਗਰੇਜ਼ਾਂ ਲਈ ਪੜ੍ਹੇ-ਲਿਖੇ ਕਲਰਕ ਤੇ ਅੰਗਰੇਜ਼ਾਂ ਦੀ ਨੌਕਰੀ ਕਰਦੇ ਹੋਏ ਆਪਣੇ ਹੀ ਲੋਕਾਂ 'ਤੇ ਜ਼ੁਲਮ ਢਾਹੁਣ ਵਾਲ਼ੇ ਗੁਲਾਮ ਤਿਆਰ ਕਰਨੇ। ਹੁਣ ਫਰਕ ਸਿਰਫ ਇੰਨਾ ਪਿਆ ਹੈ ਕਿ ਕਲਰਕਾਂ ਅਤੇ ਗੁਲਾਮ ਮਾਨਸਿਕਤਾ ਵਾਲ਼ੇ ਪੜ੍ਹੇ-ਲਿਖੇ ਲੋਕਾਂ ਦੀ ਲੋੜ ਅੰਗਰੇਜ਼ਾਂ ਨੂੰ ਨਾ ਹੋ ਕੇ, ਦੇਸੀ ਸਰਮਾਏਦਾਰਾਂ ਨੂੰ ਤੇ ਉਹਨਾਂ ਦੀ ਸਰਕਾਰ ਨੂੰ ਹੈ। ਸਾਡੇ ਸਿੱਖਿਆ ਢਾਂਚੇ ਦਾ ਇਹ ਉਦੇਸ਼ ਹੀ ਨਹੀਂ ਹੈ ਕਿ ਬੱਚਿਆਂ ਨੂੰ ਚੰਗਾ ਇਨਸਾਨ ਬਣਨ ਦੀ ਸਿੱਖਿਆ ਦਿੱਤੀ ਜਾਵੇ, ਬੱਚਿਆਂ 'ਚ ਸਿਰਜਣਾਤਮਕਤਾ,

ਇਨਸਾਨੀਅਤ ਪ੍ਰਤੀ ਪਿਆਰ ਜਾਗ੍ਰਤ ਕੀਤਾ ਜਾਵੇ। ਦੂਜਿਆਂ ਦੇ ਸਿਰ 'ਤੇ ਪੈਰ ਰੱਖ ਕੇ ਅੱਗੇ ਵਧਣ ਅਤੇ ਪੜ੍ਹ ਲਿਖ ਕੇ ਦੂਜਿਆਂ 'ਤੇ ਹੁਕਮ ਚਲਾਉਣ ਦੀ ਸਿੱਖਿਆ ਦੇਣਾ ਹੀ ਇਸ ਵਿੱਦਿਅਕ ਢਾਂਚੇ ਦਾ ਸਾਰਤੱਤ ਹੈ। ਇੱਕ ਕਦੇ ਨਾ ਖਤਮ ਹੋਣ ਵਾਲ਼ੀ ਮੁਕਾਬਲੇਬਾਜ਼ੀ ਤੇ ਚੂਹਾ ਦੌੜ ਹੀ ਸਰਮਾਏਦਾਰੀ ਸਮਾਜ ਦਾ ਨਿਯਮ ਹੁੰਦਾ ਹੈ ਜਿਸ ਵਿੱਚ ਹਰ ਕੋਈ ਕਿਸੇ ਵੀ ਤਰੀਕੇ ਦੂਜਿਆਂ ਨਾਲੋਂ ਅੱਗੇ ਲੰਘਣਾ ਚਾਹੁੰਦਾ ਹੈ ਜੋ ਉਸ ਲਈ ਲਾਜ਼ਮੀ ਵੀ ਹੈ ਜੇ ਉਸਨੇ ਆਪਣੀ ਹੈਸੀਅਤ ਨੂੰ ਬਣਾਈ ਰੱਖਣਾ ਹੈ ਜਾਂ ਇਸਨੂੰ ਉੱਚਾ ਚੁੱਕਣਾ ਹੈ। ਇਹੀ ਮੁਕਾਬਲੇਬਾਜ਼ੀ ਬੱਚਿਆਂ ਦੇ ਮਾਮਲੇ 'ਚ ਸਦਾ ਉਚੇਰੀ ਹੁੰਦੀ ਜਾ ਰਹੀ ਨੰਬਰਾਂ ਦੀ ਦੌੜ ਅਤੇ ਮਾਪਿਆਂ ਦੀਆਂ ਉਮੀਦਾਂ ਦੇ ਰੂਪ 'ਚ ਪ੍ਰਗਟ ਹੁੰਦੀ ਹੈ ਜੋ ਬੱਚਿਆਂ ਦੇ ਕੋਮਲ ਮਨਾਂ 'ਤੇ ਅਸਹਿ ਦਬਾਅ ਪੈਦਾ ਕਰਦੀਆਂ ਹਨ ਅਤੇ ਮਾਨਸਿਕ ਵਿਗਾੜਾਂ ਨੂੰ ਜਨਮ ਦਿੰਦੀਆਂ ਹਨ।ਮੁਕਾਬਲੇ ਤੇ ਉਮੀਦਾਂ ਦਾ ਦਬਾਅ, ਭਿਅੰਕਰ ਅਲਹਿਦਗੀ ਅਤੇ ਮਾਨਸਿਕ ਖਿੰਡਾਅ ਦੀਆਂ ਹਾਲਤਾਂ ਦਰਦਨਾਕ ਘਟਨਾਵਾਂ ਨੂੰ ਜਨਮ ਦਿੰਦੀਆਂ ਹਨ। ਇਸ ਲਈ ਇਸ ਵਿੱਦਿਅਕ ਢਾਂਚੇ ਤੋਂ ਕੋਈ ਵੀ ਅਜਿਹੀ ਉਮੀਦ ਰੱਖਣੀ ਕਿ ਇਹ ਬੱਚਿਆਂ ਦਾ ਸਿਹਤਮੰਦ ਸਰੀਰਕ ਤੇ ਮਾਨਸਿਕ ਵਿਕਾਸ ਕਰੇਗਾ, ਉੱਕਾ ਹੀ ਅਧਾਰਹੀਣ ਹੋਵੇਗਾ।

ਰਹਿੰਦੀ ਖੂੰਹਦੀ ਕਸਰ ਅਧਿਆਪਕਾਂ ਦੇ ਸਕੂਲੀ ਪੜ੍ਹਾਈ ਪ੍ਰਤੀ ਵਤੀਰੇ ਨਾਲ਼ ਨਿਕਲ ਜਾਂਦੀ ਹੈ। ਸੋਵੀਅਤ ਸਿੱਖਿਆ ਸ਼ਾਸ਼ਤਰੀ ਸੁਖੋਮਲਿੰਸਕੀ ਨੇ ਕਿਹਾ ਸੀ ਕਿ ਇਹ ਬਹੁਤ ਅਹਿਮੀਅਤ ਰੱਖਦਾ ਹੈ ਕਿ ਕੁਦਰਤ, ਖੇਡਾਂ, ਸੰਗੀਤ, ਖਿਆਲ-ਉਡਾਰੀਆਂ ਤੇ ਰਚਨਾਤਮਕਤਾ ਦੇ ਜਿਸ ਸੰਸਾਰ ਨੇ ਬੱਚੇ ਨੂੰ ਸਕੂਲ ਜਾਣ ਤੋਂ ਪਹਿਲਾਂ ਘੇਰ ਰੱਖਿਆ ਹੁੰਦਾ ਹੈ, ਉਸਨੂੰ ਸਕੂਲ ਦੇ ਪੜ੍ਹਾਈ ਕਮਰੇ ਤੋਂ ਬਾਹਰ ਨਾ ਰੋਕ ਦਿੱਤਾ ਜਾਵੇ। ਉਹਨਾਂ ਅਨੁਸਾਰ ਬੱਚੇ ਦੇ ਮਨ ਨੂੰ ਛੂਹਣਾ ਉਵੇਂ ਹੀ ਹੈ ਜਿਵੇਂ ਤ੍ਰੇਲ ਦੀਆਂ ਬੂੰਦਾਂ ਨਾਲ਼ ਸਜੇ ਗੁਲਾਬ ਦੇ ਨਾਜ਼ੁਕ ਫੁੱਲ ਨੂੰ ਛੂਹਣਾ ਤੇ ਤ੍ਰੇਲ ਦੀਆਂ ਬੂੰਦਾਂ ਨੂੰ ਡਿੱਗਣ ਨਾ ਦੇਣਾ। ਹੁਣ ਜੇ ਅਸੀਂ ਆਪਣੇ ਸਕੂਲਾਂ ਵੱਲ ਇੱਕ ਨਜ਼ਰ ਮਾਰੀਏ ਤਾਂ ਸਾਫ ਦਿਖ ਜਾਵੇਗਾ ਕਿ ਅਸੀਂ ਕਿੱਥੇ ਖੜੇ ਹਾਂ। ਬਹੁਤੇ ਅਧਿਆਪਕਾਂ ਲਈ ਅਧਿਆਪਨ ਦਾ ਪੇਸ਼ਾ ਰੋਜ਼ੀ-ਰੋਟੀ ਦਾ ਸਾਧਨ ਹੈ ਨਾ ਕਿ ਮਨੁੱਖਤਾ ਪ੍ਰਤੀ ਕੋਈ ਜ਼ਿੰਮੇਵਾਰੀ। ਸਿੱਖਿਆ ਸ਼ਾਸ਼ਤਰੀਆਂ ਦੀਆਂ ਕਿਰਤਾਂ, ਸਾਹਿਤ ਦਾ ਅਧਿਐਨ ਬਹੁਤਿਆਂ ਲਈ ਓਨਾ ਹੀ ਓਪਰਾ ਹੈ ਜਿੰਨਾ ਕਰੇਲੇ ਲਈ ਮਿਠਾਸ। ਜੇ ਗੱਲ ਕਰੋ ਤਾਂ ਜਵਾਬ ਮਿਲੇਗਾ ਕਿ ਸਮਾਂ ਹੀ ਨਹੀ ਮਿਲਦਾ ਜਾਂ ਦਿਲ ਨਹੀਂ ਕਰਦਾ। ਫਿਰ ਜੇ ਅਧਿਆਪਕ ਕੋਲ਼ ਇਸ ਕੰਮ ਲਈ ਸਮਾਂ ਨਹੀਂ ਜਾਂ ਦਿਲ ਨਹੀਂ ਕਰਦਾ ਤਾਂ ਉਸਨੂੰ ਅਧਿਆਪਕ ਹੋਣ ਦਾ ਵੀ ਕੀ ਹੱਕ ਰਹਿ ਜਾਂਦਾ ਹੈ। ਪੈਸਾ ਤਾਂ ਪ੍ਰਾਪਰਟੀ ਡੀਲਰ, ਦੁਕਾਨਦਾਰ, ਸਮੱਗਲਰ ਵੀ ਕਮਾਉਂਦੇ ਹਨ, ਫਿਰ ਉਹੋ ਜਿਹਾ ਕੁਝ ਕਰ ਲਿਆ ਜਾਵੇ, ਅਧਿਆਪਨ ਨੂੰ ਕਿਉਂ ਪਤਿਤ ਕਰਦੇ ਹੋ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਅਧਿਆਪਕਾਂ 'ਤੇ ਵੀ 'ਨਤੀਜੇ' ਦਿਖਾਉਣ ਦਾ ਦਬਾਅ ਰਹਿੰਦਾ ਹੈ ਜੋ ਪ੍ਰਾਈਵੇਟ ਸਕੂਲਾਂ (ਜਿਹਨਾਂ ਦਾ ਮਕਸਦ ਸਿੱਖਿਆ ਘੱਟ, ਮੁਨਾਫਾ ਜ਼ਿਆਦਾ ਹੁੰਦਾ ਹੈ) 'ਚ ਹੋਰ ਵੀ ਜ਼ਿਆਦਾ ਹੈ ਜਿੱਥੇ ਅਧਿਆਪਕ ਦੀ ਨੌਕਰੀ ਵੀ ਖੁੱਸ ਸਕਦੀ ਹੈ। ਇਹ ਦਬਾਅ ਬੱਚਿਆਂ ਦੇ ਮਨ, ਸਮਰੱਥਾ ਤੇ ਘਰੇਲੂ ਹਾਲਤਾਂ ਨੂੰ ਸਮਝੇ ਬਿਨਾਂ ਸਖਤੀ ਕਰਨ ਦੀ ਪ੍ਰਵਿਰਤੀ ਪੈਦਾ ਕਰਦਾ ਹੈ ਜਿਸ ਨਾਲ਼ ਬੱਚਿਆਂ ਦੇ ਮਨਾਂ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਉਹਨਾਂ 'ਚ ਬਦਲਾਖੋਰੀ ਦੀ ਭਾਵਨਾ ਪੈਦਾ ਹੁੰਦੀ ਹੈ।

ਇਸ ਤੋਂ ਇਲਾਵਾ ਮਾਪਿਆਂ ਦਾ ਸਮਾਜ ਦੇ ਦੂਜੇ ਮੈਂਬਰਾਂ ਪ੍ਰਤੀ ਵਰਤਾਅ ਬੱਚਿਆਂ 'ਚ ਵੀ ਉਹੋ ਜਿਹੇ ਸੁਭਾਅ ਤੇ ਪ੍ਰਵਿਰਤੀਆਂ ਨੂੰ ਉਤਸ਼ਾਹਿਤ ਕਰਦਾ ਹੈ ਕਿਉਂਕਿ ਬੱਚੇ ਵੱਡਿਆਂ ਦੀ ਨਕਲ ਬਾਖੂਬੀ ਕਰਦੇ ਹਨ। ਹੁਣ ਜੇ ਮਾਂ-ਪਿਉ ਲਈ ਸਮਾਜ 'ਚ ਆਪਣੇ ਬੱਚੇ ਤੋਂ ਬਿਨਾਂ ਹੋਰ ਕੋਈ ਵਸਦਾ ਹੀ ਨਹੀਂ ਤੇ ਉਹ ਆਪਣਾ ਸਾਰਾ ਪਿਆਰ ਤੇ ਧਿਆਨ ਬੱਚੇ ਲਈ ਰਾਖਵਾਂ ਕਰ ਦਿੰਦੇ ਹਨ ਤਾਂ ਅਜਿਹੇ ਬੱਚੇ ਤੋਂ ਵੱਡੇ ਹੋ ਕੇ ਸੰਵੇਦਨਸ਼ੀਲ ਹੋਣ ਦੀ ਬਹੁਤੀ ਉਮੀਦ ਨਹੀਂ ਕੀਤੀ ਜਾ ਸਕਦੀ। ਇਸੇ ਤਰ੍ਹਾਂ ਪਰਿਵਾਰਾਂ ਦੇ ਟੁੱਟਣ ਅਤੇ ਮਾਪਿਆਂ ਦੇ ਆਪਸੀ ਝਗੜਿਆਂ ਦਾ ਬੱਚਿਆਂ 'ਤੇ ਪੈਂਦਾ ਬੁਰਾ ਪ੍ਰਭਾਵ ਵੀ ਵਿਚਾਰ ਅਧੀਨ ਆਉਂਦਾ ਹੈ। ਸਾਂਝੇ ਪਰਿਵਾਰ ਹੁਣ ਰਹੇ ਨਹੀਂ ਅਤੇ ਪੂਰਾ ਸਮਾਜਕ ਢਾਂਚਾ ਅਜਿਹਾ ਹੈ ਕਿ ਹਰ ਆਦਮੀ ਇਕੱਲੇਪਣ ਦਾ ਸ਼ਿਕਾਰ ਹੈ।

ਹੁਣ ਤੱਕ ਅਸੀਂ ਜਿਹਨਾਂ ਕਾਰਕਾਂ ਦੀ ਗੱਲ ਕੀਤੀ ਹੈ, ਉਹਨਾਂ ਦੀ ਵੀ ਕੋਈ ਆਪਣੀ ਅਲੱਗ-ਅਲੱਗ ਹੋਂਦ ਨਹੀਂ ਹੈ। ਉਹ ਜਿੱਥੇ ਇੱਕ-ਦੂਜੇ ਨਾਲ਼ ਜੁੜੇ ਹੋਏ ਹਨ, ਉੱਥੇ ਉਹਨਾਂ ਦਾ ਅਧਾਰ ਸਮਾਜ ਦਾ ਆਰਥਕ ਢਾਂਚਾ ਪੈਦਾ ਕਰਦਾ ਹੈ ਜੋ ਆਪਣੇ ਅਨੁਰੂਪ ਸਮਾਜਕ ਢਾਂਚੇ ਨੂੰ ਜਨਮ ਦਿੰਦਾ ਹੈ। ਸਮਾਜਕ ਹਾਲਤਾਂ ਨੂੰ ਬਦਲਣਾ ਆਰਥਕ ਬੁਨਿਆਦ ਨੂੰ ਬਦਲਣਾ ਹੈ। ਪਰ ਅਜਿਹਾ ਵੀ ਨਹੀਂ ਹੈ ਕਿ ਜਿੰਨਾ ਚਿਰ ਆਰਥਕ ਬੁਨਿਆਦ ਨਹੀਂ ਬਦਲਦੀ ਓਨਾ ਚਿਰ ਕੁਝ ਨਹੀਂ ਹੋ ਸਕਦਾ। ਸਾਨੂੰ ਸਚੇਤਨ ਯਤਨ ਕਰਨੇ ਪੈਣਗੇ। ਇਲੈਕਟ੍ਰਾਨਿਕ ਮੀਡੀਏ ਦੇ ਟਾਕਰੇ ਲਈ ਅਤੇ ਬੱਚਿਆਂ ਨੂੰ ਇਸਦੇ ਪ੍ਰਭਾਵ 'ਚੋਂ ਕੱਢਣ ਲਈ ਸਾਨੂੰ ਬਦਲਵੇਂ ਸਾਧਨ ਖੜ੍ਹੇ ਕਰਨੇ ਚਾਹੀਦੇ ਹਨ। ਘੱਟੋ-ਘੱਟ ਪੜ੍ਹਿਆ-ਲਿਖਿਆ ਆਦਮੀ ਤਾਂ ਆਪਣੇ ਘਰ ਲਾਇਬ੍ਰੇਰੀ ਬਣਾ ਹੀ ਸਕਦਾ ਹੈ। ਇਸ ਤੋਂ ਇਲਾਵਾ, ਪਿੰਡਾਂ, ਸ਼ਹਿਰਾਂ, ਮੁਹੱਲਿਆਂ 'ਚ ਲਾਇਬ੍ਰੇਰੀਆਂ ਸਥਾਪਤ ਕਰਨੀਆਂ ਬਹੁਤ ਜ਼ਰੂਰੀ ਹਨ ਜਿਸ ਰਾਹੀਂ ਉਸਾਰੂ ਬਾਲ-ਸਾਹਿਤ ਬੱਚਿਆਂ ਤੱਕ ਪਹੁੰਚੇ। ਬਾਲ ਮੇਲਿਆਂ ਅਤੇ ਸਿਰਜਣਾਤਮਕ ਕੈਂਪਾਂ ਦਾ ਆਯੋਜਨ ਕਰਨਾ ਅਤੇ ਬੱਚਿਆਂ ਨੂੰ ਆਪਣੇ ਦੇਸ਼ ਤੇ ਪੂਰੀ ਦੁਨੀਆਂ ਦੇ ਉਹਨਾਂ ਨਾਇਕਾਂ ਜਿਹਨਾਂ ਨੇ ਆਪਣੀ ਜ਼ਿੰਦਗੀ ਮਨੁੱਖਤਾ ਨੂੰ ਸਮਰਪਤ ਕੀਤੀ, ਤੋਂ ਜਾਣੂ ਕਰਵਾਉਣਾ ਹੋਵੇਗਾ। ਇਸ ਲਈ ਨਾਟਕ, ਸੰਗੀਤ, ਸਿਨੇਮਾ ਆਦਿ ਮਾਧਿਅਮਾਂ ਦੀ ਲੋਕ-ਪੱਖੀ ਵਰਤੋਂ ਕਰਦੇ ਹੋਏ ਇੱਕ ਸਭਿਆਚਾਰਕ ਮੁਹਿੰਮ ਦੀ ਜ਼ਰੂਰਤ ਹੈ। ਇੱਕ ਵਾਰ ਫਿਰ ਸੁਖੋਮਲਿੰਸਕੀ ਦੇ ਸ਼ਬਦਾਂ 'ਚ, ਬੱਚਿਆਂ ਨੂੰ ਜਿਉਂਦੀਆਂ ਚੀਜ਼ਾਂ ਤੇ ਕੁਦਰਤ ਨੂੰ ਪਿਆਰ ਕਰਨਾ ਸਿਖਾਉਣਾ ਹੋਵੇਗਾ, ਉਹਨਾਂ ਨੂੰ ਬੇਇਨਸਾਫੀ, ਜ਼ੁਲਮ, ਲੁੱਟ ਦੇ ਮਾਅਨੇ ਦੱਸਣੇ ਪੈਣਗੇ ਅਤੇ ਇਹਨਾਂ ਨੂੰ ਨਫਰਤ ਕਰਨਾ ਸਿਖਾਉਣਾ ਹੋਵੇਗਾ ਜਿਸ ਲਈ ਸਾਨੂੰ ਖੁਦ ਸਿੱਖਿਅਤ ਹੋਣਾ ਪਵੇਗਾ ਅਤੇ ਉਦਾਹਰਨ ਬਣਨਾ ਪਵੇਗਾ। ਅੰਤ ਵਿੱਚ ਮਹਾਨ ਚੀਨੀ ਲੇਖਕ ਲੂ ਸ਼ੁਨ ਦੀਆਂ ਇਹ ਸਤਰਾਂ ਯਾਦ ਕਰੀਏ - "ਸੰਭਵ ਹੈ ਕਿ ਨਵੀਂ ਪੀੜ੍ਹੀ ਦੇ ਛੋਟੇ ਬੱਚਿਆਂ ਨੇ ਅਜੇ ਨਰ-ਮਾਸ ਨਾ ਖਾਧਾ ਹੋਵੇ। ਇਹਨਾਂ ਬੱਚਿਆਂ ਨੂੰ ਤਾਂ ਬਚਾਈਏ!..."

• • •

ਸਮਾਜਕ ਮਸਲੇ

ਧਾਰਮਿਕਤਾ ਬਨਾਮ ਤਰਕਸ਼ੀਲਤਾ

• **ਅਰਵਿੰਦ**

ਕੁਝ ਦਿਨ ਪਹਿਲਾਂ ਦੀ ਗੱਲ ਹੈ, ਯੂਨੀਵਰਸਿਟੀ ਦੀ ਇੱਕ ਜਮਾਤ 'ਚ ਇੰਝ ਹੀ ਗੱਲਬਾਤ ਦੌਰਾਨ ਸਾਡੀ ਅਧਿਆਪਕਾ ਨੇ ਇੱਕ ਪੁਸਤਕ ਬਾਰੇ ਦੱਸਿਆ ਜਿਸਦਾ ਨਾਮ 'ਸੋਲ ਆਫਟਰ ਡੇਥ' ਹੈ। ਉਸਦਾ ਕਹਿਣਾ ਸੀ ਕਿ ਇਸਨੂੰ ਇੱਕ ਸਾਇਕੋਟ੍ਰੈਟ ਰਾਹੀਂ ਲਿਖਿਆ ਗਿਆ ਹੈ ਅਤੇ ਭੂਤ-ਵਿਦਿਆ 'ਚ ਉਹ ਵਿਸ਼ਵਾਸ ਰੱਖਦੀ ਹੈ। ਮੌਤ ਮਗਰੋਂ ਆਤਮਾ ਸਰੀਰ ਤੋਂ ਵੱਖ ਹੋ ਕੇ ਭੂਤ ਵਗੈਰਾ ਦੇ ਰੂਪ 'ਚ ਅਜ਼ਾਦ ਘੁੰਮਦੀ ਹੈ, ਜਦੋਂ ਤੱਕ ਉਸਨੂੰ ਦੂਜਾ ਸਰੀਰ ਨਹੀਂ ਮਿਲ ਜਾਂਦਾ! ਤੁਰੰਤ ਇੱਕ ਸਹਿਪਾਠੀ ਦਾ ਕਹਿਣਾ ਸੀ ਕਿ ਸ਼੍ਰੀਰਾਮ ਸ਼ਰਮਾ ਅਚਾਰਿਆ ਨੇ ਵੀ ਭੂਤ-ਵਿਦਿਆ, ਆਤਮਾ, ਪਰਮਾਤਮਾ 'ਤੇ ਬਹੁਤ ਕੁਝ ਲਿਖਿਆ ਹੈ! ਮੇਰੇ ਇੱਕ ਮਿੱਤਰ ਨੇ ਵੀ ਗੱਲਬਾਤ 'ਚ ਦਖਲ ਦਿੰਦੇ ਹੋਏ ਸਵਾਲ ਉਠਾਇਆ ਕਿ ਆਤਮਾ ਜਾਂ ਭੂਤ ਆਦਿ ਦੀਆਂ ਬੇਹੂਦਾ ਗੱਲਾਂ ਦੀ ਬਜਾਏ ਜੀਵ ਵਿਗਿਆਨ ਤਾਂ ਵੱਖ ਹੀ ਤਰ੍ਹਾਂ ਨਾਲ਼ ਜਨਮ ਅਤੇ ਮੌਤ ਦੀ ਕਹਾਣੀ ਬਿਆਨ ਕਰਦਾ ਹੈ ਕਿ ਬੱਚਾ ਪੈਦਾ ਹੋਣ ਤੋਂ ਪਹਿਲਾਂ ਗਰਭ 'ਚ ਹੀ ਉਹ ਜੀਵਤ ਅਵਸਥਾ 'ਚ ਹੁੰਦਾ ਹੈ ਅਤੇ ਨਰ ਦੇ ਸ਼ੁਕਰਾਣੂ ਅਤੇ ਮਾਦਾ ਦੇ ਅੰਡਾਣੂ ਖੁਦ ਪਦਾਰਥ ਦੇ ਇੱਕ ਜੀਵਤ ਰੂਪ ਹਨ; ਜੀਵਨ ਅਤੇ ਮੌਤ ਦੀ ਪ੍ਰਕ੍ਰਿਆ ਨੂੰ ਵੀ ਅਸਾਨੀ ਨਾਲ਼ ਸਮਝਿਆ ਜਾ ਸਕਦਾ ਹੈ। ਮੇਰੇ ਮਿੱਤਰ ਦਾ ਅਜਿਹਾ ਬੋਲਣਾ ਹੋਇਆ ਕਿ ਕਈ ਹੋਰ ਵੀ ਬਹਿਸ 'ਚ ਕੁੱਦ ਪਏ ਪਰ ਅਜਿਹਾ ਹੋਣ 'ਤੇ ਮੈਡਮ ਜੀ ਇਹਨਾਂ ਸਭ ਗੱਲਾਂ ਨੂੰ ਛੱਡ ਕੇ ਪੜ੍ਹਾਈ 'ਚ ਧਿਆਨ ਦੇਣ ਲਈ ਕਹਿਣ ਲੱਗੀ ਅਤੇ ਗੱਲ ਇੱਥੇ ਖ਼ਤਮ ਹੋ ਗਈ।

ਥੋੜ੍ਹੇ ਹੀ ਸਮੇਂ ਮਗਰੋਂ ਇੱਕ ਦੁਖਦਾਈ ਘਟਨਾ ਮੂਹਰੇ ਆਈ ਜਿਹੜੀ ਉਸੇ ਸ਼੍ਰੀਰਾਮ ਸ਼ਰਮਾ ਅਚਾਰਿਆ ਦੇ ਸ਼ਾਂਤੀਕੁੰਜ ਗਾਇਤਰੀ ਪੀਠ ਦੀ ਸੀ ਜਿਸਦਾ ਜ਼ਿਕਰ ਮੇਰੇ ਸਹਿਪਾਠੀ ਨੇ ਕੀਤਾ ਸੀ। ਉੱਥੇ ਇੱਕ ਭਗਦੜ ਦੌਰਾਨ ਲਗਭਗ 20 ਲੋਕ (ਜਿਸ 'ਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ) ਕੁਚਲ ਕੇ ਮਾਰੇ ਗਏ, ਘਟਨਾ 7 ਦਸੰਬਰ 2011 ਨੂੰ ਉਸ ਸਮੇਂ ਵਾਪਰੀ ਜਦੋਂ ਸ਼ਾਂਤੀਕੁੰਜ ਆਸ਼ਰਮ ਦੇ ਮੋਢੀ ਸ਼੍ਰੀਰਾਮ ਸ਼ਰਮਾ ਅਚਾਰਿਆ ਦੇ ਜਨਮ ਸ਼ਤਾਬਦੀ ਸਮਾਰੋਹ 'ਤੇ ਪੰਜ ਦਿਨੀਂ ਗਾਇਤਰੀ ਮਹਾਂਕੁੰਭ ਦਾ ਆਯੋਜਨ ਹੋ ਰਿਹਾ ਸੀ। ਯੱਗਸ਼ਾਲਾ ਦੇ ਅੰਦਰ ਹਵਨ ਦੌਰਾਨ ਉੱਠੇ ਧੂੰਏ ਨਾਲ਼ ਦਮ ਘੁਟਣਾ ਅਤੇ ਗੇਟ 'ਤੇ ਪਹਿਲਾਂ ਤੋਂ ਹੀ ਭਾਰੀ ਭੀੜ ਹੋਣਾ ਅਫ਼ਰਾ-ਤਫ਼ਰੀ ਦਾ ਮੁੱਖ ਕਾਰਨ ਸੀ।

ਖ਼ਾਸ ਗੱਲ ਇਹ ਸੀ ਕਿ ਹਾਦਸੇ ਸਮੇਂ ਹਿਮਾਚਲ ਪ੍ਰਦੇਸ਼ ਦੇ ਮੁੱਖਮੰਤਰੀ ਪ੍ਰੇਮ ਕੁਮਾਰ ਧੂਮਲ ਯੱਗ ਕਰ ਰਹੇ ਸਨ। ਭਾਜਪਾ ਪ੍ਰਧਾਨ ਨਿਤਿਨ ਗਡਕਰੀ, ਉਤਰਾਖੰਡ ਦੇ ਮੁੱਖਮੰਤਰੀ ਬੀ. ਸੀ. ਖੰਡੂਰੀ ਅਤੇ ਮੱਧਪ੍ਰਦੇਸ਼ ਦੇ ਮੁੱਖਮੰਤਰੀ ਸ਼ਿਵਰਾਜ ਸਿੰਘ ਚੌਹਾਨ ਸਹਿਤ ਕਈ ਆਲਾ ਅਫ਼ਸਰ ਸਮਾਰੋਹ 'ਚ ਪਹੁੰਚਣ ਵਾਲ਼ੇ ਸਨ। ਸ਼ਾਂਤੀਕੁੰਜ ਦੇ ਸੰਚਾਲਕ ਡਾ. ਪ੍ਰਣਵ ਪਾਂਡਿਆ ਨੇ ਹਾਦਸੇ ਦੀ ਨੈਤਿਕ ਜ਼ਿੰਮੇਵਾਰੀ ਤਾਂ ਲਈ ਪਰ ਨਾਲ਼ ਹੀ ਬਹੁਤ ਬੇਸ਼ਰਮੀ ਨਾਲ਼ ਇਸਨੂੰ ਇੱਕ ਦੈਵੀ ਹਾਦਸਾ ਵੀ ਦੱਸਿਆ।

ਇਹ ਪਹਿਲੀ ਘਟਨਾ ਨਹੀਂ ਸੀ ਕਿ ਜਦੋਂ ਧਾਰਮਿਕ ਅੰਧਵਿਸ਼ਵਾਸ ਅਤੇ ਇਹਨਾਂ ਅਖੌਤੀ ਅਧਿਆਤਮਿਕ ਪ੍ਰਚਾਰਕਾਂ ਦੇ ਪਖੰਡ ਕਾਰਨ ਲੋਕ ਮੌਤ ਦਾ ਸ਼ਿਕਾਰ ਹੋਏ ਹਨ। ਜਨਵਰੀ 2005 'ਚ ਹਿਮਾਚਲ 'ਚ ਨੈਣਾ ਦੇਵੀ ਮੰਦਿਰ 'ਚ ਭਗਦੜ ਨਾਲ਼ 340 ਲੋਕ ਮਾਰੇ ਗਏ। 2008 'ਚ ਰਾਜਸਥਾਨ ਦੇ ਚਾਮੁੰਡਾ ਦੇਵੀ ਮੰਦਿਰ 'ਚ ਭਗਦੜ ਨਾਲ਼ 216 ਮੌਤਾਂ ਹੋਈਆਂ। ਜਨਵਰੀ 2010 'ਚ ਕ੍ਰਿਪਾਲੂ ਮਹਾਰਾਜ ਦੇ ਆਸ਼ਰਮ 'ਚ 63 ਮੌਤਾਂ ਹੋਈਆਂ। ਜਨਵਰੀ 2011 ਨੂੰ ਕੇਰਲਾ ਦੇ ਸਬਰੀਵਾਲ਼ਾ 'ਚ 104 ਲੋਕ ਮਾਰੇ ਗਏ। ਇਹਨਾਂ ਸਭ ਤੋਂ ਛੁੱਟ ਮੁਹੱਰਮ ਅਤੇ ਹੋਰ ਧਾਰਮਿਕ ਉਤਸਵਾਂ 'ਤੇ ਵੀ ਮਚਣ ਵਾਲ਼ੀਆਂ ਭਗਦੜਾਂ 'ਚ ਲੋਕ ਮੌਤ ਦਾ ਸ਼ਿਕਾਰ ਹੁੰਦੇ ਹਨ। ਰੋਜ਼ਾਨਾ ਪੀਰਾਂ, ਫ਼ਕੀਰਾਂ ਅਤੇ ਝਾੜਫੂਕ ਦੇ ਚੱਕਰ 'ਚ ਹੋਣ ਵਾਲ਼ੀਆਂ ਮੌਤਾ ਦਾ ਤਾਂ ਹਿਸਾਬ ਹੀ ਨਹੀਂ ਹੈ ਜਿਹੜੀਆਂ ਮੂਹਰੇ ਨਹੀਂ ਆ ਸਕਦੀਆਂ। ਇਸ ਤਰ੍ਹਾਂ ਦੀਆਂ ਸਾਰੀਆਂ ਘਟਨਾਵਾਂ ਇਹ ਦਰਸਾਉਂਦੀਆਂ ਹਨ ਕਿ ਅੰਧਵਿਸ਼ਵਾਸਾਂ ਨਾਲ਼ ਹੋਣ ਵਾਲ਼ੀਆਂ ਮੌਤਾਂ ਕਿਸੇ ਵੀ ਤਰ੍ਹਾਂ ਨਾਲ਼ ਧਾਰਮਿਕ ਕੱਟੜਤਾ ਨਾਲ਼ ਹੋਣ ਵਾਲ਼ੀਆਂ ਮੌਤਾਂ ਤੋਂ ਘੱਟ ਨਹੀਂ ਹਨ। ਮਾਨਵ ਜੀਵਨ ਦਾ ਇਸ ਤਰ੍ਹਾਂ ਸਮਾਪਤ ਹੋਣਾ ਕਈ ਸਵਾਲਾਂ ਨੂੰ ਖੜ੍ਹਾ ਕਰ ਦਿੰਦਾ ਹੈ।

ਪਹਿਲਾ ਸਵਾਲ ਤਾਂ ਉੱਠਦਾ ਹੈ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ 'ਤੇ ਜਿੱਥੇ ਸਮੱਸਿਆ ਦੇ ਬੁਨਿਆਦੀ ਕਾਰਨਾਂ ਦੀ ਬਜਾਏ ਤੱਥਾਂ ਨੂੰ ਸਨਸਨੀਖੇਜ਼ ਢੰਗ ਨਾਲ਼ ਦਿਖਾਇਆ ਭਰ ਜਾਂਦਾ ਹੈ। ਜਦੋਂ ਵਿਗਿਆਨ ਬ੍ਰਹਮੰਡ ਦੀ ਬੁਨਿਆਦ ਦੀ ਤਲਾਸ਼ ਕਰ ਰਿਹਾ ਹੈ, ਕਵਾਂਟਮ ਜਗਤ, ਨੈਨੋ ਟੈਕਨੋਲਾਜੀ ਅਤੇ ਬਣਾਵਟੀ ਜੀਨੋਮ ਤੱਕ ਪਹੁੰਚ ਚੁੱਕਿਆ ਹੈ, ਭੂਗੋਲਿਕ ਵਿਗਿਆਨ, ਡਾਰਵਿਨ ਰਾਹੀਂ ਵਿਕਾਸਵਾਦ ਦੇ ਸਿਧਾਂਤ ਦੀ ਖੋਜ ਅਤੇ ਸੈੱਲ ਵਿਕਾਸ ਸਿਧਾਂਤ ਰਾਹੀਂ ਬਹੁਤ ਪਹਿਲਾਂ ਹੀ ਕਿਸੇ ਦੈਵੀ ਸੱਤਾ ਦੀ ਮੌਜੂਦਗੀ ਨੂੰ ਨਕਾਰਿਆ ਜਾ ਚੁੱਕਿਆ ਹੈ, ਤਦ ਵੀ ਅਖ਼ਬਾਰਾਂ ਦੇ ਪੰਨੇ ਦੇ ਪੰਨੇ ਕਰਮਕਾਂਡਾਂ ਅਤੇ ਦੇਵੀ-ਦੇਵਤਾਵਾਂ ਦੇ ਕਿਰਦਾਰਾਂ ਨਾਲ਼ ਰੰਗੇ ਜਾਂਦੇ ਹਨ। ਟੈਲੀਵੀਜ਼ਨ ਦੇ ਕਈ ਚੈਨਲ ਤਾਂ ਸਪੈਸ਼ਲ ਧਾਰਮਿਕ ਕਰਮਕਾਂਡਾਂ ਦੇ ਪ੍ਰਚਾਰ ਅਤੇ ਖੂਹ ਦਾ ਡੱਡੂਪੁਣਾ ਫੈਲਾਉਣ ਦਾ ਕੰਮ ਹੀ ਕਰਦੇ ਹਨ, ਕਈ ਵਾਰੀ ਤਾਂ ਖ਼ਬਰਿਆਂ ਚੈਨਲਾਂ ਤੱਕ 'ਤੇ ਸਨਸਨੀਖੇਜ਼ ਢੰਗ ਨਾਲ਼ ਹੱਦ ਦਰਜੇ ਦੇ ਗ਼ੈਰ-ਤਰਕਸ਼ੀਲ ਅਤੇ ਘਟੀਆ ਪ੍ਰੋਗਰਾਮ ਪਰੋਸੇ ਜਾਂਦੇ ਹਨ। ਦੂਜਾ ਸਵਾਲ ਦੇਸ਼ ਦੇ ਬੌਧਿਕ ਤਬਕੇ 'ਤੇ ਉੱਠਦਾ ਹੈ ਜਿਹੜਾ ਲੋਕਾਂ ਦੇ ਸਰੋਤਾਂ 'ਤੇ ਅਯੱਾਸ਼ੀ ਕਰਦਾ ਹੋਇਆ ਸਿੱਖਿਆ ਅਦਾਰਿਆਂ ਤੱਕ ਪਹੁੰਚ ਜਾਂਦਾ ਹੈ। ਬਹੁਤ ਛੋਟੇ ਹਿੱਸੇ ਨੂੰ ਛੱਡ ਕੇ ਵੱਡਾ ਹਿੱਸਾ ਖਾਓ-ਪੀਓ-ਐਸ਼ ਕਰੋ ਦੀ ਉਪਭੋਗਤਾਵਾਦੀ

ਸੱਭਿਆਚਾਰ ਦਾ ਪੈਰੋਕਾਰ ਹੈ ਅਤੇ ਐਮ.ਫਿਲ, ਪੀ.ਐਚ.ਡੀ ਕਰਨ ਦੇ ਬਾਵਜੂਦ ਬਾਂਦਰਾਂ ਅਤੇ ਪੰਖਡੀਆਂ ਅੱਗੇ ਨੱਕ ਰਗੜਦਾ ਫਿਰਦਾ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਵਿਗਿਆਨ ਅਤੇ ਤਰਕ ਨੂੰ ਵੱਧ ਤੋਂ ਵੱਧ ਆਮ ਲੋਕਾਂ ਤੱਕ ਲੈ ਕੇ ਜਾਇਆ ਜਾਵੇ। ਪਰ ਉੱਥੇ "ਪੜ੍ਹੇ-ਲਿਖਿਆ" ਦੇ ਗਿਆਨ ਅਤੇ ਸੰਵੇਦਨਹੀਣਤਾ ਨੂੰ ਦੇਖ ਕੇ ਹੀ ਹੈਰਾਨੀ ਹੁੰਦੀ ਹੈ! ਤੀਜਾ ਸਵਾਲ-ਜਿਹੜਾ ਮੁੱਖ ਸਵਾਲ ਹੈ - ਸਰਮਾਏਦਾਰੀ ਹਕੂਮਤ 'ਤੇ ਉੱਠਦਾ ਹੈ ਜਿਸ 'ਚ ਧਾਰਮਿਕ ਮਾਨਤਾਵਾਂ ਅਤੇ ਮਿੱਥਕਾਂ ਦਾ ਚੁੱਪ ਅਤੇ ਖੁੱਲਾ ਸਮਰਥਨ ਕੀਤਾ ਜਾਂਦਾ ਹੈ। ਸੰਵਿਧਾਨ ਅਨੁਸਾਰ ਸਾਡੇ ਦੇਸ਼ ਦੀ ਹਕੂਮਤ ਧਰਮ ਨਿਰਪੇਖ ਹੈ ਪਰ ਇੱਥੇ ਕਈ ਐਮ.ਪੀਜ਼ ਧਾਰਮਿਕ ਕਾਰਡ ਖੇਡਕੇ ਵੋਟ ਬੈਂਕ ਦੀ ਸਿਆਸਤ 'ਚ ਆਪਣਾ ਹੱਥ ਨਾ ਕੇਵਲ ਅਜਮਾਉਂਦੇ ਹਨ ਸਗੋਂ ਸਿਆਸਤ ਦੇ ਫਾਸਿਸਟੀਕਰਨ 'ਚ ਵੀ ਪਿੱਛੇ ਨਹੀਂ ਹਨ। ਸਰਮਾਏਦਾਰਾਂ, ਐਮ.ਪੀ., ਐਮ. ਐਲ. ਏ. ਅਤੇ ਨੌਕਰਸ਼ਾਹਾਂ ਨੂੰ ਇੱਕ ਹੀ ਮੰਚ 'ਤੇ ਬਹਿ ਕੇ ਨਿਜ਼ੀ ਅਤੇ ਸਰਕਾਰੀ ਫੰਡਾਂ ਨਾਲ਼ ਪਖੰਡੀਆਂ ਨੂੰ ਚੰਦੇ ਦਿੰਦੇ ਹੋਏ ਅਸਾਨੀ ਨਾਲ਼ ਦੇਖਿਆ ਜਾ ਸਕਦਾ ਹੈ। ਵੋਟ ਬੈਂਕ ਦੀ ਸਿਆਸਤ ਲਈ ਅਤਰਕਸ਼ੀਲਤਾ ਦੇ ਪ੍ਰਚਾਰ 'ਚ ਸਹਿਯੋਗ ਦਿੱਤਾ ਜਾਂਦਾ ਹੈ। ਸੂਬਿਆਂ ਦੇ ਮੁੱਖਮੰਤਰੀ ਧਾਰਮਿਕ ਕਰਮਕਾਂਡਾਂ 'ਚ ਨਜ਼ਰ ਆਉਂਦੇ ਹਨ। ਸਰਮਾਏਦਾਰ ਹਾਕਮ ਜਮਾਤ ਇਹ ਕਦੇ ਨਹੀਂ ਚਾਹੇਗੀ ਕਿ ਲੋਕ ਆਪਣੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਦੇਖਣ ਜਾਂ ਸਮਝਣ। ਲਿਹਾਜਾ, ਉਹ ਲੋਕਾਂ 'ਚ ਹਰ ਕਿਸਮ ਦੇ ਢੋਂਗ-ਪਖੰਡ, ਖੂਹ ਦੇ ਡੱਡੂਪੁਣੇ ਅਤੇ ਅਗਿਆਨ ਨੂੰ ਫੈਲਾਉਣ ਦੀ ਸਾਜ਼ਿਸ਼ ਕਰਦੇ ਹਨ। ਐਮ.ਪੀ. ਅਤੇ ਐਮ.ਐਲ. ਏ. ਇੱਕ ਵੱਖ ਕਿਸਮ ਦੀ ਅਨਿਸ਼ਚਿਤਤਾ ਦੇ ਸਿਕਾਰ ਹੋਣ ਕਰਕੇ ਖੁਦ ਵੀ ਢੋਂਗੀ-ਪਖੰਡੀ, ਖੂਹ ਦੇ ਡੱਡੂ ਅਤੇ ਅਗਿਆਨੀ ਹੁੰਦੇ ਹਨ!

ਯੋਜਨਾਬੱਧ ਢੰਗ ਨਾਲ਼ ਮੁੜਜਨਮ, ਕਰਮਫਲ, ਆਤਮਾ-ਪਰਮਾਤਮਾ ਆਦਿ ਦੀ ਅਵਿਗਿਆਨਿਕ, ਅਤਰਕਸ਼ੀਲਤਾ ਅਤੇ ਸੜੀਆਂ-ਗਲ਼ੀਆਂ ਮਾਨਤਾਵਾਂ ਨੂੰ ਲੋਕਾਂ 'ਚ ਪ੍ਰਚਾਰਿਆ ਜਾਂਦਾ ਹੈ। ਦੂਜੇ ਪਾਸੇ ਵਿਆਪਕ ਆਮ ਵਸੋਂ ਆਪਣੀ ਅਗਿਆਨਤਾ ਅਤੇ ਸਰਮਾਏਦਾਰੀ ਢਾਂਚੇ ਮੂਹਰੇ ਆਪਣੀ ਮਜ਼ਬੂਰੀ ਕਰਕੇ ਆਪਣੇ ਦੁੱਖਾਂ ਤੋਂ ਛੁਟਕਾਰੇ ਲਈ ਅਧਿਆਤਮਿਕਤਾ ਅਤੇ ਧਾਰਮਿਕ ਕਰਮਕਾਂਡਾਂ ਦੇ ਭੰਵਰ 'ਚ ਫਸ ਜਾਂਦੀ ਹੈ। ਇਹੀ ਕਾਰਨ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਸ਼ਿਕਾਰ ਵੱਧ ਤੋਂ ਵੱਧ ਗਰੀਬ ਅਤੇ ਕਿਰਤੀ ਤਬਕਾ ਹੀ ਹੁੰਦਾ ਹੈ। ਅੱਜ ਹਾਕਮ ਜਮਾਤ ਅਤੇ ਉਸਦੇ ਮੀਡੀਏ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਵਿਗਿਆਨਿਕਤਾ ਅਤੇ ਤਰਕਸ਼ੀਲਤਾ ਦਾ ਪ੍ਰਚਾਰ ਕਰੇ, ਸਗੋਂ ਲੋਕਾਂ ਦਰਮਿਆਨੋਂ ਹੀ ਅਜਿਹੇ ਲੋਕਾਂ ਦੇ ਅੱਗੇ ਆਉਣ ਦੀ ਲੋੜ ਹੈ ਜਿਹੜੇ ਲੋਕਾਂ ਮੂਹਰੇ ਸਮੱਸਿਆਵਾਂ ਦੇ ਅਸਲੀ ਕਾਰਨ ਅਤੇ ਸਹੀ ਹੱਲ ਰੱਖ ਸਕਣ। ਜਿਹੜੇ ਲੋਕਾਂ ਨੂੰ ਦੱਸ ਸਕਣ ਕਿ ਲੋਕਾਂ ਦਾ ਬਦਲਵਾਂ ਮੀਡੀਆ ਖੜ੍ਹਾ ਕੀਤਾ ਜਾਵੇ ਜੋ ਵਿਗਿਆਪਨਾਂ ਲਈ ਨਹੀਂ ਸਗੋਂ ਕਿਰਤੀ ਆਮ ਵਸੋਂ ਲਈ ਹੀ ਕੰਮ ਕਰੇ। ਵਿਗਿਆਨਿਕ ਅਤੇ ਤਰਕਸ਼ੀਲ ਪ੍ਰਚਾਰ ਰਾਹੀਂ ਸਮਾਜ 'ਚ ਆਮ ਲੋਕਾਂ ਨੂੰ ਖੂਹ ਦਾ ਡੱਡੂਪੁਣਾ, ਅਗਿਆਨ ਅਤੇ ਅਵਿਗਿਆਨਿਕਤਾ ਤੋਂ ਮੁਕਤ ਕੀਤਾ ਜਾ ਸਕਦਾ ਹੈ, ਪੰਖਡੀਆਂ ਨੂੰ ਸਮਾਜ ਮੂਹਰੇ ਨੰਗਾ ਕੀਤਾ ਜਾ ਸਕਦਾ ਹੈ ਅਤੇ ਇੱਕ ਬਿਹਤਰ ਸਮਾਜ ਵੱਲ ਅੱਗੇ ਵਧਿਆ ਜਾ ਸਕਦਾ ਹੈ। •

ਐਲਾਨਨਾਮੇ ਦਾ ਫਾਰਮ : ਫਾਰਮ 4

(ਨਿਯਮ 8 ਦੇ ਤਹਿਤ)

ਮੈਗਜ਼ੀਨ ਦਾ ਨਾਂ	ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ
ਮੈਗਜ਼ੀਨ ਦੀ ਭਾਸ਼ਾ	ਪੰਜਾਬੀ
ਆਵਰਤਤਾ	ਮਾਸਿਕ
ਮੈਗਜ਼ੀਨ ਦੀ ਕੀਮਤ	10 ਰੁਪਏ
ਪ੍ਰਕਾਸ਼ਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਪ੍ਰਕਾਸ਼ਨ ਸਥਾਨ	ਸਰਹਿੰਦ ਸ਼ਹਿਰ, ਪੰਜਾਬ।
ਪ੍ਰਿੰਟਰ ਦਾ ਨਾਂ	ਲਖਵਿੰਦਰ ਸਿੰਘ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਪ੍ਰਿੰਟਿੰਗ ਪ੍ਰੈੱਸ ਦਾ ਨਾਂ	ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ।
ਸੰਪਾਦਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਮਾਲਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ

ਮੈਂ, ਲਖਵਿੰਦਰ ਸਿੰਘ, ਇਹ ਐਲਾਨ ਕਰਦਾ ਹਾਂ ਕਿ ਉਪਰੋਕਤ ਤੱਥ ਮੇਰੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਿਕ ਸੱਚ ਹਨ।

ਹਸਤਾਖਰ

(ਲਖਵਿੰਦਰ ਸਿੰਘ)

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

ਸਮਾਜਕ ਮਸਲੇ

ਜਲੰਧਰ ਹਾਦਸਾ ਸਿਰਫ਼ ਇੱਕ ਹਾਦਸਾ ਨਹੀਂ

ਸਨਅਤੀ ਹਾਦਸੇ ਮੁਨਾਫ਼ਾਖ਼ੋਰ ਪ੍ਰਬੰਧ ਦੇ ਘਿਣਾਉਣੇ ਅਪਰਾਧ ਹਨ !

• ਲਖਵਿੰਦਰ

15-16 ਅਪ੍ਰੈਲ ਦੀ ਰਾਤ ਜਲੰਧਰ ਦੇ ਫੋਕਲ ਪੁਆਇੰਟ ਇਲਾਕੇ ਦੀ ਸ਼ੀਤਲ ਫੈਬ੍ਰਿਕ ਨਾਂ ਦੀ ਕੰਬਲ ਬਣਾਉਣ ਵਾਲ਼ੀ ਫੈਕਟਰੀ ਦੀ ਚਾਰ ਮੰਜਲੀ ਇਮਾਰਤ ਦੇ ਡਿੱਗਣ ਦੀ ਬੇਹੱਦ ਦਰਦਨਾਕ ਘਟਨਾ ਵਾਪਰੀ। ਇਹ ਟਿੱਪਣੀ ਲਿਖੇ ਜਾਣ ਤੱਕ ਮੀਡੀਆ ਦੀਆਂ ਖਬਰਾਂ ਅਨੁਸਾਰ ਲਗਭਗ ਦੋ ਦਰਜਨ ਮਜ਼ਦੂਰਾਂ ਦੀਆਂ ਲਾਸ਼ਾਂ ਮਲਬੇ 'ਚੋਂ ਕੱਢੀਆਂ ਜਾ ਚੁੱਕੀਆਂ ਹਨ। ਵੱਡੀ ਗਿਣਤੀ ਵਿੱਚ ਮਜ਼ਦੂਰ ਫੱਟੜ ਹੋਏ ਹਨ। ਕਈ ਮਜ਼ਦੂਰ ਤਾਂ ਜਿੰਦਗੀ ਭਰ ਲਈ ਅਪਾਹਿਜ ਹੋ ਚੁੱਕੇ ਹਨ। ਪਰ ਇਸ ਮਾਮਲੇ ਵਿੱਚ ਮੀਡੀਆ ਦੀਆਂ ਖਬਰਾਂ 'ਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਇਸ ਲਈ ਹਲਾਕ, ਅਪਾਹਿਜ ਅਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਵਾਲ਼ਿਆਂ ਦੀ ਸੰਖਿਆ ਬਾਰੇ ਫ਼ਿਲਹਾਲ ਪੁਖ਼ਤਾ ਢੰਗ ਨਾਲ਼ ਗੱਲ ਨਹੀਂ ਕੀਤੀ ਜਾ ਸਕਦੀ। ਮਜ਼ਦੂਰਾਂ ਨਾਲ਼ ਵਾਪਰੇ ਇਸ ਭਿਆਨਕ ਹਾਦਸੇ ਤੋਂ ਬਾਅਦ ਵੀ ਮਾਲਕ ਅਤੇ ਸਰਕਾਰੀ ਢਾਂਚੇ ਨੇ ਘਿਣਾਉਣੀਆਂ ਚਾਲਾਂ ਸ਼ੁਰੂ ਕਰ ਦਿੱਤੀਆਂ। ਕਾਰਖਾਨਿਆਂ 'ਚ ਅਕਸਰ ਵਾਪਰਨ ਵਾਲ਼ੇ ਜਾਨਲੇਵਾ ਹਾਦਸਿਆਂ ਵਾਂਗ ਇਸ ਹਾਦਸੇ ਤੋਂ ਬਾਅਦ ਵੀ ਕਾਰਖਾਨੇ 'ਚ ਕੰਮ ਕਰ ਰਹੇ ਮਜ਼ਦੂਰਾਂ ਦੀ ਅਸਲ ਗਿਣਤੀ ਬਾਰੇ ਲਗਾਤਾਰ ਝੂਠ ਬੋਲਿਆ ਗਿਆ ਹੈ। ਹਾਦਸੇ ਤੋਂ ਤੁਰੰਤ ਬਾਅਦ ਕਾਰਖਾਨਾ ਮਾਲਕ ਸ਼ੀਤਲ ਵਿੱਜ ਦਾ ਬਿਆਨ ਸੀ ਕਿ ਕਾਰਖਾਨੇ ਵਿੱਚ 70 ਮਜ਼ਦੂਰ ਸਨ। ਜਲੰਧਰ ਦੇ ਡਿਪਟੀ ਕਮਿਸ਼ਨਰ ਨੇ ਵੀ ਮਾਲਕ ਦੀ ਗੱਲ ਹੀ ਦੁਹਰਾਈ। ਪਰ ਜਦੋਂ ਬਾਅਦ ਵਿੱਚ ਅਧੂਰੇ ਰਾਹਤ ਕਾਰਜਾਂ ਦੌਰਾਨ ਹੀ ਮ੍ਰਿਤਕਾਂ ਅਤੇ ਫੱਟੜਾਂ ਦੀ ਸੰਖਿਆਂ ਇਸਤੋਂ ਟੱਪ ਗਈ ਤਾਂ ਇਸ ਝੂਠ ਦਾ ਭਾਂਡਾ ਭੰਨਿਆ ਗਿਆ। ਸ਼ੀਤਲ ਵਿੱਜ ਨੂੰ ਕਹਿਣਾ ਪਿਆ ਕਿ ਕਾਰਖਾਨੇ 'ਚ ਲਗਭਗ 100 ਮਜ਼ਦੂਰ ਸਨ। ਹਾਦਸੇ ਦੌਰਾਨ ਜਿਹੜੇ ਮਜ਼ਦੂਰ ਜਿਉਂਦੇ ਬਚੇ ਹਨ ਉਹਨਾਂ ਮੁਤਾਬਕ ਫੈਕਟਰੀ ਅੰਦਰ ਘੱਟੋ-ਘੱਟ ਡੇਢ ਸੌ ਮਜ਼ਦੂਰ ਕੰਮ ਕਰ ਰਹੇ ਸਨ। ਇਸ ਬਾਰੇ ਹਾਜ਼ਰੀ ਰਜਿਸਟਰ ਜਾਂ ਕਿਸੇ ਹੋਰ ਦਸਤਾਵੇਜ਼ ਰਾਹੀਂ ਕੋਈ ਵੀ ਪੁਖ਼ਤਾ ਜਾਣਕਾਰੀ ਅਜੇ ਤੱਕ ਪੇਸ਼ ਨਹੀਂ ਕੀਤੀ ਗਈ।

ਹਾਦਸੇ ਤੋਂ ਬਾਅਦ ਦਾ ਸਾਰਾ ਹੀ ਘਟਨਾਕ੍ਰਮ ਮਾਲਕ, ਪੁਲਿਸ, ਪ੍ਰਸ਼ਾਸਨ ਅਤੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਅੱਧੀ ਰਾਤ ਨੂੰ ਇਮਾਰਤ ਡਿੱਗੀ। ਸਵੇਰੇ ਸਾਢੇ ਛੇ ਵਜੇ ਰਾਹਤ ਕਾਰਜਾਂ ਦੀ ਸ਼ੁਰੂਆਤ ਹੋਈ। ਰਾਹਤ ਕਾਰਜ ਸ਼ੁਰੂ ਕਰਨ ਵਿੱਚ ਏਨੀ ਦੇਰੀ ਕਿਉਂ ? ਕੀ ਜਲੰਧਰ ਦਾ ਫੋਕਲ ਪੁਆਂਇੰਟ ਏਰੀਆ ਦੇਸ਼ ਦਾ ਕੋਈ ਦੂਰ-ਦੁਰਾਡੇ ਦਾ ਖੇਤਰ ਹੈ ? ਭੁੱਲਣਾ ਨਹੀਂ ਚਾਹੀਦਾ ਕਿ ਕਾਰਖਾਨੇ ਦਾ ਮਾਲਕ ਸ਼ੀਤਲ ਵਿੱਜ ਪੰਜਾਬ ਦੇ ਉੱਘੇ ਸਨਅਤਕਾਰਾਂ ਵਿੱਚੋਂ ਇੱਕ ਹੈ। ਇਸਨੇ ਕੁਝ ਹੀ ਦਿਨ ਪਹਿਲਾਂ ਇੱਕ ਹਿੰਦੀ ਦੈਨਿਕ ਅਖਬਾਰ ਨਯਾ ਸਵੇਰਾ ਵੀ ਸ਼ੁਰੂ ਕੀਤਾ ਹੈ। ਚੰਗੇ ਅਸਰ-ਰਸੂਖ ਵਾਲ਼ਾ ਇਹ ਸਨਅਤਕਾਰ ਭਾਰਤੀ ਜਨਤਾ ਪਾਰਟੀ ਦਾ ਆਗੂ ਵੀ ਹੈ। ਉਹ ਦੇਵੀ ਤਲਾਬ ਮੰਦਰ ਦੀ ਪ੍ਰਬੰਧਕੀ ਕਮੇਟੀ ਦਾ ਪ੍ਰਧਾਨ ਵੀ ਹੈ। ਇਹ ਗੱਲ ਪੁਖ਼ਤਾ ਢੰਗ ਨਾਲ਼ ਕਹੀ ਜਾ ਸਕਦੀ ਹੈ ਕਿ ਰਾਹਤ ਕਾਰਜਾਂ ਵਿੱਚ ਦੇਰੀ ਲਈ ਉਸਦੀ ਭੂਮਿਕਾ ਹੈ। ਲਾਸ਼ਾਂ ਨੂੰ ਖ਼ੁਰਦ ਬੁਰਦ ਕਰਨਾ, ਜ਼ਖ਼ਮੀਆਂ ਨੂੰ ਇੱਧਰ ਓਧਰ ਭੇਜਣਾ ਆਦਿ ਅਨੇਕਾਂ ਕਾਰਨ ਇਸਦੀ ਵਜ੍ਹਾ ਹੋ ਸਕਦੇ ਹਨ। ਸਨਅਤੀ ਹਾਦਸਿਆਂ ਸਮੇਂ ਕਾਰਖਾਨਿਆਂ ਦੇ ਮਾਲਕ ਪੁਲ਼ਸ-ਪ੍ਰਸ਼ਾਸਨ ਨੂੰ ਮੋਟਾ ਪੈਸਾ ਚੜ੍ਹਾ ਕੇ ਸਭ ਤੋਂ ਪਹਿਲਾਂ ਇਹੋ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਹਾਦਸਾ ਹੀ ਏਨਾ ਵੱਡਾ ਸੀ ਕਿ ਇਹ ਕੰਮ ਕੁਝ ਹੱਦ ਤੱਕ ਹੀ ਸੰਭਵ ਹੋ ਸਕਦਾ ਸੀ। ਮਾਲਕ ਦਾ ਦਬਾਅ ਹੋਵੇ ਭਾਂਵੇਂ ਸਰਕਾਰ ਅਤੇ ਪ੍ਰਸ਼ਾਸਨ ਦੀ ਲਾਪਰਵਾਹੀ ਪਰ ਏਨਾ ਤਾਂ ਪ੍ਰਤੱਖ ਹੀ ਹੈ ਕਿ ਚਾਰ ਮੰਜਲੀ ਇਮਾਰਤ ਹੇਠ ਦਬੇ ਮਜ਼ਦੂਰਾਂ ਦੀ ਚਿੰਤਾ ਨਹੀਂ ਕੀਤੀ ਗਈ ਅਤੇ ਰਾਹਤ ਕਾਰਜ ਦੇਰ ਨਾਲ਼ ਸ਼ੁਰੂ ਹੋਏ।

ਜ਼ਖ਼ਮੀਆਂ ਨੂੰ ਕਾਰਖਾਨੇ ਦੇ ਮਾਲਕ ਸ਼ੀਤਲ ਵਿੱਜ ਦੀ ਪ੍ਰਧਾਨਗੀ ਹੇਠ ਚੱਲ ਰਹੇ ਦੇਵੀ ਤਲਾਬ ਚੈਰੀਟੇਬਲ ਹਸਪਤਾਲ 'ਚ ਭੇਜਿਆ ਗਿਆ। ਸਰਕਾਰੀ ਡਾਕਟਰ ਜਦ ਦੇਵੀ ਤਲਾਬ ਦੇ ਇਸ 'ਚੈਰੀਟੇਬਲ' ਹਸਪਤਾਲ ਵਿੱਚ ਜ਼ਖ਼ਮੀਆਂ ਨੂੰ ਮਿਲਣ ਗਏ ਤਾਂ ਹਸਪਤਾਲ ਦੇ ਅਧਿਕਾਰੀਆਂ ਨੇ ਜ਼ਖ਼ਮੀਆਂ ਨਾਲ਼ ਮੁਲਾਕਾਤ ਕਰਾਉਣ ਤੋਂ ਮਨ੍ਹਾਂ ਕਰ ਦਿੱਤਾ। ਬਾਅਦ ਵਿੱਚ ਸਿਵਲ ਸਰਜਨ ਨੇ ਹਸਪਤਾਲ ਦਾ ਦੌਰਾ ਕੀਤਾ। ਪਤਾ ਲੱਗਿਆ ਕਿ ਹਸਪਤਾਲ ਪਹੁੰਚੇ 50-60 ਫੱਟੜਾਂ ਵਿੱਚ ਜਿਆਦਾਤਰ ਨੂੰ ਮਾਮੂਲੀ ਮਲ੍ਹਮ-ਪੱਟੀ ਕਰਕੇ ਤੋਰ ਦਿੱਤਾ ਗਿਆ ਹੈ। ਹਸਪਤਾਲ ਵਿੱਚ 16 ਅਪ੍ਰੈਲ ਦੀ ਸ਼ਾਮ ਤੱਕ 5-6 ਜ਼ਖ਼ਮੀ ਮਜ਼ਦੂਰ ਹੀ ਦਾਖ਼ਲ ਸਨ। ਭਿਆਨਕ ਹਾਦਸੇ ਦਾ ਸ਼ਿਕਾਰ ਹੋਏ ਮਜ਼ਦੂਰਾਂ ਨਾਲ਼ ਅਜਿਹਾ ਸਲੂਕ ਪਹਿਲੀ ਗੱਲ ਤਾਂ ਬੇਹੱਦ ਅਣਮਨੁੱਖੀ ਹੈ ਅਤੇ ਦੂਜਾ ਇਹ ਸਭ ਕੁਝ ਗੰਭੀਰ ਸ਼ੰਕੇ ਖੜ੍ਹੇ ਕਰਨ ਵਾਲ਼ਾ ਹੈ।

ਇਮਾਰਤ ਦੇ ਡਿੱਗਣ ਦਾ ਅਸਲ ਕਾਰਨ ਅਜੇ ਵੀ ਬੁਝਾਰਤ ਬਣਿਆ ਹੋਇਆ ਹੈ। ਮਾਲਕ ਕਹਿ ਰਿਹਾ ਹੈ ਕਿ ਗਵਾਂਢ ਵਿੱਚ ਬਣ ਰਹੀ ਨਵੀਂ ਇਮਾਰਤ ਕਾਰਨ ਉਸਦੇ ਕਾਰਖਾਨੇ ਦੀ ਇਮਾਰਤ ਡਿੱਗੀ। ਮਜ਼ਦੂਰ ਦੱਸ ਰਹੇ ਹਨ ਕਿ ਭਾਰੀਆਂ ਮਸ਼ੀਨਾਂ ਅਤੇ ਤਿਆਰ ਮਾਲ ਦੂਜੀ ਮੰਜਲ 'ਤੇ ਪਿਆ ਸੀ। ਮਸ਼ੀਨਾਂ ਚੱਲਣ ਸਮੇਂ ਇਮਾਰਤ ਹਿਲਦੀ ਸੀ। ਮਜ਼ਦੂਰਾਂ ਅਨੁਸਾਰ ਇਸੇ ਵਜੋਂ ਇਮਾਰਤ ਢਹਿ ਗਈ। ਕਈ ਲੋਕ ਦੱਸਦੇ ਹਨ ਕਿ ਇੱਕ ਧਮਾਕੇ ਦੀ ਅਵਾਜ਼ ਪਿੱਛੋਂ ਇਮਾਰਤ ਡਿੱਗ ਪਈ। ਇਹ ਵੀ ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਕਾਰਖਾਨੇ ਦੀ ਇਮਾਰਤ ਮਾਪਦੰਡਾਂ ਮੁਤਾਬਕ ਨਹੀਂ ਬਣਾਈ ਗਈ ਸੀ ਅਤੇ

ਕਾਫ਼ੀ ਕਮਜ਼ੋਰ ਸੀ। ਪੰਜਾਬ ਸਰਕਾਰ ਨੇ ਹਾਦਸੇ ਦੀ ਜਾਂਚ ਲਈ ਤਿੰਨ ਕਮੇਟੀਆਂ ਬਣਾਈਆਂ ਹਨ। ਪਰ ਸਰਕਾਰੀ ਜਾਂਚ-ਪੜਤਾਲਾਂ ਕਿੰਨਾਂ ਕੁ ਸਰਮਾਏਦਾਰਾਂ ਦੇ ਅਪਰਾਧਾਂ ਨੂੰ ਸਾਹਮਣੇ ਲਿਆਉਂਦੀਆਂ ਹਨ ਇਸ ਬਾਰੇ ਕਿਸੇ ਨੂੰ ਕੋਈ ਭਰਮ ਨਹੀਂ ਪਾਲਣਾ ਚਾਹੀਦਾ।

ਸਰਕਾਰ ਵਲੋਂ ਐਲਾਨਿਆ ਗਿਆ ਮੁਆਵਜਾ ਹਾਦਸੇ ਦੇ ਮ੍ਰਿਤਕਾਂ, ਅਪਾਹਜਾਂ ਅਤੇ ਗੰਭੀਰ ਰੂਪ 'ਚ ਜ਼ਖ਼ਮੀ ਹੋਏ ਮਜ਼ਦੂਰਾਂ ਨਾਲ਼ ਕੋਝਾ ਮਜ਼ਾਕ ਹੀ ਕਿਹਾ ਜਾ ਸਕਦਾ ਹੈ। ਉਦਯੋਗਪਤੀਆਂ ਦੇ ਆਦਰਯੋਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮ੍ਰਿਤਕਾਂ ਲਈ ਦੋ-ਦੋ ਲੱਖ ਅਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਰ ਮਜ਼ਦੂਰ ਲਈ 65 ਹਜ਼ਾਰ ਅਤੇ ਘੱਟ ਜ਼ਖ਼ਮੀ ਹੋਏ ਮਜ਼ਦੂਰ ਲਈ 45 ਹਜ਼ਾਰ ਰੁਪਏ ਮੁਆਵਜੇ ਦਾ ਐਲ਼ਾਨ ਕੀਤਾ ਹੈ। ਮੁੱਖ ਮੰਤਰੀ ਨੇ ਪ੍ਰੈਸ ਨੂੰ ਬਿਆਨ ਵਿੱਚ ਕਿਹਾ ਸੀ ਕਿ ਉਹ ਹਾਦਸੇ ਤੋਂ ਬਾਅਦ ਏਨਾ ਪ੍ਰੇਸ਼ਾਨ ਸੀ ਕਿ ਹਰ ਦਸ ਮਿੰਟਾਂ ਬਾਅਦ ਅਧਿਕਾਰੀਆਂ ਤੋਂ ਰਾਹਤ ਕਾਰਜਾਂ ਬਾਰੇ ਪੁੱਛਦਾ ਸੀ। ਪਰ ਮੁੱਖ ਮੰਤਰੀ ਸਾਬ੍ਹ ਨੇ ਮੁਆਵਜਾ ਦੇਣ ਲੱਗਿਆਂ ਮਜ਼ਦੂਰਾਂ ਪ੍ਰਤੀ ਆਪਣੀ ਚਿੰਤਾ ਦਾ ਇਜ਼ਹਾਰ ਨਹੀਂ ਕੀਤਾ! ਫਜ਼ੂਲ ਦੇ ਸਰਕਾਰੀ ਸਮਾਗਮਾਂ 'ਤੇ ਕਰੋੜਾਂ ਰੁਪਇਆ ਪਾਣੀ ਦੀ ਤਰ੍ਹਾਂ ਵਹਾਉਣ ਵਾਲ਼ੀਆਂ ਅਤੇ ਸਰਮਾਏਦਾਰਾਂ ਨੂੰ ਆਨੇ-ਬਹਾਨੇ ਦਿਲ ਖੋਲ੍ਹ ਕੇ ਪੈਸਾ ਚੜਾਉਣ ਵਾਲ਼ੀਆਂ ਸਰਕਾਰਾਂ ਕੋਲ਼ ਮਜ਼ਦੂਰਾਂ ਲਈ ਸਿਰਫ਼ ਮਗਰਮੱਛੀ ਹੰਝੂ ਹਨ!

ਕਾਰਖਾਨੇ ਦਾ ਮਾਲਕ ਸ਼ੀਤਲ ਵਿੱਜ ਇਸ ਭਿਆਨਕ ਹਾਦਸੇ ਦਾ ਸਪੱਸ਼ਟ ਦੋਸ਼ੀ ਹੈ ਪਰ ਸਰਮਾਏਦਾਰਾਂ ਦੀਆਂ ਜੱਥੇਬੰਦੀਆਂ, ਸ਼ਿਵ ਸੈਨਾ ਵਰਗੀਆਂ ਪਾਰਟੀਆਂ ਅਤੇ ਕਈ ਧਾਰਮਿਕ ਜੱਥੇਬੰਦੀਆਂ ਉਸਨੂੰ ਰਿਹਾ ਕਰਨ ਲਈ ਚੀਕ-ਚਿਹਾੜਾ ਪਾ ਰਹੀਆਂ ਹਨ। ਇਹਨਾਂ ਕਾਰੋਬਾਰੀਆਂ, ਵੋਟ ਵਟੋਰੂਆਂ ਅਤੇ ਧਾਰਮਿਕ ਕੱਟੜਪੰਥੀਆਂ ਲਈ ਮਾਲਕ ਹੀ ਸਭ ਕੁਝ ਹਨ, ਮਜ਼ਦੂਰ ਤਾਂ ਇਹਨਾਂ ਲਈ ਕੀੜੇ-ਮਕੌੜੇ ਹਨ ਜਿਹਨਾਂ ਦੀ ਇਹਨਾਂ ਨੂੰ ਕੋਈ ਪਰਵਾਹ ਨਹੀਂ ਹੈ।

ਇਸ ਹਾਦਸੇ ਦਾ ਇਹ ਸਾਰਾ ਘਟਨਾਕ੍ਰਮ ਸਰਮਾਏਦਾਰ ਢਾਂਚੇ ਦੇ ਭ੍ਰਿਸ਼ਟਾਚਾਰ, ਅਣਮਨੁੱਖਤਾ, ਪਸ਼ੂਬਿਰਤੀ ਅਤੇ ਮੁਨਾਫ਼ਾਖੋਰ ਕਿਰਦਾਰ ਦੀ ਚੀਕਦੀ ਗਵਾਹੀ ਹੈ। ਹਾਦਸੇ ਦੇ ਘਟਨਾਕ੍ਰਮ ਨੇ ਦੇਸ਼ ਦੇ ਕੋਨੇ ਕੋਨੇ ਵਿੱਚ ਗਰੀਬ ਕਾਰਖਾਨਾ ਮਜ਼ਦੂਰਾਂ ਨਾਲ਼ ਹੁੰਦੀ ਭਿਅੰਕਰ ਬੇਇਨਸਾਫ਼ੀ ਦੀ ਹੀ ਪੁਸ਼ਟੀ ਕੀਤੀ ਹੈ। ਇੱਥੇ ਵੀ ਉਹੋ ਹੀ ਕਹਾਣੀ ਦੁਹਰਾਈ ਗਈ ਹੈ ਜਿਹੜੀ ਪੰਜਾਬ ਸਮੇਤ ਪੂਰੇ ਭਾਰਤ ਦੇ ਸਨਅਤੀ ਖੇਤਰਾਂ ਵਿੱਚ ਅਕਸਰ ਸੁਣਾਈ ਦਿੰਦੀ ਹੈ। ਮਜ਼ਦੂਰਾਂ ਦੀ ਮਿਹਨਤ ਦੀ ਲੁੱਟ ਤੋਂ ਬੇਹਿਸਾਬ ਮੁਨਾਫ਼ਾ ਕਮਾਉਣ ਵਾਲ਼ੇ ਵੱਡੇ-ਛੋਟੇ ਕਾਰਖ਼ਾਨਿਆਂ ਦੇ ਮਾਲਕਾਂ ਨੂੰ ਮਜ਼ਦੂਰਾਂ ਦੀ ਜ਼ਿੰਦਗੀ ਦੀ ਕੋਈ ਪਰਵਾਹ ਨਹੀਂ ਹੈ। ਉਹ ਮੁਨਾਫ਼ੇ ਦੀ ਹਵਸ ਵਿੱਚ ਏਨੇ ਅੰਨ੍ਹੇ ਹੋ ਚੁੱਕੇ ਹਨ ਕਿ ਮਜ਼ਦੂਰਾਂ ਦੀ ਸੁਰੱਖਿਆ ਦੇ ਇੰਤਜਾਮਾਂ ਨੂੰ ਭਿਅੰਕਰ ਰੂਪ ਵਿੱਚ ਅੱਖੋਂ ਓਹਲੇ ਕੀਤਾ ਜਾ ਰਿਹਾ ਹੈ। ਕਦੇ ਮਜ਼ਦੂਰ ਕਾਰਖਾਨਿਆਂ ਦੀਆਂ ਕਮਜ਼ੋਰ ਇਮਾਰਤਾਂ ਡਿੱਗਣ ਵਜੋਂ ਮਰਦੇ ਹਨ, ਕਦੇ ਇਮਾਰਤਾਂ ਬੁਆਇਲਰ ਫਟਣ ਨਾਲ਼ ਡਿੱਗ ਜਾਂਦੀਆਂ ਹਨ, ਕਦੇ ਇਮਾਰਤਾਂ ਨੂੰ ਏਨਾ ਓਵਰਲੋਡ ਕਰ ਦਿੱਤਾ ਜਾਂਦਾ ਹੈ ਕਿ ਉਹ ਬੋਝ ਹੀ ਝੱਲ ਨਹੀਂ ਪਾਉਂਦੀਆਂ। ਮਜ਼ਦੂਰ ਖੜ੍ਹ-ਖੜ੍ਹ ਕਰਦੀਆਂ ਖਤਰੇ ਭਰਪੂਰ ਮਸ਼ੀਨਾਂ 'ਤੇ ਕੰਮ ਕਰਦੇ ਹੋਏ ਆਪਣੀ ਜਾਨ ਅਤੇ ਆਪਣੇ ਸ਼ਰੀਰਕ ਅੰਗ ਗਵਾ ਬਹਿੰਦੇ ਹਨ। ਪਰ ਮਾਲਕਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ। ਉਹਨਾਂ ਲਈ ਤਾਂ ਮਜ਼ਦੂਰ ਬਸ ਮਸ਼ੀਨਾਂ ਦੇ ਪੁਰਜ਼ੇ ਹਨ ਜਿਹੜੇ ਟੁੱਟ ਭੱਜ ਜਾਣ ਜਾਂ ਘਸ ਜਾਣ ਤਾਂ ਹੋਰਨਾਂ ਪੁਰਜ਼ਿਆਂ ਨੂੰ ਉਹਨਾਂ ਦੀ ਥਾਂ ਫਿੱਟ ਕਰ ਦਿੱਤਾ ਜਾਂਦਾ ਹੈ।

ਕਾਰਖਾਨਿਆਂ ਦੇ ਮਾਲਕਾਂ ਨੂੰ ਕੰਮ ਦੇ ਘੰਟੇ, ਤਨਖ਼ਾਹ, ਹਾਜ਼ਰੀ, ਪਹਿਚਾਣ ਪੱਤਰ ਆਦਿ ਸਮੇਤ ਹਾਦਸਿਆਂ ਤੋਂ ਸੁਰੱਖਿਆ ਇੰਤਜਾਮਾਂ ਨਾਲ਼ ਸਬੰਧਤ ਕਿਰਤ ਕਾਨੂੰਨਾਂ ਦੀ ਕੋਈ ਪਰਵਾਹ ਨਹੀਂ। ਕਾਰਖਾਨਿਆਂ ਵਿੱਚ ਉਹਨਾਂ ਦੇ ਖੁਦ ਦੇ ਕਾਨੂੰਨ ਚੱਲਦੇ ਹਨ। ਕਿਰਤ ਵਿਭਾਗ ਦੇ ਕਮਿਸ਼ਨਰਾਂ, ਇੰਸਪੈਕਟਰਾਂ ਤੋਂ ਲੈ ਕੇ ਪੁਲਿਸ, ਪ੍ਰਸ਼ਾਸਨ ਤੇ ਸਰਕਾਰਾਂ ਤੱਕ, ਕੋਈ ਵੀ ਉਹਨਾਂ ਨੂੰ ਇਸ ਬਾਬਤ ਪੁੱਛਣ ਵਾਲ਼ਾ ਨਹੀਂ ਹੈ। ਇਹ ਸਾਰੇ ਮਾਲਕਾਂ ਦਾ ਸਾਥ ਦਿੰਦੇ ਹਨ ਅਤੇ ਮਜ਼ਦੂਰਾਂ ਦੀ ਲੁੱਟ ਦੇ ਹਿੱਸੇਦਾਰ ਹਨ। ਕਾਰਖਾਨਿਆਂ ਵਿੱਚ ਮਾਲਕਾਂ ਦਾ ਜੰਗਲ਼ ਰਾਜ ਕਾਇਮ ਹੈ। ਇਸਦੇ ਨਾਲ਼ ਹੀ ਘੋਰ ਮਜ਼ਦੂਰ ਵਿਰੋਧੀ ਨੀਤੀਆਂ ਤਹਿਤ ਕਿਰਤ ਵਿਭਾਗ ਦੇ ਅਧਿਕਾਰੀਆਂ, ਇੰਸਪੈਕਟਰਾਂ ਅਤੇ ਹੋਰ ਮੁਲਾਜ਼ਮਾਂ ਦੀ ਸੰਖਿਆ ਲਗਾਤਾਰ ਘਟਾਈ ਗਈ ਹੈ। ਦੂਜੇ ਪਾਸੇ ਕਾਰਖਾਨਿਆਂ ਦੀ ਗਿਣਤੀ ਲਗਾਤਾਰ ਵੱਧਦੀ ਗਈ ਹੈ। ਕਿਰਤ ਵਿਭਾਗ ਨੂੰ ਲਗਭਗ ਗੈਰ ਸਰਗਰਮ ਕਰ ਦਿੱਤਾ ਗਿਆ ਹੈ। ਸ਼ੀਤਲ ਫੈਬ੍ਰਿਕ ਕਾਰਖ਼ਾਨੇ ਦੀ ਇਮਾਰਤ ਡਿੱਗਣ ਤੋਂ ਬਾਅਦ ਮੁੱਖ ਮੰਤਰੀ ਨੇ ਬਿਆਨ ਦਾਗਿਆ ਕਿ ਪੰਜਾਬ ਦੀਆਂ ਸਾਰੀਆਂ ਸਨਅਤੀ ਅਤੇ ਵਪਾਰਕ ਇਕਾਈਆਂ ਦੀਆਂ ਇਮਾਰਤਾਂ ਦਾ ਤੁਰੰਤ ਸਰਵੇਖਣ ਕਰਵਾਇਆ ਜਾਵੇਗਾ। ਪਹਿਲੀ ਗੱਲ ਇਹ ਹੈ ਕਿ ਇਹ ਲੋਕ ਲੁਭਾਊ ਐਲਾਨ ਕਦੇ ਵੀ ਲਾਗੂ ਨਹੀਂ ਕੀਤਾ ਜਾਵੇਗਾ। ਦੂਜੀ ਗੱਲ, ਮੁੱਖ ਮੰਤਰੀ ਇਮਾਰਤਾਂ ਦੇ ਸਰਵੇਖਣ ਦੇ ਐਲਾਨ ਬਹਾਨੇ ਕਾਰਖਾਨਿਆਂ 'ਚ ਮਜ਼ਦੂਰਾਂ ਦੀ ਸੁਰੱਖਿਆ ਦੇ ਸਮੁੱਚੇ ਇੰਤਜਾਮਾਂ ਅਤੇ ਹੋਰ ਕਿਰਤ ਕਾਨੂੰਨਾਂ ਦੇ ਲਾਗੂ ਨਾ ਹੋਣ ਦੀ ਗੱਲ ਹੀ ਗੋਲ਼ ਕਰ ਗਏ। ਜਦ ਕਿ ਕਾਰਖਾਨੇ ਦੀ ਇਮਾਰਤ ਦੇ ਡਿਜਾਈਨ ਤੋਂ ਲੈ ਕੇ ਮਸ਼ੀਨਾਂ ਦੀ ਗਿਣਤੀ, ਮਸ਼ੀਨਾਂ 'ਤੇ ਕੰਮ ਕਰਦੇ ਹੋਏ ਅਤੇ ਮਾਲ ਇੱਧਰ ਤੋਂ ਉੱਧਰ ਢੋਣ ਸਮੇਂ ਦੇ ਸੁਰੱਖਿਆ ਇੰਤਜ਼ਾਮਾਂ, ਅੱਗ ਲੱਗਣ ਤੋਂ ਰੋਕਥਾਮ ਅਤੇ ਬਚਾਅ ਵਾਸਤੇ ਸੁਰੱਖਿਆ ਇੰਤਜਾਮਾਂ, ਆਦਿ ਸਭਨਾਂ ਮਾਮਲਿਆਂ ਵਿੱਚ ਕਾਨੂੰਨਾਂ ਦੀ ਭਿਅੰਕਰ ਅਣਦੇਖੀ ਕੀਤੀ ਜਾਂਦੀ ਹੈ। ਸਨਅਤੀ ਖੇਤਰਾਂ 'ਚ ਇਹ ਆਮ ਗੱਲ ਹੈ ਕਿ ਮਜ਼ਦੂਰ ਰਾਤਾਂ ਨੂੰ ਕਾਰਖ਼ਾਨਿਆਂ 'ਚ ਕੰਮ ਕਰ ਰਹੇ ਹੁੰਦੇ ਹਨ ਅਤੇ ਗੇਟਾਂ 'ਤੇ ਬਾਹਰੋਂ ਜਿੰਦਾ ਮਾਰ ਦਿੱਤਾ ਜਾਂਦਾ ਹੈ। ਇਹਨਾਂ ਕਾਰਨਾਂ ਵਜੋਂ ਅਕਸਰ ਵੱਡੇ-ਛੋਟੇ ਹਾਦਸੇ ਹੁੰਦੇ ਰਹਿੰਦੇ ਹਨ। ਇਹਨਾਂ ਵਿੱਚੋਂ ਬਹੁਤ ਘੱਟ ਮਾਮਲੇ ਹੀ ਆਮ ਲੋਕਾਂ ਸਾਹਮਣੇ ਆਉਂਦੇ ਹਨ। ਜਿਆਦਾਤਰ ਮਾਮਲੇ ਤਾਂ ਮਾਲਕ ਪੁਲਿਸ, ਪ੍ਰਸ਼ਾਸਨ, ਸਰਕਾਰ ਅਤੇ ਮੀਡੀਆ ਦੀ ਮਿਲ਼ੀਭੁਗਤ ਰਾਹੀਂ ਦਬਾ ਜਾਂਦੇ ਹਨ। ਜੋ ਮਾਮਲੇ ਸਾਹਮਣੇ ਆਉਂਦੇ ਵੀ ਹਨ ਉਹਨਾਂ ਵਿੱਚ ਵੀ ਪੁਲਿਸ, ਪ੍ਰਸ਼ਾਸਨ, ਮੀਡੀਆ ਆਦਿ ਦੇ ਕੁਝ ਵਖਾਵੇ ਭਰੇ ਰੋਲ਼ੇ-ਰੱਪੇ ਤੋਂ ਬਾਅਦ ਮਾਮਲੇ ਰਫ਼ਾ ਦਫ਼ਾ ਕਰ ਦਿੱਤੇ ਜਾਂਦੇ ਹਨ। ਮਜ਼ਦੂਰ ਜੇ ਸੁਰੱਖਿਆ ਇੰਤਜ਼ਾਮਾਂ ਲਈ, ਹਾਦਸਿਆਂ ਤੋਂ ਬਾਅਦ ਮੁਆਵਜੇ ਲਈ ਅਤੇ ਕਿਰਤ ਕਾਨੂੰਨਾਂ ਸਮੇਤ ਹੋਰਨਾਂ ਹੱਕਾਂ ਲਈ ਸਰਮਾਏਦਾਰਾਂ ਅਤੇ

(ਬਾਕੀ ਪੰਨਾ 33 'ਤੇ)

ਸਮਾਜਕ ਮਸਲੇ

ਨਿਰਮਲ ਬਾਬਾ, ਮੀਡੀਆ ਅਤੇ ਸਰਕਾਰ

• ਡਾ. ਅੰਮ੍ਰਿਤ

ਭਾਰਤ 'ਚ ਆਏ ਦਿਨ ਕੋਈ ਨਾ ਕੋਈ ਬਾਬਾ ਚਰਚਾ ਵਿੱਚ ਰਹਿੰਦਾ ਹੈ। ਇਸ ਵਾਰ ਚਰਚਾ 'ਚ ਆਉਣ ਦੀ ਵਾਰੀ ਨਿਰਮਲ ਬਾਬੇ ਦੀ ਸੀ। ਇਸ ਬਾਬੇ ਦਾ ਪੂਰਾ ਨਾਂ ਨਿਰਮਲਜੀਤ ਸਿੰਘ ਨਰੂਲਾ ਹੈ ਅਤੇ ਇਹ ਜਨਾਬ ਲੁਧਿਆਣੇ ਸ਼ਹਿਰ ਦੇ ਜੰਮਪਲ ਹਨ। ਬਿਜ਼ਨੈੱਸ ਦੁਆਰਾ ਲੋਕਾਂ ਦੀ ਲੁੱਟ ਕਰਨ 'ਚ ਨਾਕਾਮਯਾਬ ਰਹਿਣ ਤੋਂ ਬਾਅਦ 'ਬਾਬਾ ਜੀ' ਹੁਰੀਂ ਝਾਰਖੰਡ ਚਲੇ ਗਏ ਅਤੇ ਇੱਟਾਂ ਦਾ ਭੱਠਾ ਚਲਾਉਣ ਲੱਗੇ। ਇਸ ਧੰਦੇ 'ਚ ਮੁਨਾਫ਼ਾ ਸ਼ਾਇਦ ਘੱਟ ਨਿਕਲ ਰਿਹਾ ਹੋਵੇ, ਇਸ ਲਈ ਨਰੂਲਾ ਸਾਬ੍ਹ ਨੇ 'ਨਿਰਮਲ ਬਾਬਾ' ਦੀ ਕੁੰਜ ਪਾ ਲਈ ਅਤੇ ਲੋਕਾਂ ਨੂੰ ਉਪਦੇਸ਼ ਦੇਣ ਦਾ ਕੰਮ ਸ਼ੁਰੂ ਕਰ ਲਿਆ। ਨਿਰਮਲ ਬਾਬਾ ਦੇ ਰੂਪ 'ਚ ਉਹ ਲੋਕਾਂ ਨੂੰ ਮੁਸ਼ਕਿਲਾਂ ਦਾ ਹੱਲ ਦੱਸਣ ਲੱਗੇ, ਪਰ ਇਸ ਪਾਖੰਡੀ ਦੀ ਅਸਲ ਚੜ੍ਹਤ ਉਦੋਂ ਮੱਚੀ ਜਦੋਂ ਇਹਦਾ ਠਕਠਕਾ ਟੀਵੀ ਚੈਨਲਾਂ 'ਤੇ ਸਿੱਧਾ ਪ੍ਰਸਾਰਿਤ ਹੋਣ ਲੱਗਾ। ਇਸ ਪਾਖੰਡੀ ਦੇ ਪ੍ਰੋਗਰਾਮ 'ਨਿਰਮਲ ਦਰਬਾਰ' ਨੂੰ ਸਿੱਧਾ ਪ੍ਰਸਾਰਿਤ ਕਰਨ 'ਚ ਚਾਲੀ ਚੈਨਲਾਂ ਨੇ ਆਪਣਾ 'ਵਡਮੁੱਲਾ' ਯੋਗਦਾਨ ਪਾਇਆ, ਚੈਨਲਾਂ ਦੀ ਲਿਸਟ 'ਚ ਖ਼ਬਰਾਂ ਵਾਲ਼ੇ ਚੈਨਲਾਂ ਤੋਂ ਲੈ ਕੇ ਕੌਮਾਂਤਰੀ ਚੈਨਲ ਜਿਵੇਂ ਐਕਸ਼ਨ ਟੀਵੀ, ਟੀਵੀ ਏਸ਼ੀਆ ਤੱਕ ਸ਼ਾਮਿਲ ਹਨ। ਕੁਝ ਦਿਨ ਪਹਿਲਾਂ ਝਾਰਖੰਡ ਦੇ ਇੱਕ ਹਿੰਦੀ ਅਖਬਾਰ ਨੇ ਖੁਲਾਸਾ ਕੀਤਾ ਕਿ ਨਿਰਮਲ ਬਾਬੇ ਦੇ ਬੈਂਕ ਖਾਤੇ 'ਚ 109 ਕਰੋੜ ਜਮ੍ਹਾਂ ਹਨ। ਅਗਲੇ ਦਿਨ 'ਬਾਬਾ ਜੀ' ਆਜ ਤਕ ਚੈਨਲ 'ਤੇ ਇੰਟਰਵਿਊ ਦੌਰਾਨ ਹਿੰਦੀ ਅਖਬਾਰ ਦੀ ਰਿਪੋਰਟ ਦਾ ਮਜ਼ਾਕ ਉਡਾ ਦਿੱਤਾ ਤੇ ਕਿਹਾ ਕਿ ਉਸ ਦਾ ਬਿਜ਼ਨੈੱਸ ਤਾਂ 234 ਕਰੋੜ ਰੁਪੈ ਤੋਂ ਉੱਪਰ ਦਾ ਹੈ। ਇਸ ਤੋਂ ਬਾਅਦ ਅਚਾਨਕ ਟੀਵੀ ਚੈਨਲਾਂ 'ਚੋਂ ਕੁਝ ਨੂੰ 'ਵਿਗਿਆਨਕਤਾ' ਦਾ ਦੌਰਾ ਪੈ ਗਿਆ ਅਤੇ ਨਿਰਮਲ ਬਾਬੇ ਦੀ ਧਨ-ਦੌਲਤ ਬਾਰੇ ਤੇ ਉਸ ਦੁਆਰਾ ਲੋਕਾਂ ਦੀ ਲੁੱਟ ਕਰਨ ਦੇ ਨਿੱਤ ਨਵੇਂ ਖੁਲਾਸੇ ਹੋਣ ਲੱਗੇ। ਪਤਾ ਲੱਗਿਆ ਕਿ ਬਾਬਾ ਆਪਣੇ ਦਰਬਾਰ 'ਚ ਹਾਜ਼ਰੀ ਲਈ 2,000 ਰੁਪੈ ਦੀ ਫੀਸ ਵਸੂਲਦਾ ਹੈ ਅਤੇ ਸ਼ਰਧਾਲੂਆਂ ਤੋਂ ਉਹਨਾਂ ਦੀ ਆਮਦਨ 'ਚੋਂ ਦਸਵਾਂ ਹਿੱਸਾ ਲੈਂਦਾ ਹੈ। ਬਾਬਾ 30 ਕਰੋੜ ਦੀ ਕੀਮਤ ਵਾਲ਼ਾ ਇੱਕ ਹੋਟਲ ਵੀ ਖਰੀਦਣ ਦੇ ਚੱਕਰ 'ਚ ਹੈ ਅਤੇ ਅੱਗੇ ਬਾਬੇ ਦੀ ਇੱਛਾ ਹੋਟਲਾਂ ਦੀ ਲੜੀ ਖੋਲਣ ਦੀ ਹੈ। ਖੈਰ ਬਾਬੇ ਨੇ ਕੀ-ਕੀ ਕੀਤਾ ਜਾਂ ਕਰਨ ਦੀਆਂ ਸਕੀਮਾਂ 'ਚ ਹੈ, ਉਹਦੇ ਖਾਤੇ 'ਚ ਕਿੰਨੇ ਪੈਸੇ ਜਮ੍ਹਾਂ ਹਨ, ਇਸ ਬਾਰੇ ਤਾਂ ਖੋਜੀ ਤੇ ਖਬਰੀ ਚੈਨਲ ਬਹੁਤ ਕੁਝ ਕਹਿ ਹੀ ਚੁੱਕੇ ਹਨ, ਅਸੀਂ ਇੱਥੇ ਕੁਝ ਹੋਰ ਸਵਾਲਾਂ ਨੂੰ ਮੁਖਾਤਬ ਹੋਣਾ ਹੈ।

ਸਭ ਤੋਂ ਪਹਿਲਾ ਸਵਾਲ ਤਾਂ ਇਹੀ ਉੱਠਦਾ ਹੈ ਕਿ ਜਿਹੜੇ ਚੈਨਲ ਕੁਝ ਦਿਨ ਪਹਿਲਾਂ ਤੱਕ ਬਾਬੇ ਦਾ ਲੁੱਟ ਦਰਬਾਰ ਸਿੱਧਾ ਦਿਖਾ ਰਹੇ ਸਨ, ਉਹਨਾਂ ਨੂੰ ਅਚਾਨਕ ਲੋਕਾਂ ਦੀ ਲੁੱਟ ਹੋਣ ਦੀ ਚਿੰਤਾ ਕਿਵੇਂ ਹੋਣ ਲੱਗੀ। 40 ਚੈਨਲ ਤਾਂ ਬਾਬੇ ਦਾ ਦਰਬਾਰ ਹੀ ਸਿੱਧਾ ਪ੍ਰਸਾਰਿਤ ਕਰਦੇ ਹਨ ਉਹ ਵੀ ਬਿਨਾਂ ਮਸ਼ਹੂਰੀਆਂ ਦੀਆਂ ਬਰੇਕਾਂ ਲਾਏ। ਬਾਬੇ ਦੇ ਪ੍ਰੋਗਰਾਮ ਦੀ ਇਸ਼ਤਿਹਾਰਬਾਜ਼ੀ ਤਾਂ ਲੱਗਭੱਗ ਹਰ ਟੀਵੀ ਚੈਨਲ ਤੋਂ ਹੋ ਰਹੀ ਸੀ। ਕੀ ਇਹਨਾਂ ਨੂੰ ਉਸ ਸਮੇਂ ਨਹੀਂ ਦਿਖ ਰਿਹਾ ਸੀ ਕਿ ਬਾਬਾ ਜਿਸ ਤਰੀਕੇ ਨਾਲ਼ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਦਾ ਦਾਅਵਾ ਕਰਦਾ ਹੈ, ਉਹ ਬੇਹੱਦ ਥੋਥਾ, ਗੈਰ-ਵਿਗਿਆਨਕ ਅਤੇ ਮੂਰਖਤਾਪੂਰਣ ਹੈ। ਮਿਸਾਲ ਵਜੋਂ, ਬਾਬੇ ਦੇ ਹੱਲ ਦੇਖੋ - ਫਲਾਂ ਦਿਨ ਨੂੰ ਗੋਲ਼ਗੱਪੇ ਖਾਉ, ਘਰ ਦੇ ਫਰਿੱਜ ਦਾ ਦਰਵਾਜ਼ਾ ਖੁੱਲਾ ਰੱਖੋ ਆਦਿ। ਕੀ ਇਹੋ-ਜਿਹੇ ਢੌਂਗ ਨੂੰ ਪਛਾਨਣ ਲਈ ਆਈਨਸਟੀਨ ਦਾ ਦਿਮਾਗ ਚਾਹੀਦਾ ਹੈ। ਕੋਈ ਵੀ ਆਦਮੀ ਜਿਸਦਾ ਦਿਮਾਗ ਉਸਦੇ ਕਹਿਣੇ 'ਚ ਹੈ, ਇਸ ਪਾਖੰਡ ਨੂੰ ਸਮਝ ਸਕਦਾ ਹੈ ਪਰ ਸਾਡੇ ਟੀਵੀ ਚੈਨਲਾਂ ਦੇ 'ਵਿਗਿਆਨੀਆਂ' ਨੂੰ ਇਹ ਕਈ ਮਹੀਨਿਆਂ ਬਾਅਦ ਸਮਝ ਆਇਆ। ਇਸ ਤੋਂ ਇਲਾਵਾ ਟੀਵੀ ਪ੍ਰੋਗਰਾਮ ਦੌਰਾਨ ਅੰਤਰਜਾਮੀ ਹੋਣ, ਕਿਸੇ ਦੇ ਘਰ 'ਚ ਪਈਆਂ ਚੀਜ਼ਾਂ ਬਾਰੇ ਦੱਸਣ ਆਦਿ ਜਿਹੇ ਹੋਰ ਕਈ ਕਿਸਮ ਦੇ ਜਿਹੜੇ ਦਾਅਵੇ ਬਾਬਾ ਕਰਦਾ ਹੈ, ਕੀ ਇਹ ਸਭ ਕੁਝ ਇਹਨਾਂ ਟੀਵੀ ਚੈਨਲਾਂ ਨੂੰ ਪਹਿਲਾਂ ਨਹੀਂ ਦਿਖਾਈ ਦੇ ਰਿਹਾ ਸੀ। ਕੀ ਇਸ ਤਰ੍ਹਾਂ ਦੇ ਬੇਹੂਦਾ ਤੇ ਗੈਰ-ਵਿਗਿਆਨਕ ਦਾਅਵੇ ਲੋਕਾਂ ਦੀ ਮਾਨਸਿਕ ਲੁੱਟ ਨਹੀਂ ਹੈ। ਅਸਲ ਵਿੱਚ ਇਹਨਾਂ ਚੈਨਲਾਂ ਨੂੰ ਬਾਬੇ ਤੋਂ ਮੋਟੀ ਰਕਮ ਹਾਸਲ ਹੋ ਰਹੀ ਸੀ, ਜਿਸ ਦੇ ਬੂਤੇ ਬਾਬਾ ਆਪਣਾ ਪਾਖੰਡ ਲੋਕਾਂ ਅੱਗੇ ਪਰੋਸ ਰਿਹਾ ਸੀ। ਹੁਣ ਹੋ ਸਕਦਾ ਹੈ ਕਿ ਬਾਬੇ ਨੇ ਇਸ ਮੋਟੀ ਅਦਾਇਗੀ 'ਚ ਕੋਈ ਕਟੌਤੀ ਕੀਤੀ ਹੋਵੇ ਜਾਂ ਫਿਰ ਬਾਬੇ ਨੇ ਚੈਨਲਾਂ ਦੀ ਵੱਧ ਹਿੱਸੇ ਦੀ ਮੰਗ ਨਾ ਮੰਨੀ ਹੋਵੇ। ਇਹ ਖਬਰਾਂ ਵੀ ਸਾਹਮਣੇ ਆ ਰਹੀਆਂ ਹਨ ਕਿ ਬਾਬੇ ਦੀ ਸਟਾਰ ਚੈਨਲ ਸਮੂਹ ਵਾਲਿਆਂ ਨਾਲ਼ ਆਪਣੇ ਇਸ਼ਤਿਹਾਰ ਲਈ ਪੈਸਾ ਦੇਣ ਦੇ ਮਾਮਲੇ 'ਚ ਸਹਿਮਤੀ ਨਹੀਂ ਬਣ ਰਹੀ ਸੀ, ਇਸ ਲਈ ਚੈਨਲਾਂ ਦੁਆਰਾ ਬਾਬੇ ਦੀ ਪੋਲ-ਖੋਲ੍ਹ ਮੁਹਿੰਮ ਸ਼ੁਰੂ ਹੋਈ। ਇਸੇ ਸਵਾਲ ਨਾਲ਼ ਜੁੜਿਆ ਇੱਕ ਹੋਰ ਸਵਾਲ ਵੀ ਹੈ। ਬਾਬਾ-ਵਿਰੋਧ ਸਿਰਫ਼ ਨਿਰਮਲ ਬਾਬੇ ਤੱਕ ਹੀ ਕਿਉਂ ਸੀਮਤ ਹੈ ? ਇੱਥੇ ਫਿਰ ਇਹਨਾਂ ਚੈਨਲਾਂ 'ਤੇ ਸ਼ੱਕ ਦੀ ਸੂਈ ਘੁੰਮਦੀ ਹੈ। ਕੀ ਇਕੱਲਾ ਨਿਰਮਲ ਬਾਬਾ ਹੈ ਜੋ ਲੋਕਾਂ 'ਚ ਅੰਧਵਿਸ਼ਵਾਸ਼ ਫੈਲਾ ਰਿਹਾ ਹੈ। ਲੱਗਭੱਗ ਸਾਰੇ ਚੈਨਲਾਂ 'ਤੇ ਜੋਤਿਸ਼ੀਆਂ ਦੇ ਪ੍ਰੋਗਰਾਮ, ਰਾਸ਼ੀਫਲ, ਵਾਸਤੂਸ਼ਾਸ਼ਤਰ ਆਦਿ ਦੇ ਗੈਰ-ਵਿਗਿਆਨਕ ਪ੍ਰੋਗਰਾਮ ਧੜੱਲੇ ਨਾਲ਼ ਚੱਲਦੇ ਹਨ। ਕੁਝ ਤਾਂ 24 ਘੰਟੇ ਦੇ ਚੈਨਲ ਹਨ ਜਿਹਨਾਂ ਦਾ ਇੱਕ ਨੁਕਾਤੀ ਪ੍ਰੋਗਰਾਮ

ਹੀ ਲੋਕਾਂ 'ਚ ਹਰ ਤਰ੍ਹਾਂ ਦੇ ਧਾਰਮਿਕ ਅਤੇ ਹੋਰ ਕਿਸਮ ਦੇ ਅੰਧਵਿਸ਼ਵਾਸ ਫੈਲਾਉਣਾ ਹੈ। ਇਹਨਾਂ 'ਚੋਂ ਕਿਸੇ ਵੀ ਪ੍ਰੋਗਰਾਮ ਜਾਂ ਚੈਨਲ ਦੀ ਕੋਈ ਪੜਚੋਲ ਜਾਂ ਵਿਰੋਧ ਅੱਜ ਤੱਕ ਕਿਸੇ ਚੈਨਲ 'ਤੇ ਨਹੀਂ ਦਿਖਿਆ। ਜ਼ਾਹਿਰ ਹੈ ਕਿ ਮੀਡੀਆ ਇਸ ਕੰਮ ਨੂੰ ਕਦੇ ਵੀ ਨਹੀਂ ਕਰਨਾ ਚਾਹੁੰਦਾ, ਉਲਟਾ ਉਹ ਤਾਂ ਇਸ ਅੰਧਵਿਸ਼ਵਾਸ ਦੀ ਹਨੇਰੀ ਨੂੰ ਹੋਰ ਜ਼ੋਰ ਫੜਨ ਲਈ ਹਰ ਸੰਭਵ ਸਹਾਇਤਾ ਦੇਣਾ ਆਪਣਾ ਫਰਜ਼ ਸਮਝਦੇ ਹਨ। ਤੇ ਸਮਝਣ ਵੀ ਕਿਉਂ ਨਾ ਕਿਉਂਕਿ ਚੈਨਲਾਂ ਦੇ ਮਾਲਕ ਵੀ ਤਾਂ ਸਰਮਾਏਦਾਰ ਹੀ ਹਨ, ਉਹ ਆਪਣੇ ਸਰਮਾਏਦਾਰ ਢਾਂਚੇ ਦੀ ਹੀ ਸੇਵਾ ਕਰਨਗੇ, ਲੋਕਾਂ ਦਾ ਫਿਕਰ ਇਹਨਾਂ ਨੂੰ ਕਦੇ ਸਤਾ ਹੀ ਨਹੀਂ ਸਕਦਾ। ਨਾਲ਼ੇ ਕੀ ਇਕੱਲੇ ਬਾਬੇ ਜਾਂ ਧਰਮਗੁਰੂ ਹਨ ਜਿਹੜੇ ਅੰਧਵਿਸ਼ਵਾਸ ਫੈਲਾਉਂਦੇ ਹਨ; ਘਟੀਆ ਟੀਵੀ ਸੀਰੀਅਲ, ਲੱਚਰ ਗੀਤ-ਸੰਗੀਤ, ਫਿਲਮਾਂ, ਇੱਥੋਂ ਤੱਕ ਕਿ ਖਬਰਾਂ ਵੀ ਇਹੀ ਕੰਮ ਕਰਦਿਆਂ ਹਨ। ਅਸਲ 'ਚ ਦੇਖਿਆ ਜਾਵੇ ਇਲੈਕਟ੍ਰਾਨਿਕ ਮੀਡੀਆ ਤਾਂ ਲੱਗਭੱਗ ਕੰਮ ਹੀ ਇਹੀ ਕਰਦਾ ਹੈ।

ਦੂਜਾ ਸਵਾਲ ਜੋ ਅੱਗੇ ਆਉਂਦਾ ਹੈ, ਉਹ ਹੈ ਚੈਨਲਾਂ ਦੁਆਰਾ ਬਾਬੇ ਦੇ ਵਿਰੋਧ ਦਾ ਤਰੀਕਾ। ਅਕਸਰ ਮੀਡੀਆ ਅਜਿਹੇ ਕੰਮ ਕਰਦਾ ਹੈ ਕਿ ਉਹ ਕਿਸੇ ਦਾ ਵਿਰੋਧ ਕਰਨ ਸਮੇਂ ਵੀ ਅਸਲ 'ਚ ਕੋਈ ਵਿਰੋਧ ਨਹੀਂ ਕਰ ਰਿਹਾ ਹੁੰਦਾ, ਸਗੋਂ ਇਸ ਵਿਰੋਧ ਦੀ ਪ੍ਰਕਿਰਿਆ 'ਚ ਜਿੰਨਾ ਨੁਕਸਾਨ ਆਮ ਲੋਕਾਂ ਦਾ ਇਹੋ-ਜਿਹਾ ਪਾਖੰਡੀ ਕਰ ਰਿਹਾ ਹੁੰਦਾ ਹੈ,ਉਸ ਤੋਂ ਕਿਤੇ ਜ਼ਿਆਦਾ ਮੀਡੀਆ ਉਸਦੇ ਵਿਰੋਧ ਦੀ ਪ੍ਰਕਿਰਿਆ ਦੌਰਾਨ ਕਰਦਾ ਹੈ, ਭਾਵ ਨਾਲ਼ੇ ਪੁੰਨ ਨਾਲ਼ੇ ਫਲੀਆਂ। ਬਾਬੇ ਦੀ ਪੋਲ-ਖੋਲ੍ਹ ਮੁਹਿੰਮ 'ਚ ਅਸੀਂ ਦੇਖਦੇ ਹਾਂ ਕਿ ਟੀਵੀ ਚੈਨਲ ਬਾਬੇ ਦਾ ਵਿਰੋਧ ਕਰ ਰਹੇ ਹਨ ਉਸਦੀ ਧਨ-ਦੌਲਤ ਕਰਕੇ ਜੋ ਕਿ ਬਾਬੇ ਆਪਣੇ 'ਸ਼ਰਧਾਲੂਆਂ' ਤੋਂ ਵਸੂਲੀ ਹੈ। ਕੀ ਮਾਮਲਾ ਸਿਰਫ਼ ਇੰਨਾ ਹੀ ਹੈ ਕਿ ਬਾਬੇ ਨੇ ਬਹੁਤ ਸਾਰਾ ਪੈਸਾ ਕਮਾਇਆ ਹੈ, ਉਸ ਲਈ ਜੇ ਬਾਬਾ ਆਮਦਨ ਕਰ ਦਿੰਦਾ ਰਹੇ ਤਾਂ ਬਾਬੇ ਦੇ ਸਭ ਗੁਨਾਹ, ਪਾਖੰਡ ਮੁਆਫ਼!! ਦੂਸਰੀ ਗੱਲ, ਬਾਬੇ ਦੇ ਗੈਰ-ਵਿਗਿਆਨਕ ਤੌਰ-ਤਰੀਕਿਆਂ ਨੂੰ ਜਾਂ ਤਾਂ ਹਾਸੇ-ਮਖੌਲ ਦਾ ਵਿਸ਼ਾ ਬਣਾ ਕੇ ਕੋਈ ਵੀ ਗੰਭੀਰ ਪੜਚੋਲ ਤੋਂ ਕਿਨਾਰਾ ਕੀਤਾ ਜਾ ਰਿਹਾ ਹੈ ਜਾਂ ਫਿਰ ਬਾਬੇ ਦੇ ਦਾਅਵਿਆਂ ਨੂੰ ਧਰਮਾਂ ਦੇ ਬਰਾਬਰ ਖੜਾ ਕਰਕੇ ਸਵਾਲ ਉਠਾਏ ਜਾ ਰਹੇ ਹਨ। ਜਿਵੇਂ ਕਿ ਇੱਕ ਚੈਨਲ ਦੇ ਬਾਬਾ-ਵਿਰੋਧੀ ਪ੍ਰੋਗਰਾਮ ਦੌਰਾਨ ਬਾਬੇ ਦੀ ਆਲੋਚਨਾ ਕਿਵੇਂ ਕੀਤੀ ਜਾਂਦੀ ਹੈ, ਇੱਕ ਉਦਾਹਰਣ- ਬਾਬਾ ਕਹਿਤੇ ਹੈਂ ਕਿ ਵੋ ਅੰਤਰਜਾਮੀ ਹੈਂ, ਮਗਰ ਅੰਤਰਜਾਮੀ ਅਭੀ ਤੱਕ ਫਲਾਂ ਫਲਾਂ ਦੇਵਤੇ ਹੁਏ ਹੈਂ, ਤੋ ਕਯਾ ਬਾਬਾ ਅਪਨੇ ਕੋ ਫਲਾਂ ਫਲਾਂ ਦੇਵਤੇ ਕੇ ਬਰਾਬਰ ਜਾਂ ਉਨਸੇ ਉਪਰ ਸਮਝਤੇ ਹੈਂ। ਇਹ ਹੈ ਟੀਵੀ ਚੈਨਲਾਂ ਦਾ ਵਿਗਿਆਨ , ਇੱਕ ਅੰਧਵਿਸ਼ਵਾਸ ਦਾ ਵਿਰੋਧ ਉਸ ਤੋਂ ਵੱਡਾ ਅੰਧਵਿਸ਼ਵਾਸ਼ ਫੈਲਾ ਕੇ ਕੀਤਾ ਜਾਂਦਾ ਹੈ; ਮਤਲਬ ਜਨਤਾ ਜੀ, ਤੁਸੀਂ ਬਾਬੇ ਦੇ ਨਵੇਂ ਪੁੱਟੇ ਖੂਹ 'ਚ ਨਾ ਡਿੱਗ ਕੇ ਪਹਿਲਾਂ ਹੀ ਮੌਜੂਦ ਜ਼ਿਆਦਾ ਵੱਡੇ ਤੇ ਜ਼ਿਆਦਾ ਪਵਿੱਤਰ ਖੂਹ 'ਚ ਡਿੱਗੋ!! ਅਸਲ 'ਚ ਬਾਬੇ ਦੇ ਵਿਰੋਧ ਕਰਨ 'ਚ ਚੈਨਲਾਂ ਨੇ ਖੂਬ ਪੈਸਾ ਕਮਾਇਆ ਹੋਣੈ, ਬਾਬੇ ਦੇ ਖਿਲਾਫ਼ ਇਹ 'ਵਿਗਿਆਨਕ' ਰਿਪੋਰਟਾਂ ਪ੍ਰਸਾਰਤ ਕਰਨ ਤੋਂ ਬਾਅਦ ਸਟਾਰ ਨਿਊਜ਼ ਦੀ ਰੇਟਿੰਗ ਸਭ ਤੋਂ ਉੱਤੇ ਚੱਲ ਰਹੀ ਹੈ। ਇਹ ਹੈ ਇਹਨਾਂ ਦੇ ਵਿਰੋਧ ਦੀ ਅਸਲੀਅਤ!

ਤੀਜਾ ਜੋ ਸਭ ਤੋਂ ਅਹਿਮ ਸਵਾਲ ਹੈ, ਉਹ ਹੈ ਮੀਡੀਆ ਦੀ ਤਾਕਤ। ਇੱਕ ਪਾਖੰਡੀ ਨੂੰ ਮੀਡੀਆ ਕਿਸ ਤਰ੍ਹਾਂ ਕੁਝ ਦਿਨਾਂ 'ਚ ਇੱਕ ਪਵਿੱਤਰ ਸ਼ੈਅ ਬਣਾ ਦਿੰਦਾ ਹੈ, ਪੂਰੇ ਦੇਸ਼ ਦੀਆਂ ਨਜ਼ਰਾਂ ਉਸ ਪਾਖੰਡੀ 'ਤੇ ਕੇਂਦਰਤ ਕਰ ਦਿੰਦਾ ਹੈ। ਮੀਡੀਆ ਲੋਕਾਂ ਦੀ ਰਾਏ ਕਿਸ ਤਰ੍ਹਾਂ ਵੱਡੀ ਪੱਧਰ ਪ੍ਰਭਾਵਿਤ ਕਰ ਸਕਦਾ ਹੈ, ਇਹ ਮੀਡੀਆ ਖਾਸ ਕਰਕੇ ਇਲੈਕਟ੍ਰਾਨਿਕ ਮੀਡੀਆ ਦੀ ਤਾਕਤ ਦਾ ਇੱਕ ਉਦਾਹਰਣ ਹੈ। ਟੀਵੀ ਚੈਨਲਾਂ ਉੱਤੇ ਵੱਖ-ਵੱਖ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੈ ਜੋ ਕਿ ਭਾਰਤ ਦੀ ਸਮੁੱਚੀ ਆਰਥਕਤਾ ਅਤੇ ਸਰਕਾਰਾਂ ਨੂੰ ਸਿੱਧੇ-ਅਸਿੱਧੇ ਤਰੀਕੇ ਨਾਲ਼ ਚਲਾਉਂਦੇ ਹਨ ਅਤੇ ਨੀਤੀਆਂ ਤੈਅ ਕਰਵਾਉਂਦੇ ਹਨ। ਇਸ ਤਰ੍ਹਾਂ ਇਹ ਕਾਰਪੋਰੇਟ ਘਰਾਣੇ ਕਿਸੇ ਅਜਿਹੇ ਮਸਲੇ ਬਾਰੇ ਜੋ ਆਮ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ, ਰਾਤੋ-ਰਾਤ ਆਪਣੇ ਪੱਖ 'ਚ ਲੋਕ ਰਾਏ ਖੜੀ ਕਰ ਸਕਦੇ ਹਨ। ਇਹਨਾਂ ਚੈਨਲਾਂ ਦੇ ਅਸਲ ਮਨਸੂਬੇ, ਇਹਨਾਂ ਦੇ ਅਸਲ ਮਾਲਕਾਂ ਅਤੇ ਇਹਨਾਂ ਦੁਆਰਾ ਲੋਕਾਂ ਨੂੰ ਮੂਰਖ ਬਣਾਉਣ ਤੇ ਉਹਨਾਂ ਦੀ ਮਾਨਸਿਕਤਾ ਨੂੰ ਗੁਲਾਮ ਬਣਾ ਕੇ ਰੱਖਣ ਦੀਆਂ ਕੋਝੀਆਂ ਚਾਲਾਂ ਦਾ ਪਰਦਾਫਾਸ਼ ਕਰਨਾ ਓਨਾ ਹੀ ਜ਼ਰੂਰੀ ਹੈ, ਜਿੰਨਾ ਕਿ ਨਿਰਮਲ ਬਾਬੇ ਜਿਹੇ ਪਾਖੰਡੀਆਂ ਦਾ ਮਖੌਟਾ ਨੋਚਣਾ।

ਪਰ ਕੀ ਇਕੱਲਾ ਮੀਡੀਆ ਤੇ ਨਿਰਮਲ ਬਾਬਾ ਹੀ ਉਹ ਧਿਰਾਂ ਹਨ ਜਿਹਨਾਂ ਦੀ ਆਲ਼ੋਚਨਾ ਹੋਣੀ ਚਾਹੀਦੀ ਹੈ। ਨਹੀਂ, ਸਰਕਾਰਾਂ ਤੇ ਅਦਾਲਤਾਂ ਨੂੰ ਵੀ ਇਸ ਪੂਰੇ ਬੇਸ਼ਰਮੀ ਭਰੇ ਨਾਟਕ ਵਿੱਚੋਂ ਬਾਹਰ ਨਹੀਂ ਦੇਖਿਆ ਜਾਣਾ ਚਾਹੀਦਾ। ਇਹਨਾਂ ਸਰਕਾਰਾਂ ਨੂੰ ਨਿਰਮਲ ਬਾਬੇ ਜਾਂ ਮੀਡੀਆ ਦੁਆਰਾ ਮਚਾਈ ਹਨੇਰਗਰਦੀ ਦਿਖਾਈ ਨਹੀਂ ਦਿੰਦੀ। ਮਮਤਾ ਬੈਨਰਜੀ ਨੂੰ ਆਪਣੇ ਬਾਰੇ ਬਣੇ ਕਾਰਟੂਨ ਦਾ ਝੱਟ ਪਤਾ ਚਲ ਜਾਂਦਾ ਹੈ ਅਤੇ ਇੱਕ ਪ੍ਰੋਫੈਸਰ ਨੂੰ ਫੜ ਕੇ ਹਵਾਲਾਤ 'ਚ ਬੰਦ ਕਰ ਦਿੱਤਾ ਜਾਂਦਾ ਹੈ। ਕੇਂਦਰ ਸਰਕਾਰ ਨੂੰ ਫੇਸਬੁੱਕ 'ਤੇ ਕਾਂਗਰਸੀ ਲੀਡਰਾਂ ਬਾਰੇ ਭੰਡੀ ਪ੍ਰਚਾਰ ਹੋਣ ਦਾ ਫੌਰੀ ਪਤਾ ਲੱਗ ਜਾਂਦਾ ਹੈ ਅਤੇ ਇਸ ਭੰਡੀ ਪ੍ਰਚਾਰ ਨੂੰ ਇੰਟਰਨੈਟ ਤੋਂ ਹਟਾਉਣ ਦੀ ਕਵਾਇਦ ਸ਼ੁਰੂ ਹੋ ਜਾਂਦੀ ਹੈ। ਫਿਰ ਕੀ ਕਾਰਨ ਹੈ ਕਿ ਸਰਕਾਰ ਨੂੰ ਇਸ ਪਾਖੰਡ ਦਾ ਕਦੇ ਪਤਾ ਨਹੀਂ ਲੱਗਿਆ। ਕੀ ਉਹ ਅਦਾਲਤਾਂ ਜਿਹੜੀਆਂ ਪ੍ਰਧਾਨ ਮੰਤਰੀ ਤੱਕ ਨੂੰ ਝਿੜਕਣ ਤੱਕ ਜਾਂਦੀਆਂ ਹਨ, ਕਦੇ ਟੀਵੀ ਜਾਂ ਅਖਬਾਰ ਨਹੀਂ ਦੇਖਦੀਆਂ। ਕੁਝ ਲੋਕ-ਪੱਖੀ ਪੱਤਰਕਾਰ ਤੇ ਬੁੱਧੀਜੀਵੀ ਚੀਕ ਰਹੇ ਹਨ ਕਿ ਸਰਕਾਰਾਂ ਤੇ ਅਦਾਲਤਾਂ ਇਹ ਸਭ ਕੁਝ ਕਿਉਂ ਨਹੀਂ ਦੇਖਦੀਆਂ। ਅਸਲ 'ਚ ਇਹਨਾਂ ਸਭ ਨੂੰ ਸਭ ਕੁਝ ਦਿਖਦਾ ਹੈ, ਪਰ ਉਹਨਾਂ ਨੂੰ ਇਸ ਵਿੱਚ ਸਰਮਾਏਦਾਰੀ ਢਾਂਚੇ ਦਾ ਫਾਇਦਾ ਵੀ ਦਿਖਦਾ ਹੈ। ਲੋਕਾਂ ਤੱਕ ਵਿਗਿਆਨਕ ਸੋਚ ਦਾ ਜਾਣਾ ਅਤੇ ਲੋਕਾਂ ਦੁਆਰਾ ਤਰਕਸ਼ੀਲ ਤਰੀਕੇ ਨਾਲ਼ ਮਸਲਿਆਂ-ਮੁਸ਼ਕਿਲਾਂ ਨੂੰ ਵਿਚਾਰਨ ਦਾ ਢੰਗ ਪਹੁੰਚ ਜਾਣਾ ਕਿਸੇ ਲੋਟੂ ਨਿਜ਼ਾਮ ਨੂੰ ਪੁੱਗਦਾ ਨਹੀਂ ਇਸੇ ਲਈ ਅਜਿਹੇ ਪਾਖੰਡਾਂ ਨੂੰ ਸਰਕਾਰ ਦੀ ਚੁੱਪ ਦੇ ਰੂਪ 'ਚ ਹਮਾਇਤ ਮਿਲਦੀ ਹੈ।

(ਬਾਕੀ ਪੰਨਾ 32 'ਤੇ)

ਇਤਿਹਾਸ

'ਇੱਕ ਸਿਆਸੀ ਹੱਥਕੰਡਾ'

ਉੱਘੇ ਇਤਿਹਾਸਕਾਰ ਡੀ. ਐਨ. ਝਾਅ ਨਾਲ਼ ਮੁਲਾਕਾਤ

(ਭਾਰਤ ਦੇ ਇਤਿਹਾਸ ਨੂੰ ਪਹਿਲਾਂ ਅੰਗਰੇਜ਼ਾਂ ਤੇ ਉਹਨਾਂ ਦੇ ਪਿੱਠੂ ਇਤਿਹਾਸਕਾਰਾਂ ਨੇ ਤੋੜਿਆ-ਮਰੋੜਿਆ ਅਤੇ ਦੇਸ਼ ਦੇ ਅਜ਼ਾਦ ਹੋਣ ਤੋਂ ਦੋ ਦਹਾਕੇ ਪਹਿਲਾਂ ਹੀ ਇਹ ਕੰਮ ਆਰ. ਐੱਸ. ਐੱਸ. ਦੇ ਫਾਸੀਵਾਦੀਆਂ ਅਤੇ ਹੋਰ ਫਿਰਕੂ ਝੁਕਾਅ ਰੱਖਣ ਵਾਲ਼ੇ ਇਤਿਹਾਸਕਾਰਾਂ ਨੇ ਸਾਂਭ ਲਿਆ। ਅੱਜ ਵੀ ਬਾਦਸਤੂਰ ਇਸ ਤਰ੍ਹਾਂ ਦਾ ਹੀ ਤੋੜਿਆ-ਮਰੋੜਿਆ ਤੇ ਝੂਠਾਂ 'ਤੇ ਆਧਾਰਿਤ ਗੈਰ-ਵਿਗਿਆਨਕ ਇਤਿਹਾਸ ਨਾ ਸਿਰਫ ਆਮ ਲੋਕਾਂ ਅੱਗੇ ਸੱਚ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਸਗੋਂ ਸਕੂਲਾਂ-ਕਾਲਜਾਂ ਵਿੱਚ ਵੀ ਇਹੀ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ।

ਇਸ ਅੰਕ ਵਿੱਚ ਪ੍ਰਾਚੀਨ ਭਾਰਤ ਦੇ ਉੱਘੇ ਇਤਿਹਾਸਕਾਰ ਸ਼੍ਰੀ ਦਵਿਜੇਂਦਰ ਨਾਰਾਇਣ ਝਾਅ ਦੀ ਇੱਕ ਇੰਟਰਵਿਊ ਦਾ ਪੰਜਾਬੀ ਅਨੁਵਾਦ ਛਪਿਆ ਜਾ ਰਿਹਾ ਹੈ। ਇਹ ਇੰਟਰਵਿਊ ਅੰਗਰੇਜ਼ੀ ਦੇ ਮੈਗਜ਼ੀਨ 'ਫਰੰਟਲਾਈਨ' ਦੇ 24 ਫਰਵਰੀ, 2012 ਦੇ ਅੰਕ ਵਿੱਚ ਛਪੀ ਹੈ। ਸ਼੍ਰੀ ਝਾਅ ਨੇ ਆਪਣੇ 25 ਸਾਲ ਦੇ ਕੈਰੀਅਰ ਦੌਰਾਨ ਬਹੁਤ ਸਾਰੀਆਂ ਹਿੰਦੁਤਵ ਮਿੱਥਾਂ ਨੂੰ ਤੋੜਿਆ ਹੈ। ਉਹਨਾਂ ਨੇ ਆਪਣੇ ਖੋਜ-ਕਾਰਜਾਂ ਲਈ ਪ੍ਰਾਚੀਨ ਭਾਰਤੀ ਲਿਖਤਾਂ ਅਤੇ ਪੁਰਾਤੱਤਵ ਸ੍ਰੋਤਾਂ ਦੀ ਭਰਪੂਰ ਵਰਤੋਂ ਕੀਤੀ ਹੈ। ਆਪਣੀ ਕਿਤਾਬ "ਪਵਿੱਤਰ ਗਊ ਦੀ ਮਿੱਥ" ਵਿੱਚ ਉਹਨਾਂ ਨੇ ਸਿੱਧ ਕੀਤਾ ਹੈ ਕਿ ਗਊ-ਮਾਸ ਖਾਣਾ ਪ੍ਰਾਚੀਨ ਭਾਰਤ 'ਚ ਭੋਜਨ ਸਬੰਧੀ ਆਦਤਾਂ ਦਾ ਆਮ ਹਿੱਸਾ ਸੀ। ਇਸ ਇੰਟਰਵਿਊ ਵਿੱਚ ਉਹਨਾਂ ਨੇ ਇਸੇ ਵਿਸ਼ੇ 'ਤੇ ਆਪਣੇ ਵਿਚਾਰ ਰੱਖੇ ਹਨ। -ਸੰਪਾਦਕ)

ਤੁਹਾਡੀ ਕਿਤਾਬ 'ਪਵਿੱਤਰ ਗਊ ਦੀ ਮਿੱਥ' ਇਸ ਆਮ ਧਾਰਨਾ ਨੂੰ ਕਿ ਭਾਰਤੀ ਉਪ-ਮਹਾਂਦੀਪ ਵਿੱਚ ਗਊ-ਮਾਸ ਖਾਣਾ ਮੁਸਲਮਾਨਾਂ ਨੇ ਪ੍ਰਚਲਿਤ ਕੀਤਾ, ਤੋੜਦੀ ਹੈ। ਤੁਸੀਂ ਇਸ ਨਤੀਜੇ 'ਤੇ ਪਹੁੰਚਣ ਲਈ ਕਿਹੜੇ ਸਭ ਤੋਂ ਮਹੱਤਵਪੂਰਨ ਸ੍ਰੋਤਾਂ ਦੀ ਵਰਤੋਂ ਕੀਤੀ ?

ਇੱਕ ਸਦੀ ਤੋਂ ਵੱਧ ਸਮੇਂ ਲਈ ਭਾਰਤ ਵਿੱਚ ਗਊ ਦੀ ਪਵਿੱਤਰਤਾ ਸਿਰਫ ਅਕਾਦਮਿਕ ਬਹਿਸ ਦਾ ਹੀ ਮੁੱਦਾ ਨਹੀਂ ਰਿਹਾ। ਹਿੰਦੂ ਫਿਰਕਾਪ੍ਰਸਤ ਅਤੇ ਉਹਨਾਂ ਦੀਆਂ ਕੱਟੜਪੰਥੀ ਜਥੇਬੰਦੀਆਂ ਇਹ ਪ੍ਰਚਾਰ ਕਰਦੀਆਂ ਆ ਰਹੀਆਂ ਹਨ ਕਿ ਭਾਰਤ ਵਿੱਚ ਗਊ ਨੂੰ ਮਾਰਨਾ ਤੇ ਇਸਦੇ ਮਾਸ ਖਾਣ ਦੀ ਸ਼ੁਰੂਆਤ ਇਸਲਾਮ ਦੇ ਪੈਰੋਕਾਰਾਂ ਨੇ ਕੀਤੀ ਅਤੇ ਇਸ ਤਰ੍ਹਾਂ ਉਹਨਾਂ ਨੇ ਮੁਸਲਮਾਨਾਂ ਉੱਪਰ ਗਊ-ਮਾਸ ਖਾਣ ਵਾਲ਼ਿਆਂ ਦਾ ਠੱਪਾ ਲਗਾ ਦਿੱਤਾ। ਇਸ ਮਿੱਥ ਨੂੰ ਖਤਮ ਕਰਨ ਦਾ ਸਭ ਤੋਂ ਵਧੀਆ ਤਰੀਕਾ ਪ੍ਰਾਚੀਨ ਭਾਰਤ 'ਚ ਗਊ-ਮਾਸ ਖਾਣ ਦੇ ਪ੍ਰਚਲਿਤ ਹੋਣ ਬਾਰੇ ਭਾਰਤ ਦੇ ਧਾਰਮਿਕ ਗ੍ਰੰਥਾਂ 'ਚੋਂ ਹੀ ਤੱਥ ਪੇਸ਼ ਕਰਨਾ ਹੈ। ਇਸ ਲਈ, ਮੈਂ ਇਹ ਦਿਖਾਉਣ ਲਈ ਕਿ ਸਾਡੇ ਪੂਰਵਜ ਭਾਰਤ 'ਚ ਇਸਲਾਮ ਦੇ ਆਉਣ ਤੋਂ ਬਹੁਤ ਪਹਿਲਾਂ ਹੀ ਗਊ-ਮਾਸ ਖਾਂਦੇ ਸਨ, ਬ੍ਰਾਹਮਣੀ, ਬੋਧੀ ਅਤੇ ਜੈਨ ਧਰਮ ਗ੍ਰੰਥਾਂ 'ਚੋਂ ਪ੍ਰਮਾਣ ਸਾਹਮਣੇ ਰੱਖੇ ਹਨ।

ਕੀ ਤੁਸੀਂ ਸਾਨੂੰ ਕੁਝ ਉਦਾਹਰਣਾਂ ਦਿਉਗੇ ਕਿ ਪ੍ਰਾਚੀਨ ਭਾਰਤ ਵਿੱਚ ਕਿੱਥੇ ਗਊਆਂ ਨੂੰ ਖਾਣ ਲਈ ਅਤੇ ਬਲੀ ਦੇਣ ਲਈ ਵਰਤਿਆ ਜਾਂਦਾ ਸੀ ?

ਪਸ਼ੂ-ਬਲੀ ਵੈਦਿਕ ਕਾਲ 'ਚ ਬਹੁਤ ਹੀ ਆਮ ਗੱਲ ਸੀ। *ਅਗਨਾਧੇਯਾ* ਵਿੱਚ ਜੋ ਕਿ ਸਾਰੀਆਂ ਜਨਤਕ ਬਲੀਆਂ ਦੀ ਸ਼ੁਰੂਆਤੀ ਰਸਮ ਸੀ, ਗਊ ਦੀ ਬਲੀ ਦੇਣੀ ਜ਼ਰੂਰੀ ਸੀ। *ਅਸਵਾਮੇਧਾ* ਵਿੱਚ ਜੋ ਕਿ ਸਭ ਤੋਂ ਅਹਿਮ ਜਨਤਕ ਬਲੀਆਂ 'ਚੋਂ ਸੀ, 600 ਤੋਂ ਉੱਪਰ ਪਸ਼ੂਆਂ ਤੇ ਪੰਛੀਆਂ ਦੀ ਬਲੀ ਦਿੱਤੀ ਜਾਂਦੀ ਸੀ ਅਤੇ ਅੰਤਮ ਚਰਨ ਵਿੱਚ 21 ਗਊਆਂ ਦੀ ਬਲੀ ਨਾਲ਼ ਰਸਮ ਖਤਮ ਹੁੰਦੀ ਸੀ। *ਰਾਜਸੂਯਾ ਤੇ ਵਾਜਪੇਯਾ* ਨਾਂ ਦੀਆਂ ਜਨਤਕ ਬਲੀਆਂ ਦੀ *ਗੋਸਾਵਾ* ਰਸਮ ਵਿੱਚ ਮਾਰੂਤ (ਹਿੰਦੂ ਧਰਮ ਅਨੁਸਾਰ ਤੂਫਾਨਾਂ ਦੇ ਦੇਵਤੇ ਜੋ ਬਹੁਤ ਹਿੰਸਕ ਮੰਨੇ ਜਾਂਦੇ ਹਨ -ਅਨੁ) ਨੂੰ ਗਊ ਦੀ ਬਲੀ ਦਿੱਤੀ ਜਾਂਦੀ ਸੀ। ਹੋਰ ਬਹੁਤ ਸਾਰੇ *ਯਜਨਾ* ਵਿੱਚ ਵੀ ਮਵੇਸ਼ੀਆਂ ਸਮੇਤ ਜਾਨਵਰਾਂ ਦੀ ਬਲੀ ਦੇਣਾ ਆਮ ਸੀ।

ਵੈਦਿਕ ਗ੍ਰੰਥਾਂ ਅਤੇ ਧਰਮ ਸ਼ਾਸ਼ਤਰਾਂ ਵਿੱਚ ਅਜਿਹੇ ਮੌਕਿਆਂ ਦੇ ਵੀ ਹਵਾਲੇ ਮਿਲਦੇ ਹਨ ਜਦੋਂ ਗਊਆਂ ਨੂੰ ਖਾਣ ਲਈ ਮਾਰਿਆ ਜਾਂਦਾ ਸੀ ਅਤੇ ਗਊ-ਮਾਸ ਖਾਣਾ ਜ਼ਰੂਰੀ ਸੀ। ਬਾਅਦ ਦਾ ਇੱਕ ਵੈਦਿਕ ਗ੍ਰੰਥ ਸਾਨੂੰ ਸਾਫ-ਸਾਫ ਦੱਸਦਾ ਹੈ ਕਿ "ਅਸਲ ਵਿੱਚ ਗਾਂ ਭੋਜਨ ਲਈ ਹੈ" ਅਤੇ ਇੱਕ ਹੋਰ ਗ੍ਰੰਥ ਪੰਡਿਤ ਯਜਨਾਵਲਕਯਾ ਦੀ ਗਊ ਦਾ ਨਰਮ ਮਾਸ ਖਾਣ ਦੀ ਕਠੋਰ ਜ਼ਿੱਦ ਦਾ ਹਵਾਲਾ ਦਿੰਦਾ ਹੈ। ਵੈਦਿਕ ਕਾਲ ਅਤੇ ਉਸਤੋਂ ਬਾਅਦ ਦੇ ਅਸੂਲ ਤੈਅ ਕਰਨ ਵਾਲ਼ੇ ਗ੍ਰੰਥਾਂ ਅਨੁਸਾਰ ਕਿਸੇ ਮਹਿਮਾਨ ਦੇ ਆਉਣ 'ਤੇ ਉਸਦੇ ਸਵਾਗਤ ਅਤੇ ਮਾਣ ਲਈ ਗਊ ਨੂੰ ਮਾਰਨਾ ਜ਼ਰੂਰੀ ਸੀ। ਲਿਖਤੀ ਪ੍ਰਮਾਣਾਂ ਤੋਂ ਇਹ ਵੀ ਪਤਾ ਚਲਦਾ ਹੈ ਕਿ ਅੰਤਿਮ ਸਸਕਾਰ ਸਮੇਂ ਦੀਆਂ ਰਸਮਾਂ ਸਮੇਂ ਬ੍ਰਾਹਮਣ ਨੂੰ ਗਊ ਦਾ ਮਾਸ ਖਵਾਇਆ ਜਾਂਦਾ ਸੀ। ਮੈਂ ਇੱਥੇ ਪ੍ਰਮਾਣਾਂ 'ਚੋਂ ਸਿਰਫ

ਕੁਝ ਕੁ ਦੀ ਹੀ ਉਦਾਹਰਨ ਦਿੱਤੀ ਹੈ, ਪਰ ਪ੍ਰਾਚੀਨ ਭਾਰਤੀ ਲਿਖਤਾਂ ਗਊ ਨੂੰ ਬਲੀ ਲਈ ਅਤੇ ਭੋਜਨ ਲਈ ਮਾਰਨ ਦੇ ਪ੍ਰਮਾਣਾਂ ਨਾਲ਼ ਭਰੀਆਂ ਪਈਆਂ ਹਨ।

ਤੁਸੀਂ ਇਸ ਨੁਕਤੇ ਨੂੰ ਸਿੱਧ ਕਰਨ ਲਈ ਪ੍ਰਾਚੀਨ ਭਾਰਤ ਦੀਆਂ ਬਹੁਤ ਸਾਰੀਆਂ ਲਿਖਤਾਂ ਦੇ ਹਵਾਲੇ ਦਿੱਤੇ ਹਨ। ਪਰ ਕੀ ਇਸ ਤੋਂ ਬਿਨਾਂ ਹੋਰ ਵੀ "ਹਿੰਦੂ ਸ੍ਰੋਤ" ਜਾਂ ਮਧਕਾਲੀ ਜਾਂ ਆਧੁਨਿਕ ਭਾਰਤ ਦੀਆਂ ਲਿਖਤਾਂ ਹਨ ਜਿਹੜੀਆਂ ਗਊ ਦੀ ਵਸਤ ਦੇ ਤੌਰ 'ਤੇ ਵਰਤੋਂ ਬਾਰੇ ਦੱਸਦੀਆਂ ਹਨ ?

ਉੱਤਰ-ਵੈਦਿਕ ਕਾਲ ਵਿੱਚ ਗਊ-ਮਾਸ ਖਾਣ ਦੇ ਜ਼ਾਰੀ ਰਹਿਣ ਦੇ ਬਹੁਤ ਪ੍ਰਮਾਣ ਮਿਲਦੇ ਹਨ। ਸਾਰੇ ਧਰਮ ਸ਼ਾਸ਼ਤਰਾਂ ਵਿੱਚੋਂ ਸਭ ਤੋਂ ਵੱਧ ਮਾਨਤਾ ਪ੍ਰਾਪਤ *ਮਨੁਸਮ੍ਰਿਤੀ* (200 ਈ.ਪੂ.-200 ਈਸਵੀ) ਵਿੱਚ ਇੱਕ ਸਭ ਤੋਂ ਵੱਧ ਸਦਾਚਾਰੀ ਬ੍ਰਾਹਮਣਾਂ ਦੀ ਪ੍ਰਸਿੱਧ ਉਦਾਹਰਣ ਦਰਜ ਹੈ ਜਿਹਨਾਂ ਨੇ ਭੁੱਖਮਰੀ ਤੋਂ ਬਚਣ ਲਈ ਬਲਦ ਅਤੇ ਕੁੱਤੇ ਦਾ ਮਾਸ ਖਾਧਾ। ਯਜਨਾਵਲਕਯਾ ਦੀ *ਸਮ੍ਰਿਤੀ* (100 ਈ. - 300 ਈ.) ਨੇ ਇਸ ਨਿਯਮ ਦੀ ਸਥਾਪਨਾ ਕੀਤੀ ਕਿ ਵਿਦਵਾਨ ਬ੍ਰਾਹਮਣ (ਸ਼੍ਰੋਤਰਯਾ) ਦਾ ਸਵਾਗਤ ਵੱਡੇ ਬਲਦ ਜਾਂ ਬੱਕਰੇ ਦੇ ਮਾਸ ਨਾਲ਼ ਕੀਤਾ ਜਾਣਾ ਚਾਹੀਦਾ ਹੈ। ਯਾਦ ਰਹੇ ਕਿ ਮਹਾਂਭਾਰਤ ਵਿਚਲੇ ਬਹੁਤੇ ਪਾਤਰ ਮੀਟ ਖਾਂਦੇ ਸਨ, ਅਤੇ ਇਸ ਵਿੱਚ ਹੈਰਾਨੀ ਨਹੀਂ ਕਿ ਇਸ ਗ੍ਰੰਥ 'ਚ ਰਾਜੇ ਰੰਤੀਦੇਵਾ ਦਾ ਜ਼ਿਕਰ ਆਉਂਦਾ ਹੈ ਜਿਸ ਦੇ ਬਾਵਰਚੀਖਾਨੇ 'ਚ 2,000 ਗਾਂਵਾਂ ਨੂੰ ਹਰ ਰੋਜ਼ ਮਾਰਿਆ ਜਾਂਦਾ ਸੀ ਅਤੇ ਇਹਨਾਂ ਦਾ ਮਾਸ ਤੇ ਅਨਾਜ ਬ੍ਰਾਹਮਣਾਂ ਵਿੱਚ ਵੰਡਿਆ ਜਾਂਦਾ ਸੀ।

ਕਿਹਾ ਜਾਂਦਾ ਹੈ ਕਿ ਪੰਡਿਤ ਭਾਰਦਵਾਜ ਨੇ ਰਾਮ ਦਾ ਸਵਾਗਤ ਭੋਜਨ ਲਈ ਇੱਕ ਮੋਟੇ ਵੱਛੇ ਨੂੰ ਮਾਰ ਕੇ ਕੀਤਾ ਸੀ। ਜਿਹੜਾ ਕੁਝ ਧਰਮ ਸ਼ਾਸ਼ਤਰ ਲਿਖਤਾਂ 'ਚ ਲਿਖਿਆ ਮਿਲਦਾ ਹੈ, ਉਸੇ ਤਰ੍ਹਾਂ ਦੇ ਹੀ ਪ੍ਰਮਾਣ ਗੈਰ-ਧਾਰਮਿਕ ਸਾਹਿਤ ਵਿੱਚ ਵੀ ਮਿਲਦੇ ਹਨ। ਪ੍ਰਾਚੀਨ ਭਾਰਤੀ ਮੈਡੀਕਲ ਲਿਖਤਾਂ ਵਿੱਚ ਗਊ-ਮਾਸ ਦੀ ਵਰਤੋਂ ਬੀਮਾਰੀਆਂ ਦੇ ਇਲਾਜ ਲਈ ਕੀਤੇ ਜਾਣ ਬਾਰੇ ਲਿਖਿਆ ਮਿਲਦਾ ਹੈ, ਅਤੇ ਸਾਹਿਤਕ ਕਿਰਤਾਂ ਦੇ ਬਹੁਤ ਸਾਰੇ ਲੇਖਕ (ਇਹਨਾਂ 'ਚੋਂ ਕੁਝ ਕਾਲੀਦਾਸ, ਭਾਵਾਭੂਤੀ, ਰਾਜਸ਼ੇਖਰ ਤੇ ਸ਼੍ਰੀ ਹਰਸ਼ਾ ਹਨ) ਵੀ ਗਊ-ਮਾਸ ਖਾਣ ਬਾਰੇ ਲਿਖਦੇ ਹਨ।

ਹਿੰਦੂ ਮਾਨਸਿਕਤਾ ਵਿੱਚ ਗਊ ਦੇ ਪਵਿੱਤਰ ਹੋਣ ਦੀ ਮਿੱਥ ਕਿਵੇਂ ਪੈਦਾ ਹੋਈ ? ਕੀ ਭਾਰਤ ਦੇ ਇਤਿਹਾਸ ਅੰਦਰ ਅਜਿਹੀਆਂ ਘਟਨਾਵਾਂ ਜਾਂ ਸਮੇਂ ਆਏ ਜਿਹਨਾਂ ਨੇ ਪ੍ਰਾਚੀਨ ਭਾਰਤ ਵਿੱਚ ਇੱਕ ਵਰਤੋਂ ਦੀ ਚੀਜ਼ ਹੋਣ ਦੀ ਥਾਂ ਗਊ ਦੇ ਪਵਿੱਤਰ ਹੋਣ ਦੀ ਮਾਨਤਾ ਨੂੰ ਸਥਾਪਤ ਕਰ ਦਿੱਤਾ ? ਕੀ ਪ੍ਰਾਚੀਨ ਭਾਰਤ ਵਿੱਚ ਨਾਲ਼ੋ-ਨਾਲ਼ ਅਜਿਹੇ ਪ੍ਰਮਾਣ ਵੀ ਮਿਲਦੇ ਹਨ ਜਿਹਨਾਂ ਅਨੁਸਾਰ ਗਊ ਨੂੰ ਹਿੰਦੂ ਧਰਮ ਦਾ ਇੱਕ ਧਾਰਮਿਕ ਤੇ ਪਵਿੱਤਰ ਚਿੰਨ੍ਹ ਮੰਨਿਆ ਜਾਂਦਾ ਸੀ ?

ਅਕਸਰ ਕੁਝ ਵਿਦਵਾਨਾਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਵੈਦਿਕ ਕਾਲ ਵਿੱਚ ਗਊ ਨੂੰ ਪਵਿੱਤਰ ਮੰਨਿਆ ਜਾਂਦਾ ਸੀ। ਇਹ ਦਾਅਵਾ ਅਥਰਵਵੇਦ ਵਿੱਚ ਇੱਕ ਸ਼ਬਦ *ਅਘਨਯਾ* (ਜਿਸ ਦਾ ਮਤਲਬ ਹੈ, ਮਾਰਨ ਲਈ ਨਹੀਂ) ਦੇ ਜ਼ਿਕਰ 'ਤੇ ਅਧਾਰਤ ਹੈ। ਪਰੰਤੂ ਇਹ ਬਿਨਾਂ ਕਿਸੇ ਸ਼ੱਕ ਦੇ ਸਿੱਧ ਹੋ ਚੁੱਕਾ ਹੈ ਕਿ ਜੇ ਵੈਦਿਕ ਕਾਲ ਵਿੱਚ ਗਊ ਨੂੰ ਮਾਰਨ ਦੀ ਮਨਾਹੀ ਹੈ ਵੀ ਸੀ ਤਾਂ ਇਹ ਵੱਧ ਤੋਂ ਵੱਧ ਉਸ ਗਊ 'ਤੇ ਹੀ ਲਾਗੂ ਹੁੰਦੀ ਸੀ ਜਿਹੜੀ ਬ੍ਰਾਹਮਣ ਦੀ ਹੋਵੇ, ਜਿਸ ਨੂੰ ਬ੍ਰਾਹਮਣ ਨੇ ਧਾਰਮਿਕ ਰਸਮਾਂ ਕਰਨ ਦੀ ਫੀਸ (*ਦਖਸ਼ਿਣਾ*) ਦੇ ਤੌਰ 'ਤੇ ਪ੍ਰਾਪਤ ਕੀਤਾ ਹੋਵੇ। ਬੁੱਧ ਧਰਮ ਅਤੇ ਜੈਨ ਧਰਮ ਨੇ ਪਸ਼ੂ-ਬਲੀ ਅਤੇ ਮਵੇਸ਼ੀਆਂ ਨੂੰ ਮਾਰਨ ਦਾ ਵਿਰੋਧ ਕੀਤਾ। ਪਰ ਉਹਨਾਂ ਦੇ ਧਰਮ ਗ੍ਰੰਥਾਂ ਵਿੱਚ ਵੀ ਗਊ ਦੇ ਪਵਿੱਤਰ ਪਸ਼ੂ ਹੋਣ ਬਾਰੇ ਲਿਖਿਆ ਨਹੀਂ ਮਿਲਦਾ।

ਗਊ ਦੇ ਪਵਿੱਤਰ ਹੋਣ ਦੀ ਮਾਨਤਾ ਬਹੁਤ ਦੇਰ ਬਾਅਦ ਆ ਕੇ ਵਿਕਸਤ ਹੋਈ। ਕਨੂੰਨ ਘਾੜਿਆਂ ਨੇ ਪਹਿਲੇ ਹਜਾਰਵੇਂ ਦੇ ਮੱਧ ਦੇ ਕਰੀਬ (500 ਈਸਵੀ -ਅਨੁ) ਆ ਕੇ ਗਊ-ਮਾਸ ਖਾਣ ਨੂੰ ਨਿਰ-ਉਤਸ਼ਾਹਿਤ ਕਰਨਾ ਸ਼ੁਰੂ ਕੀਤਾ ਜਦੋਂ ਭਾਰਤੀ ਸਮਾਜ 'ਚ ਜਗੀਰਦਾਰੀ ਹੌਲ਼ੀ-ਹੌਲ਼ੀ ਪੈਰ ਜਮਾ ਰਹੀ ਸੀ, ਜਿਸ ਕਾਰਨ ਵੱਡੇ ਸਮਾਜਿਕ-ਸੱਭਿਆਚਾਰਕ ਬਦਲਾਅ ਆ ਰਹੇ ਸਨ। ਬਦਲਾਅ ਦੀ ਪ੍ਰਕਿਰਿਆ ਦੇ ਇਸ ਦੌਰ ਦੌਰਾਨ, ਜਿਸ ਨੂੰ ਸ਼ੁਰੂ ਵਿੱਚ ਮਹਾਂਕਾਵਿ ਤੇ ਪੁਰਾਣਿਕ ਕਥਾਵਾਂ 'ਚ ਕਲਯੁਗ ਕਿਹਾ ਗਿਆ, ਸਮਾਜਿਕ ਆਦਰਸ਼ਾਂ ਤੇ ਰਵਾਇਤਾਂ 'ਚ ਬਹੁਤ ਸਾਰੀਆਂ ਤਬਦੀਲੀਆਂ ਤੇ ਸੋਧਾਂ ਹੋਈਆਂ। ਬ੍ਰਾਹਮਣੀ ਧਾਰਮਿਕ ਲਿਖਤਾਂ ਨੇ ਇੱਥੇ ਆ ਕੇ ਪਹਿਲਾਂ ਤੋਂ ਚੱਲੇ ਆ ਰਹੇ ਕੁਝ ਰਿਵਾਜ-ਵਿਹਾਰਾਂ ਦੀ ਕਲਯੁਗ 'ਚ ਆ ਕੇ ਮਨਾਹੀ ਬਾਰੇ ਕਹਿਣਾ ਸ਼ੁਰੂ ਕਰ ਦਿੱਤਾ ਜਿਹਨਾਂ ਨੂੰ *ਕਲਵਰਜਯ* ਕਿਹਾ ਜਾਣ ਲੱਗਿਆ, ਅਤੇ ਉਸ ਸਮੇਂ ਦੀਆਂ ਬਹੁਤੀਆਂ ਲਿਖਤਾਂ ਵਿੱਚ ਕਲਯੁਗ 'ਚ ਗਊ ਨੂੰ ਮਾਰੇ ਜਾਣ ਦੀ ਮਨਾਹੀ ਬਾਰੇ ਲਿਖਿਆ ਮਿਲਦਾ ਹੈ।

ਗਊ ਨੂੰ ਮਾਰਨ ਤੇ ਗਊ-ਮਾਸ ਖਾਣ ਨੂੰ ਹੁਣ ਗਿਣਤੀ 'ਚ ਲਗਾਤਾਰ ਵਧ ਰਹੀਆਂ ਅਛੂਤ ਜਾਤਾਂ ਨਾਲ਼ ਜੋੜਕੇ ਦੇਖਿਆ ਜਾਣ ਲੱਗਿਆ। ਪਰ ਇਹ ਵੀ ਧਿਆਨ ਦੇਣ ਵਾਲ਼ੀ ਗੱਲ ਹੈ ਕਿ ਕੁਝ ਧਰਮ ਸ਼ਾਸ਼ਤਰ ਲਿਖਤਾਂ 'ਚ ਇਸ ਤਰ੍ਹਾਂ ਕਰਨ ਨੂੰ ਮਨੁੱਖੀ ਵਿਹਾਰ ਦੇ ਛੋਟੇ-ਮੋਟੇ ਵਿਗਾੜ ਹੀ ਸਮਝਿਆ ਗਿਆ ਹੈ। ਧਰਮ ਸ਼ਾਸ਼ਤਰ ਲਿਖਤਾਂ ਚਾਹੇ ਕੁਝ ਵੀ ਕਹਿੰਦੀਆਂ ਹੋਣ, ਫਿਰ ਵੀ ਕੁਝ ਲੋਕਾਂ ਦੁਆਰਾ ਗਊ-ਮਾਸ ਖਾਣ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਕੁਝ ਸਮਾਂ ਪਹਿਲਾਂ ਹੀ, 19ਵੀਂ ਸਦੀ ਦੇ ਅਖੀਰ ਵਿੱਚ ਸਵਾਮੀ ਵਿਵੇਕਾਨੰਦ ਦੁਆਰਾ ਆਪਣੀ ਅਮਰੀਕਾ ਯਾਤਰਾ ਦੌਰਾਨ ਗਊ-ਮਾਸ ਖਾਣ ਬਾਰੇ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੀ, 20ਵੀਂ ਸਦੀ ਦੇ ਆਰੰਭ ਵਿੱਚ ਮਹਾਤਮਾ ਗਾਂਧੀ ਨੇ ਕੱਟੜ ਹਿੰਦੂਆਂ ਦੇ ਦੋਹਰੇ ਮਾਪਦੰਡਾਂ ਬਾਰੇ ਕਿਹਾ ਸੀ ਜਿਹੜੇ "ਬਿਮਾਰੀ ਦੇ ਇਲਾਜ ਲਈ ਜੇ ਡਾਕਟਰ ਗਊ-ਮਾਸ 'ਚ ਬਣੀ ਚਾਹ ਲਈ ਕਹੇ ਤਾਂ ਉਹ ਬਿਲਕੁਲ ਨਹੀਂ ਝਿਜਕਦੇ ਤੇ ਨਾਂ ਹੀ ਕੋਈ ਜਾਂਚ-ਪੜਤਾਲ ਕਰਦੇ ਹਨ।" ਇੱਥੋਂ ਤੱਕ ਕਿ ਅੱਜ ਵੀ ਕੇਰਲਾ 'ਚ 72 ਸਮੁਦਾਇ ਜਿਹਨਾਂ 'ਚੋਂ ਸਾਰੇ ਸ਼ਾਇਦ ਅਛੂਤ ਨਹੀਂ ਹਨ, ਬੱਕਰੇ ਦੇ ਮਹਿੰਗੇ ਮੀਟ ਦੀ ਥਾਂ ਗਾਂ ਦਾ ਮੀਟ ਖਾਣ ਨੂੰ ਤਰਜੀਹ ਦਿੰਦੇ ਹਨ, ਅਤੇ ਹਿੰਦੁਤਵ ਤਾਕਤਾਂ ਉਹਨਾਂ ਨੂੰ ਅਜਿਹਾ ਨਾ ਕਰਨ ਲਈ ਪ੍ਰੇਰਿਤ ਕਰਨ 'ਚ ਲੱਗੀਆਂ ਹੋਈਆਂ ਹਨ।

ਇਹਨਾਂ ਸਭ ਤੋਂ ਇਲਾਵਾ, ਉਪਨਿਸ਼ਦਾਂ ਦੀ ਵਿਚਾਰਧਾਰਾ 'ਚ ਅਹਿੰਸਾ ਦੀ ਧਾਰਨਾ ਦਾ ਵਿਕਾਸ, ਬੋਧੀ ਤੇ ਜੈਨੀ ਸੰਸਾਰ ਨਜ਼ਰੀਆਂ ਵਿੱਚ ਅਹਿੰਸਾ ਦੀ ਧਾਰਨਾ ਦਾ ਪ੍ਰਮੁੱਖ ਹੋਣਾ ਤੇ ਵੈਸ਼ਨਵ ਧਰਮ 'ਚ ਇਸਦਾ ਕੇਂਦਰੀ ਨੁਕਤਾ ਬਣ ਜਾਣ ਨੇ ਪਸ਼ੂ ਨੂੰ ਨਾ-ਮਾਰਨ ਦੇ ਵਿਚਾਰ ਨੂੰ ਮਜਬੂਤ ਕੀਤਾ: ਗਊ ਨੂੰ ਖਾਸ ਤੌਰ 'ਤੇ ਹੋਰ ਵੀ ਜ਼ਿਆਦਾ

ਅਹਿਮੀਅਤ ਅਤੇ ਪਵਿੱਤਰ ਦਰਜਾ ਮਿਲਣ ਲੱਗਾ ਕਿਉਂਕਿ ਖੇਤੀ ਅਧਾਰਿਤ ਸਮਾਜ ਵਿੱਚ ਇਸਦੀ ਬਹੁਤ ਆਰਥਿਕ ਮਹੱਤਤਾ ਸੀ, ਅਤੇ ਕਿਉਂਕਿ ਬ੍ਰਾਹਮਣਾਂ ਨੂੰ ਗਊ ਦਖਸ਼ਿਣਾ ਵਜੋਂ ਮਿਲਦੀ ਸੀ ਤੇ ਉਹਨਾਂ ਇਸਨੂੰ ਮਾਰਿਆ ਜਾਣਾ ਬਿਲਕੁਲ ਪਸੰਦ ਨਹੀਂ ਕਰਨਾ ਸੀ।

ਭਾਰਤ ਵਿੱਚ ਗਊ ਨੂੰ ਮਾਰਨਾ ਇੱਕ ਸਿਆਸੀ ਮੁੱਦਾ ਕਦੋਂ ਬਣਿਆ? ਕੀ ਕੋਈ ਇਤਿਹਾਸਕ ਲਹਿਰ ਇਸ ਮੁੱਦੇ ਨਾਲ਼ ਜੁੜੀ ਹੋਈ ਹੈ? ਤੁਸੀਂ ਸਾਨੂੰ ਕੁਝ ਉਦਾਹਰਣਾਂ ਦੇਵੋਗੇ ਕਿ ਕਦੋਂ ਗਊ ਦੀ "ਘੜੀ ਹੋਈ ਪਵਿੱਤਰਤਾ" ਨੂੰ ਸਿਆਸੀ ਲਾਮਬੰਦੀ ਲਈ ਵਰਤਿਆ ਜਾਣ ਲੱਗਾ?

ਕਾਫੀ ਸਮੇਂ ਤੋਂ ਗਊ ਦਾ ਮੁੱਦਾ ਹਾਕਮਾਂ ਲਈ ਇੱਕ ਸਿਆਸੀ ਹੱਥਕੰਡਾ ਬਣਦਾ ਰਿਹਾ ਹੈ। ਮੁਗਲ ਬਾਦਸ਼ਾਹਾਂ (ਜਿਵੇਂ ਬਾਬਰ, ਅਕਬਰ, ਸ਼ਾਹਜਹਾਂ ਤੇ ਔਰੰਗਜ਼ੇਬ) ਦੁਆਰਾ ਗਊ ਲਈ ਆਦਰ ਤੇ ਪੂਜਣਯੋਗ ਹੋਣ ਦੀ ਜੈਨ ਤੇ ਬ੍ਰਾਹਮਣੀ ਭਾਵਨਾ ਕਾਰਨ ਗਊ ਮਾਰਨ ਉੱਪਰ ਨਿਯੰਤਰਤ ਪਾਬੰਦੀ ਲਗਾ ਦਿੱਤੀ ਗਈ ਸੀ। ਇਸੇ ਤਰ੍ਹਾਂ ਸ਼ਿਵਾਜੀ ਜਿਸ ਨੂੰ ਕਈ ਰੱਬ ਦਾ ਅਵਤਾਰ ਮੰਨਦੇ ਹਨ ਜਿਹੜਾ ਗਊ ਤੇ ਬ੍ਰਾਹਮਣ ਦੀ ਰੱਖਿਆ ਲਈ ਧਰਤੀ 'ਤੇ ਆਇਆ ਸੀ, ਦੁਆਰਾ ਇਹ ਐਲਾਨ ਕੀਤਾ ਗਿਆ ਕਿਹਾ ਜਾਂਦਾ ਹੈ: "ਅਸੀਂ ਹਿੰਦੂ ਹਾਂ ਅਤੇ ਸੰਸਾਰ ਦੇ ਹੱਕੀ ਵਾਰਸ ਹਾਂ। ਸਾਡੇ ਲਈ ਇਹ ਸਹੀ ਨਹੀਂ ਹੈ ਕਿ ਅਸੀਂ ਗਊ ਨੂੰ ਮਾਰਿਆ ਜਾਣਾ ਅਤੇ ਬ੍ਰਾਹਮਣਾਂ 'ਤੇ ਜ਼ਬਰ ਹੁੰਦਾ ਦੇਖੀਏ।"

ਪਰ ਗਊ ਜਨਤਕ ਸਿਆਸੀ ਲਾਮਬੰਦੀ ਦਾ ਹੱਥਕੰਡਾ ਉਦੋਂ ਹੀ ਆਕੇ ਬਣੀ ਜਦੋਂ ਹਿੰਦੂ ਗਊ-ਰੱਖਿਆ ਜਥੇਬੰਦੀਆਂ ਨੇ ਜਿਹਨਾਂ ਦੀ ਸ਼ੁਰੂਆਤ 1870 'ਚ ਪੰਜਾਬ ਦੀ ਸਿੱਖ ਕੂਕਾ (ਜਾਂ ਨਾਮਧਾਰੀ) ਲਹਿਰ ਨੇ ਕੀਤੀ ਤੇ ਬਾਅਦ ਵਿੱਚ 1882 'ਚ ਦਇਆਨੰਦ ਸਰਸਵਤੀ ਦੁਆਰਾ ਗੋਰਕਸ਼ਿਨੀ ਸਭਾ ਦੀ ਸਥਾਪਨਾ ਨਾਲ਼ ਬਲ ਮਿਲਿਆ, ਭਿੰਨ-ਭਿੰਨ ਲੋਕਾਂ ਨੂੰ ਇਕੱਠਾ ਕਰਨ ਲਈ ਇਸ ਪਸ਼ੂ ਦੀ ਇੱਕ ਪ੍ਰਤੀਕ ਵਜੋਂ ਵਰਤੋਂ ਕੀਤੀ, ਮੁਸਲਮਾਨਾਂ ਦੁਆਰਾ ਗਊ ਨੂੰ ਮਾਰਨ ਦੇ ਰਿਵਾਜ ਨੂੰ ਚੁਣੌਤੀ ਦਿੱਤੀ ਅਤੇ 1880ਵਿਆਂ ਤੇ 1890ਵਿਆਂ 'ਚ ਲੜੀਬੱਧ ਹੋਏ ਫਿਰਕੂ ਦੰਗਿਆਂ ਨੂੰ ਭੜਕਾਇਆ। ਭਾਵੇਂ ਪਹਿਲਾਂ ਹੀ ਗਊ-ਹੱਤਿਆ ਪ੍ਰਤੀ ਵਿਸ਼ਵਾਸ ਪੱਕਾ ਹੁੰਦਾ ਜਾ ਰਿਹਾ ਸੀ, 1888 'ਚ ਉੱਤਰ-ਪੱਛਮੀ ਸੂਬਾਈ ਹਾਈ ਕੋਰਟ ਦੇ ਇਹ ਫੈਸਲੇ ਕਿ ਗਊ ਕੋਈ ਪਵਿੱਤਰ ਚੀਜ਼ ਨਹੀਂ ਹੈ, ਨੇ ਗਊ-ਰੱਖਿਆ ਲਹਿਰ ਨੂੰ ਹੋਰ ਤਿੱਖਾ ਕਰ ਦਿੱਤਾ। ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਗਊ-ਹੱਤਿਆ ਬਹੁਤ ਸਾਰੇ ਹਿੰਦੂ-ਮੁਸਲਿਮ ਦੰਗਿਆਂ ਦਾ ਕਾਰਨ ਬਣੀ ਜਿਸ ਵਿੱਚ ਖਾਸ ਤੌਰ 'ਤੇ ਜ਼ਿਕਰਯੋਗ 1893 ਦੇ ਆਜ਼ਮਗੜ੍ਹ ਜ਼ਿਲ੍ਹੇ 'ਚ ਹੋਏ ਦੰਗੇ ਹਨ ਜਿਹਨਾਂ ਦੌਰਾਨ ਪੂਰੇ ਦੇਸ਼ 'ਚ ਸੌ ਤੋਂ ਵੱਧ ਲੋਕੀਂ ਮਾਰੇ ਗਏ। ਇਸੇ ਤਰ੍ਹਾਂ, 1912-1913 'ਚ ਅਯੁਧਿਆ 'ਚ ਹਿੰਸਾ ਹੋਈ ਅਤੇ ਕੁਝ ਸਾਲਾਂ ਬਾਅਦ 1917 ਵਿੱਚ ਸ਼ਾਹਬਾਦ 'ਚ ਭਿਆਨਕ ਫਿਰਕੂ ਅੱਗ ਭੜਕ ਉੱਠੀ।

ਗਊ ਨੂੰ ਮਾਰਨ ਦਾ ਮੁੱਦਾ ਅਜ਼ਾਦ ਭਾਰਤ ਵਿੱਚ ਭਾਰਤੀ ਸਿਆਸੀ ਰੰਗਮੰਚ ਉੱਤੇ ਵਾਰ-ਵਾਰ ਦੁਖਦਾਈ ਰੂਪ ਧਾਰਨ ਕਰਦਾ ਰਿਹਾ ਹੈ। ਅਜ਼ਾਦੀ ਤੋਂ ਦੋ ਦਹਾਕੇ ਬਾਅਦ 1966 'ਚ ਭਾਰਤ ਦੀਆਂ ਸਾਰੀਆਂ ਫਿਰਕਾਪ੍ਰਸਤ ਪਾਰਟੀਆਂ ਅਤੇ ਜਥੇਬੰਦੀਆਂ ਨੇ ਮਿਲਕੇ ਗਊ-ਹੱਤਿਆ 'ਤੇ ਕੌਮੀ ਪਾਬੰਦੀ ਦੇ ਹੱਕ ਵਿੱਚ ਕਈ ਲੱਖ ਲੋਕਾਂ ਦਾ ਵੱਡਾ ਮੁਜ਼ਾਹਰਾ ਜਥੇਬੰਦ ਕੀਤਾ ਜਿਸਦਾ ਅੰਤਿਮ ਨਤੀਜਾ ਭਾਰਤ ਦੇ ਸੰਸਦ ਭਵਨ ਸਾਹਮਣੇ ਹੋਏ ਦੰਗਿਆਂ 'ਚ ਨਿਕਲਿਆ ਜਿਹਨਾਂ 'ਚ ਅੱਠ ਬੰਦਿਆਂ ਦੀ ਮੌਤ ਹੋਈ ਅਤੇ ਹੋਰ ਬਹੁਤ ਸਾਰੇ ਫੱਟੜ ਹੋਏ। ਅਪ੍ਰੈਲ 1979 ਵਿੱਚ ਅਚਾਰੀਆ ਵਿਨੋਬਾ ਭਾਵੇ ਨੇ ਜਿਸਨੂੰ ਮਹਾਤਮਾ ਗਾਂਧੀ ਦਾ ਅਧਿਆਤਮਕ ਵਾਰਸ ਕਿਹਾ ਜਾਂਦਾ ਸੀ, ਗਊ-ਹੱਤਿਆ 'ਤੇ ਪਾਬੰਦੀ ਲਵਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਖਾਤਰ ਮਰਨ ਵਰਤ ਸ਼ੁਰੂ ਕਰ ਦਿੱਤਾ। ਝੂਠੇ ਪ੍ਰਾਪੇਗੰਡੇ 'ਤੇ ਅਧਾਰਿਤ ਅਤੇ ਫਿਰਕਾਪ੍ਰਸਤ ਸਿਆਸਤ ਕਰਨ ਵਾਲ਼ੀਆਂ ਤਾਕਤਾਂ ਨੇ ਗਊ ਨੂੰ ਹਿੰਦੂਆਂ ਦੀ ਫਿਰਕੂ ਪਛਾਣ ਬਣਾ ਦਿੱਤਾ ਅਤੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ "ਪਵਿੱਤਰ" ਗਊ ਵੈਦਿਕ ਕਾਲ ਅਤੇ ਉਸਤੋਂ ਬਾਅਦ ਦੇ ਬ੍ਰਾਹਮਣੀ ਤੇ ਗੈਰ-ਬ੍ਰਾਹਮਣੀ ਰਿਵਾਜਾਂ ਅਨੁਸਾਰ ਪਵਿੱਤਰ ਨਹੀਂ ਸੀ, ਅਤੇ ਇਸਦਾ ਮਾਸ ਦੂਸਰੇ ਹੋਰ ਕਈ ਤਰ੍ਹਾਂ ਦੇ ਮੀਟ ਸਣੇ ਪ੍ਰਾਚੀਨ ਭਾਰਤ 'ਚ ਪਸੰਦੀਦਾ ਭੋਜਨ ਰਿਹਾ ਹੈ।

ਉੱਤਰੀ ਭਾਰਤ ਦੇ ਮੁਕਾਬਲੇ ਦੱਖਣੀ ਭਾਰਤ 'ਚ ਗਊ-ਮਾਸ ਖਾਣਾ ਜ਼ਿਆਦਾ ਮਾਨਤਾ ਪ੍ਰਾਪਤ ਆਮ ਵਿਹਾਰ ਰਿਹਾ ਹੈ। ਇਸਦਾ ਕੀ ਕਾਰਨ ਹੋ ਸਕਦਾ ਹੈ, ਕਿਉਂਕਿ ਅਜਿਹੀ ਮਾਨਤਾ ਅਤੇ ਵਿਰੋਧ ਇਤਿਹਾਸ ਦੇ ਨਾਲ਼ ਹੀ ਵਿਕਸਤ ਹੋਏ ਹੋਣਗੇ?

ਦੱਖਣੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਗਊ-ਮਾਸ ਖਾਣਾ ਇੱਕ ਆਮ ਗੱਲ ਹੈ, ਪਰ ਇਸਨੂੰ ਆਮਿਆਇਆ ਨਹੀਂ ਜਾ ਸਕਦਾ। ਦੇਸ਼ ਦੇ ਭਿੰਨ-ਭਿੰਨ ਹਿੱਸਿਆਂ 'ਚ ਬਹੁਤੇ ਕਬੀਲੇ, ਦਲਿਤ ਅਤੇ ਮੁਸਲਮਾਨ ਗਊ-ਮਾਸ ਖਾਂਦੇ ਹਨ ਅਤੇ ਉੱਤਰ-ਪੂਰਬੀ ਭਾਰਤ ਦੇ ਪਹਾੜੀ ਸਮੁਦਾਇ ਵੀ ਖਾਂਦੇ ਹਨ। ਪਰ ਇਸ ਮਾਮਲੇ 'ਚ ਵੀ ਇਸਨੂੰ ਆਮਿਆਇਆ ਨਹੀਂ ਜਾ ਸਕਦਾ ਕਿਉਂਕਿ ਪੁਰਾਣੇ ਦੱਖਣੀ ਬਿਹਾਰ ਦੇ ਬਹੁਤੇ ਕਬੀਲੇ ਗਊ ਦਾ ਮੀਟ ਨਹੀਂ ਖਾਂਦੇ।

ਇੱਕ ਅੰਦਾਜ਼ੇ ਅਨੁਸਾਰ, ਜੇ ਅਸੀਂ ਕਬਾਇਲੀ ਲੋਕਾਂ, ਮੁਸਲਮਾਨਾਂ ਤੇ ਇਸਾਈਆਂ ਨੂੰ ਇੱਕ ਪਾਸੇ ਵੀ ਰੱਖ ਦਈਏ ਤਾਂ ਵੀ 40 ਫੀਸਦੀ ਹਿੰਦੂ ਅੱਜ ਵੀ ਗਊ-ਮਾਸ ਖਾਂਦੇ ਹਨ। ਪੂਰੇ ਭਾਰਤ ਵਿੱਚ ਦਲਿਤ ਲੋਕ ਗਊ ਦਾ ਮੀਟ ਖਾਂਦੇ ਆ ਰਹੇ ਹਨ। ਮੱਧ ਪ੍ਰਦੇਸ਼ ਸਰਕਾਰ ਨੇ ਹੁਣੇ ਹੁਣੇ ਨਾ ਸਿਰਫ ਗਊ-ਹੱਤਿਆ 'ਤੇ ਰੋਕ ਲਗਾ ਦਿੱਤੀ ਹੈ ਸਗੋਂ ਗਊ ਦਾ ਮੀਟ ਖਾਣ 'ਤੇ ਵੀ ਪਾਬੰਦੀ ਲਾ ਦਿੱਤੀ ਹੈ। ਕਈਆਂ ਅਨੁਸਾਰ ਇਹ ਕਨੂੰਨ ਜ਼ਾਬਰਾਨਾ ਹੈ। ਇਸ ਕਨੂੰਨ ਬਾਰੇ ਤੁਹਾਡੀ ਕੀ ਰਾਇ ਹੈ?

ਮੇਰੇ ਮੁਤਾਬਕ ਕੋਈ ਵੀ ਦਿਮਾਗੀ ਤੌਰ 'ਤੇ ਠੀਕ-ਠਾਕ ਭਾਰਤੀ ਆਪਣੇ ਮਵੇਸ਼ੀ ਨੂੰ ਨਹੀਂ ਮਾਰੇਗਾ, ਅਤੇ ਜੇ ਉਹ ਅਜਿਹਾ ਕਰਦਾ ਹੈ ਤਾਂ ਉਸਨੂੰ ਕਨੂੰਨ ਅਨੁਸਾਰ ਸਜ਼ਾ ਦਿੱਤੀ ਜਾ ਸਕਦੀ ਹੈ। ਜਾਨਵਰਾਂ ਦੇ ਹੱਕਾਂ ਨੂੰ ਮਾਨਤਾ ਮਿਲਣੀ ਚਾਹੀਦੀ ਹੈ ਪਰ ਸਿਰਫ ਗਊ ਨੂੰ ਹੀ ਇੱਕ ਖਾਸ ਦਰਜਾ ਕਿਉਂ? ਅਤੇ ਜੇ ਸੰਘ ਪਰਿਵਾਰ ਗਊ-ਹੱਤਿਆ ਰੋਕਣ ਦੇ ਮਾਮਲੇ 'ਚ ਇੰਨਾ ਹੀ ਗੰਭੀਰ ਹੈ ਤਾਂ ਇਸ ਨੇ ਹੁਣ ਤੱਕ ਭਾਜਪਾ ਦੀ ਹਕੂਮਤ ਵਾਲ਼ੇ ਸੂਬਿਆਂ 'ਚ ਗਊਆਂ ਦੀ ਸਾਂਭ-ਸੰਭਾਲ ਲਈ ਕੀ ਕੀਤਾ ਹੈ ਜਿੱਥੇ ਉਹ ਵੱਡੇ ਲੋਕਾਂ ਦੀਆਂ ਵੱਡੀਆਂ ਲਿਮੋ ਗੱਡੀਆਂ ਤੇ ਗਰੀਬਾਂ ਦੇ ਰੇਹੜਿਆਂ ਦੇ ਵਿਚਕਾਰ ਫਸੀਆਂ ਰਹਿੰਦੀਆਂ ਹਨ, ਵੱਡੇ ਸ਼ਹਿਰਾਂ 'ਚ ਲੰਮੇ-ਲੰਮੇ ਟਰੈਫਿਕ ਜਾਮ ਲੱਗਣ ਦਾ ਕਾਰਨ ਬਣਦੀਆਂ ਹਨ, ਅਤੇ ਕੂੜੇ ਦੇ ਢੇਰਾਂ ਜਿਹਨਾਂ 'ਚ ਨਾ-ਖਾਣਯੋਗ ਚੀਜ਼ਾਂ ਤੇ ਸੜਾਂਦ

(ਬਾਕੀ ਪੰਨਾ 33 'ਤੇ)

ਟਿੱਪਣੀਆਂ

ਅਮਰੀਕੀ 'ਖ਼ੁਸ਼ਹਾਲੀ' ਦਾ ਸੱਚ

ਆਮ ਲੋਕਾਂ ਵਿੱਚ ਜਦੋਂ ਵੀ ਗਰੀਬੀ, ਬੇਰੁਜਗਾਰੀ, ਭ੍ਰਿਸ਼ਟਾਚਾਰ ਆਦਿ ਦੀ ਗੱਲ ਤੁਰਦੀ ਹੈ ਤਾਂ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜੇਕਰ ਅਮਰੀਕਾ, ਬ੍ਰਿਟੇਨ, ਫ੍ਰਾਂਸ ਆਦਿ ਦੇਸ਼ਾਂ ਜਿਹਾ ਢਾਂਚਾ ਸਾਡੇ ਦੇਸ਼ 'ਚ ਵੀ ਬਣ ਜਾਵੇ ਤਾਂ ਸਭ ਕੁਝ ਠੀਕ ਹੋ ਜਾਵੇਗਾ। ਅਸਲ ਵਿੱਚ ਇਸ ਤਰ੍ਹਾਂ ਸੋਚਣ ਵਾਲ਼ੇ ਲੋਕ ਨਾ ਤਾਂ ਇਹਨਾਂ ਦੇਸ਼ਾਂ ਦੇ ਲੋਟੂ ਢਾਂਚੇ ਬਾਰੇ ਜਾਣਦੇ ਹਨ, ਨਾ ਉਥੋਂ ਦੀਆਂ ਗੰਭੀਰ ਸਮੱਸਿਆਵਾਂ ਬਾਰੇ। ਸਰਮਾਏਦਾਰਾਂ ਦੀਆਂ ਸਰਕਾਰਾਂ, ਉਹਨਾਂ ਦੇ ਵਿਦਵਾਨਾਂ ਅਤੇ ਧੰਦੇਬਾਜ਼ ਮੀਡੀਆ ਦੁਆਰਾਂ ਪੱਛਮੀ ਦੇਸ਼ਾਂ ਦੇ ਅਖੌਤੀ ਵਧੀਆ ਢਾਂਚੇ ਅਤੇ ਖ਼ੁਸ਼ਹਾਲੀ ਬਾਰੇ ਝੂਠੇ ਪ੍ਰਚਾਰ ਦੀ ਏਨੀ ਹਨੇਰੀ ਝੁੱਲਾਈ ਗਈ ਹੈ ਕਿ ਆਮ ਲੋਕ ਵੱਡੇ ਭਰਮਾਂ ਦਾ ਸ਼ਿਕਾਰ ਹਨ।



ਆਮ ਪਾਠਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਅਮਰੀਕਾ ਵਿੱਚ ਇਸ ਸਮੇਂ ਬੇਰੁਜ਼ਗਾਰੀ ਬੇਹੱਦ ਤੇਜ਼ੀ ਨਾਲ਼ ਵੱਧ ਰਹੀ ਹੈ। ਅਮਰੀਕਾ ਵਿੱਚ ਬੇਰੁਜ਼ਗਾਰੀ ਦੀ ਦਰ 9 ਪ੍ਰਤੀਸ਼ਤ ਦੇ ਲਗਭਗ ਚੱਲ ਰਹੀ ਹੈ। ਇਸ ਅੰਕੜੇ ਵਿੱਚ ਜੇਕਰ ਉਹਨਾਂ ਦੀ ਸੰਖਿਆਂ ਵੀ ਮਿਲ਼ਾ ਲਈ ਜਾਵੇ ਜੋ ਅਰਧ-ਬੇਰੁਜ਼ਗਾਰ ਹਨ ਅਤੇ ਉਹ ਬੇਰੁਜ਼ਗਾਰ ਜਿਹਨਾਂ ਦੀ ਬੇਰੁਜ਼ਗਾਰੀ ਬਾਰੇ ਸਰਕਾਰ ਕੋਲ਼ ਵੇਰਵੇ ਨਹੀਂ ਹਨ ਤਾਂ ਬੇਰੁਜ਼ਗਾਰੀ ਦਰ ਲਗਭਗ 16 ਪ੍ਰਤੀਸ਼ਤ ਪਹੁੰਚ ਜਾਂਦੀ ਹੈ। ਇਸ ਹਿਸਾਬ ਨਾਲ਼ ਅਮਰੀਕਾ 'ਚ ਲਗਭਗ ਢਾਈ ਕਰੋੜ ਲੋਕ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ।

ਸੰਸਾਰ ਦੇ ਸਭ ਤੋਂ ਤਾਕਤਵਰ ਇਸ ਦੇਸ਼, ਜਿਸ ਨੂੰ ਸਾਡੇ ਸਾਹਮਣੇ ਇੱਕ ਮਾਡਲ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ, 'ਚ ਦੌਲਤ ਦੀ ਬੇਹੱਦ ਜਿਆਦਾ ਕਾਣੀ ਵੰਡ ਹੈ। ਅਮਰੀਕੀ ਸਮਾਜ ਦੇ ਇੱਕ ਸਿਰੇ 'ਤੇ ਮੁੱਠੀ ਭਰ ਅਮੀਰਾਂ ਕੋਲ਼ ਦੌਲਤ ਦੇ ਅੰਬਾਰ ਲੱਗੇ ਪਏ ਹਨ ਅਤੇ ਦੂਜੇ ਸਿਰੇ 'ਤੇ ਬਹੁਗਿਣਤੀ ਲੋਕ ਗਰੀਬੀ, ਬੇਰੁਜ਼ਗਾਰੀ, ਬੇਘਰ ਹੋਣ ਜਿਹੀਆਂ ਸਮੱਸਿਆਵਾਂ ਨਾਲ਼ ਘਿਰੇ ਪਏ ਹਨ। ਅਮਰੀਕਾ ਦੇ ਉੱਪਰਲੇ 1 ਪ੍ਰਤੀਸ਼ਤ ਘਰਾਣਿਆਂ ਦੀ ਸਾਲਾਨਾ ਕਮਾਈ ਓਨੀ ਹੈ ਜਿੰਨੀ ਹੇਠਲੇ 60 ਪ੍ਰਤੀਸ਼ਤ ਟੱਬਰਾਂ ਦੀ ਹੈ। ਇਹਨਾਂ ਉਪਰਲੇ 1 ਪ੍ਰਤੀਸ਼ਤ ਘਰਾਣਿਆਂ ਦੀ ਕੁੱਲ ਜਾਇਦਾਦ ਹੇਠਲੇ 90 ਪ੍ਰਤੀਸ਼ਤ ਟੱਬਰਾਂ ਜਿੰਨੀ ਹੈ।

ਇਸਦਾ ਭਾਵ ਇਹ ਵੀ ਨਹੀਂ ਹੈ ਕਿ ਅਮਰੀਕਾ 'ਚ ਸਾਡੇ ਦੇਸ਼ ਜਿਹੀ ਹੀ ਗਰੀਬੀ ਹੈ। ਉੱਥੋਂ ਦੇ ਗਰੀਬਾਂ ਅਤੇ ਇੱਥੋਂ ਦੇ ਗਰੀਬਾਂ 'ਚ ਬਹੁਤ ਫਰਕ ਹੈ। ਉੱਥੋਂ ਦੇ ਗਰੀਬਾਂ ਦੀ ਹਾਲਤ ਸਾਡੇ ਦੇਸ਼ ਜਿਹੇ ਤੀਜੀ ਦੁਨੀਆਂ ਦੇ ਦੇਸ਼ਾਂ ਨਾਲ਼ੋਂ ਕਿਤੇ ਬਿਹਤਰ ਹੈ। ਪਰ ਅਜਿਹਾ ਅਮਰੀਕਾ ਦੇ ਕਿਸੇ ਵਧੀਆ ਆਰਥਿਕ-ਰਾਜਨੀਤਿਕ ਢਾਂਚੇ ਦੀ ਬਦੌਲਤ ਨਹੀਂ ਹੈ। ਅਮਰੀਕਾ 'ਚ ਵੀ ਸਾਡੇ ਦੇਸ਼ ਵਾਂਗ ਹੀ ਸਰਮਾਏਦਾਰੀ ਢਾਂਚਾ ਹੈ। ਭਾਵ ਉੱਥੋਂ ਦੇ ਆਰਥਿਕ-ਰਾਜਨੀਤਿਕ ਢਾਂਚੇ ਦੀ ਚਿੰਤਾ ਕਿਰਤੀ ਲੋਕ ਨਹੀਂ ਸਗੋਂ ਸਰਮਾਏਦਾਰ ਹਨ। ਪਰ ਅਮਰੀਕਾ ਦੀ ਸਰਮਾਏਦਾਰੀ ਬਹੁਤ ਅੱਗੇ ਵਧ ਚੁੱਕੀ ਹੈ। ਪਿਛਲੀ ਸਦੀ ਦੇ ਸ਼ੁਰੂ ਵਿੱਚ ਹੀ ਅਮਰੀਕੀ ਸਰਮਾਏਦਾਰੀ ਵਿਕਸਿਤ ਹੋ ਕੇ ਸਾਮਰਾਜਵਾਦ ਵਿੱਚ ਤਬਦੀਲ ਹੋ ਚੁੱਕੀ ਸੀ। ਅਮਰੀਕੀ ਸਰਮਾਏਦਾਰੀ ਨਾ ਸਿਰਫ਼ ਖ਼ੁਦ ਦੇ ਕਿਰਤੀਆਂ ਦੀ ਲੁੱਟ ਚੋਂਘ ਕਰਦੀ ਹੈ ਸਗੋਂ ਸੰਸਾਰ ਦੇ ਹੋਰਨਾਂ ਦੇਸ਼ਾਂ ਦੇ ਕਿਰਤੀਆਂ ਦੀ ਭਿਅੰਕਰ ਲੁੱਟ ਰਾਹੀਂ ਸੁਪਰ ਮੁਨਾਫ਼ੇ ਕਮਾ ਰਹੀ ਹੈ। ਇਸੇ ਸੁਪਰ ਮੁਨਾਫ਼ੇ ਚੋਂ ਅਮਰੀਕੀ ਸਰਮਾਏਦਾਰੀ ਨੇ ਉੱਥੋਂ ਦੇ ਕਿਰਤੀਆਂ ਨੂੰ ਸਹੂਲਤਾਂ ਦਿੱਤੀਆਂ। ਇਸੇ ਲਈ ਅਮਰੀਕਾ ਦੇ ਕਿਰਤੀ ਭਾਰਤ ਜਿਹੇ ਪਿਛੜੇ ਦੇਸ਼ਾਂ ਦੇ ਕਿਰਤੀਆਂ ਨਾਲ਼ੋਂ ਕਮਾਈ, ਰੁਜ਼ਗਾਰ, ਬੇਰੁਜ਼ਗਾਰੀ ਭੱਤਾ, ਸਿੱਖਿਆ, ਸਿਹਤ ਸਹੂਲਤਾਂ ਆਦਿ ਪੱਖੋਂ ਬੇਹਤਰ ਸਥਿਤੀ ਵਿੱਚ ਰਹੇ ਹਨ। ਪਰ ਹੁਣ ਇਹਨਾਂ ਸਹੂਲਤਾਂ ਨੂੰ ਪਹਿਲਾਂ ਦੀ ਤਰ੍ਹਾਂ ਜ਼ਾਰੀ ਰੱਖਣਾ ਸਾਮਰਾਜੀਆਂ ਵਾਸਤੇ ਸੰਭਵ ਨਹੀਂ ਰਹਿ ਗਿਆ ਹੈ।

ਅਮਰੀਕੀ ਸਾਮਰਾਜ ਸਮੇਤ ਸਾਰਾ ਸਾਮਰਾਜਵਾਦੀ ਢਾਂਚਾ ਅੱਜ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਸਾਮਰਾਜੀਆਂ ਕੋਲ਼ ਦੁਨੀਆਂ ਭਰ ਦੇ ਕਿਰਤੀਆਂ ਦੀ ਲੁੱਟ-ਚੋਂਘ ਰਾਹੀ ਸਰਮਾਇਆ ਤਾਂ ਬਹੁਤ ਜਿਆਦਾ ਜਮ੍ਹਾਂ ਹੋ ਚੁੱਕਾ ਹੈ ਪਰ ਨਿਵੇਸ਼ ਲਈ ਥਾਂ ਨਹੀਂ ਲੱਭ ਰਹੀ। ਸੰਸਾਰ ਭਰ 'ਚ ਅਜਿਹੀ ਹਾਲਤ ਪੈਦਾ ਹੋ ਚੁੱਕੀ ਹੈ ਕਿ ਲੋਕਾਂ ਦੀ ਆਰਥਿਕ ਹਾਲਤ ਇਸ ਗੱਲ ਦੀ ਇਜਾਜਤ ਨਹੀਂ ਦਿੰਦੀ ਕਿ ਹੋ ਰਹੀ ਪੈਦਾਵਾਰ ਨੂੰ ਖਪਾ ਸਕਣ। ਇਸ ਲਈ ਸੰਸਾਰ ਸਰਮਾਏਦਾਰੀ ਢਾਂਚਾ ਲਗਾਤਾਰ ਵਾਧੂ ਪੈਦਾਵਾਰ ਦੇ ਸੰਕਟ ਦਾ ਸ਼ਿਕਾਰ ਹੈ। ਮੁਨਾਫ਼ੇ ਲਗਾਤਾਰ ਸੁੰਗੜ ਰਹੇ ਹਨ। ਸਾਮਰਾਜਵਾਦੀ ਦੇਸ਼ਾਂ ਦੀਆਂ ਸਰਕਾਰਾਂ ਉੱਥੋਂ ਦੇ ਕਿਰਤੀਆਂ ਨੂੰ ਦਿੱਤੀਆਂ ਜਾ ਰਹੀਆਂ ਸਿੱਖਿਆ, ਸਿਹਤ, ਰੁਜ਼ਗਾਰ, ਰਿਹਾਇਸ਼ ਆਦਿ ਨਾਲ਼ ਸਬੰਧਿਤ ਸਹੂਲਤਾਂ 'ਤੇ ਵੱਡੀਆਂ ਕਟੌਤੀਆਂ ਕਰ ਰਹੀਆਂ ਹਨ। ਅਮਰੀਕਾ, ਫ਼ਰਾਂਸ, ਬ੍ਰਿਟੇਨ ਜਿਹੇ ਸਾਮਰਾਜੀ ਦੇਸ਼ਾਂ ਵਿੱਚ ਇਹਨਾਂ ਕਟੌਤੀਆਂ ਖਿਲਾਫ਼ ਸਰਕਾਰਾਂ ਨੂੰ ਵਿਸ਼ਾਲ ਲੋਕ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ 'ਚ ਲੋਕ ਵੱਡੇ ਸਰਮਾਏਦਾਰਾਂ ਅਤੇ ਸਰਕਾਰ ਖਿਲਾਫ਼ ਸੜਕਾਂ 'ਤੇ ਉੱਤਰ ਆਏ ਹਨ। ਉੱਥੇ 'ਵਾਲ ਸਟਰੀਟ ਕਬਜਾਓ' ਲਹਿਰ ਜ਼ਾਰੀ ਹੈ। ਲੋਕ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਆਰਥਿਕ ਮੰਦਵਾੜੇ ਦਾ ਕਾਰਨ ਸਰਮਾਏਦਾਰ ਹਨ ਇਸ ਲਈ ਇਸਦਾ ਬੋਝ ਵੀ ਸਰਮਾਏਦਾਰਾਂ ਉੱਪਰ ਹੀ ਪਾਇਆ ਜਾਵੇ। ਪਰ ਅਮਰੀਕੀ ਸਰਕਾਰ ਸਰਮਾਏਦਾਰਾਂ ਦੇ ਹਿੱਤ ਪੂਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ।

ਮਹਾਰਾਣੀ ਪ੍ਰਤਿਭਾ ਪਾਟਿਲ ਦਾ ਸੈਰ ਸਪਾਟਾ, ਸਰਕਾਰੀ ਖਜ਼ਾਨੇ ਨੂੰ ਚੂਨਾ

ਸਾਡੇ ਦੇਸ਼ ਦੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਪਿਛਲੇ ਸਾਲ ਤਿੰਨ ਤੋਂ ਛੇ ਜਨਵਰੀ ਤੱਕ ਗੋਆ ਦੀ ਯਾਤਰਾ 'ਤੇ ਸਨ। ਇਸੇ ਦੌਰਾਨ ਹੀ ਗੋਆ ਦੇ ਸਮੁੰਦਰੀ ਤੱਟ 'ਤੇ ਉਨ੍ਹਾਂ ਦੀਆਂ ਤਸਵੀਰਾਂ ਖਿੱਚ ਲੈਣ ਕਾਰਨ ਕਾਫ਼ੀ ਰੌਲਾ ਪਿਆ ਸੀ। ਇਹ ਕਿਹਾ ਗਿਆ ਕਿ ਰਾਸ਼ਟਰਪਤੀ ਆਪਣੀ ਨਿੱਜੀ ਯਾਤਰਾ 'ਤੇ ਹਨ ਜਿਸ ਕਾਰਨ ਉਨ੍ਹਾਂ ਦੀਆਂ ਤਸਵੀਰਾਂ ਨਹੀਂ ਖਿੱਚੀਆਂ ਜਾ ਸਕਦੀਆਂ।

ਪਰ ਸੂਚਨਾ ਦੇ ਅਧਿਕਾਰ (ਆਰ. ਟੀ. ਆਈ.) ਜ਼ਰੀਏ ਪਤਾ ਲੱਗਿਆ ਹੈ ਕਿ ਰਾਸ਼ਟਰਪਤੀ ਦੀ ਉਸ ਨਿੱਜੀ ਯਾਤਰਾ ਦਾ ਖਰਚਾ ਗੋਆ ਸਰਕਾਰ ਨੇ ਭਰਿਆ ਹੈ। ਗੋਆ ਰਾਜ ਪ੍ਰੋਟੋਕਾਲ ਵਿਭਾਗ ਨੇ ਆਰ. ਟੀ. ਆਈ. ਅਧਿਕਾਰੀ ਆਰੀਅਸ ਰਾਡਿਗਸ ਦੇ ਮੰਗਣ 'ਤੇ ਇਹ ਜਾਣਕਾਰੀ ਦਿੱਤੀ ਕਿ ਉਸ ਯਾਤਰਾ 'ਤੇ ਗੋਆ ਸਰਕਾਰ ਨੂੰ 14 ਲੱਖ 18 ਹਜ਼ਾਰ ਰੁਪੈ ਦਾ ਖਰਚਾ ਪਿਆ। ਸਰਕਾਰੀ ਖਰਚ 'ਤੇ ਕੋਈ ਇਸ ਨਿੱਜੀ ਯਾਤਰਾ 'ਚ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ 4,400 ਦੇ ਗੁਲਦਸਤੇ ਭੇਂਟ ਕੀਤੇ ਗਏ।

ਪੰਜ ਸਿਤਾਰਾ ਰਿਜ਼ੋਰਟ ਸੀਡਾਡੇ ਡੀ ਗੋਆ ਵਿੱਚ ਰਾਸ਼ਟਰਪਤੀ ਦੇ ਰਹਿਣ 'ਤੇ ਖਾਣ-ਪੀਣ ਉੱਤੇ 3,20,250 ਰੁਪੈ ਖਰਚ ਹੋਏ। ਰਾਸ਼ਟਰਪਤੀ ਦਾ ਸਹਿਯੋਗੀ ਦਲ ਇੰਟਰਨੈਸ਼ਨਲ ਸੈਂਟਰ ਵਿੱਚ ਰੁਕਿਆ, ਇਸ ਉੱਪਰ 1,29,915 ਰੁਪੈ ਖਰਚ ਹੋਏ। ਰਾਸ਼ਟਰਪਤੀ ਦੀ ਯਾਤਰਾ ਲਈ ਗੋਆ ਦੇ ਟੂਰਿਸਟ ਵਿਭਾਗ ਦੁਆਰਾ ਕਿਰਾਏ 'ਤੇ ਲਈਆਂ ਗੱਡੀਆਂ ਉੱਪਰ 6,23,188 ਰੁਪੈ ਖਰਚ ਹੋਏ। ਇਸ ਤੋਂ ਇਲਾਵਾ 20,000 ਰੁਪੈ ਸ਼ਿਕਾਰੇ ਉੱਪਰ ਝੂਟੇ ਲੈਣ ਦੇ ਖਰਚ ਹੋਏ। ਉਨ੍ਹਾਂ ਨੇ ਬੇਨੋਲਿਮ ਕੰਢੇ ਉੱਪਰ ਤਾਜ ਐਕਜੋਟੀਆ ਦਾ ਵੀ ਮਜ਼ਾ ਲਿਆ। ਇਸ ਉੱਪਰ 2,01,220 ਰੁਪੈ ਖਰਚ ਹੋਏ। ਗੋਆ ਦੇ ਮੁੱਖ ਮੰਤਰੀ ਦਿਗੰਬਰ ਕਾਂਮਤ ਨੇ ਰਾਸ਼ਟਰਪਤੀ ਦੀ ਮਹਿਮਾਨ ਨਵਾਜ਼ੀ ਵਿੱਚ ਸੀਡਾਤੇ ਡੀ ਗੋਆ ਵਿੱਚ ਦੁਪਹਿਰ ਦਾ ਖਾਣਾ ਦਿੱਤਾ, ਜਿਸ ਉੱਪਰ 1,19,999 ਰੁਪੈ ਖਰਚ ਹੋਏ।

ਰਾਸ਼ਟਰਪਤੀ ਗੋਆ ਵਿੱਚ ਨਿੱਜੀ ਯਾਤਰਾ 'ਤੇ ਸਨ ਪਰ ਫਿਰ ਵੀ ਉਨ੍ਹਾਂ ਦੀ ਯਾਤਰਾ ਨੂੰ ਅਧਿਕਾਰਕ ਦੱਸ ਕੇ ਉਨ੍ਹਾਂ ਦੀ ਯਾਤਰਾ ਦਾ ਬੋਝ ਰਾਜ ਦੇ ਲੋਕਾਂ 'ਤੇ ਪਾਇਆ ਗਿਆ। ਉਹ ਕਿਸ ਉਦੇਸ਼ ਨਾਲ਼ ਉੱਥੇ ਗਏ ਸਨ ਇਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਰਾਸ਼ਟਰਪਤੀ ਹੁਣ ਤੱਕ ਅਲੱਗ-ਅਲੱਗ ਵਿਦੇਸ਼ੀ ਦੌਰਿਆ ਰਾਹੀਂ ਲੋਕਾਂ ਨੂੰ 205 ਕਰੋੜ ਰੁਪੈ ਦਾ ਚੂਨਾ ਲਾ ਚੁੱਕੀ ਹੈ।

• ਗਗਨ

ਅਮਰੀਕਾ ਵਿੱਚ ਵੀ ਕਹਿਣ ਨੂੰ ਤਾਂ ਭਾਵੇਂ ਲੋਕਤੰਤਰ ਹੈ ਅਤੇ 'ਲੋਕਾਂ ਰਾਹੀਂ-ਲੋਕਾਂ ਲਈ' ਸਰਕਾਰ ਚੁਣੀ ਜਾਂਦੀ ਹੈ ਪਰ ਅਸੀਂ ਵੇਖਿਆ ਹੈ ਕਿ ਕਿਸ ਤਰ੍ਹਾਂ ਅਮਰੀਕੀ ਸਰਕਾਰਾਂ ਸਰਮਾਏਦਾਰਾਂ ਦੀ ਕਠਪੁਤਲੀ ਤੋਂ ਵੱਧ ਕੁਝ ਵੀ ਨਹੀਂ। ਇਸਦਾ ਇੱਕ ਸਬੂਤ ਅਮਰੀਕੀ ਟੈਕਸ ਪ੍ਰਣਾਲੀ ਵੀ ਹੈ। ਸੰਨ 1992 ਵਿੱਚ 400 ਸਭ ਤੋਂ ਅਮੀਰ ਅਮਰੀਕੀਆਂ ਦੀ ਕੁਲ ਕਰ ਯੋਗ ਆਮਦਨ 17 ਅਰਬ ਡਾਲਰ ਸੀ। ਇਹਨਾਂ ਨੇ 29.2 ਫੀਸਦੀ ਦੇ ਹਿਸਾਬ ਨਾਲ਼ ਇਸ ਆਮਦਨ 'ਤੇ ਟੈਕਸ ਦਿੱਤਾ। ਸੰਨ 2008 ਵਿੱਚ ਉੱਪਰਲੇ ਸਭ ਤੋਂ ਅਮੀਰ 400 ਅਮਰੀਕੀਆਂ ਨੇ ਲਗਭਗ 91 ਅਰਬ ਡਾਲਰ ਕਮਾਏ ਪਰ ਉਹਨਾਂ ਨੂੰ 21.5 ਪ੍ਰਤੀਸ਼ਤ ਦੀ ਦਰ 'ਤੇ ਹੀ ਟੈਕਸ ਅਦਾ ਕਰਨਾ ਪਿਆ। ਸਾਫ਼ ਵੇਖਿਆ ਜਾ ਸਕਦਾ ਹੈ ਕਿ ਆਮਦਨ ਤਾਂ ਕਿਤੇ ਜਿਆਦਾ ਵੱਧ ਗਈ ਪਰ ਟੈਕਸ ਪਹਿਲਾਂ ਨਾਲ਼ੋਂ 8.1 ਪ੍ਰਤੀਸ਼ਤ ਘੱਟ ਦਰ 'ਤੇ ਅਦਾ ਕਰਨਾ ਪਿਆ।

ਸਪੱਸ਼ਟ ਹੈ ਕਿ ਅਮਰੀਕੀ ਆਰਥਿਕ-ਰਾਜਨੀਤਿਕ ਢਾਂਚੇ ਵਿੱਚ ਕੁਝ ਵੀ ਅਜਿਹਾ ਨਹੀਂ ਜੋ ਸਾਡੇ ਦੇਸ਼ ਦੀਆਂ ਸਮੱਸਿਆਵਾਂ ਦਾ ਹੱਲ ਕੱਢ ਸਕੇ। ਸਗੋਂ ਸਾਡੀ ਗਰੀਬੀ, ਬੇਰੁਜ਼ਗਾਰੀ, ਕੰਗਾਲੀ, ਭੁੱਖਮਰੀ, ਆਦਿ ਅਲਾਮਤਾਂ ਤਾਂ ਪੈਦਾ ਹੀ ਉਸ ਲੁੱਟ-ਚੋਂਘ ਕਾਰਨ ਹੋਈਆਂ ਹਨ ਜੋ ਸਾਮਰਾਜਵਾਦੀ ਸਾਡੇ ਦੇਸ਼ ਦੀ ਸਰਮਾਏਦਾਰ ਜਮਾਤ ਨਾਲ਼ ਮਿਲਕੇ ਕਰਦੇ ਹਨ। ਅਮਰੀਕੀ ਸਰਮਾਏਦਾਰ ਜਮਾਤ ਦੀਆਂ ਸਾਮਰਾਜਵਾਦੀ ਆਰਥਿਕ-ਰਾਜਨੀਤਿਕ ਨੀਤੀਆਂ ਅੱਜ ਪੂਰੇ ਸੰਸਾਰ 'ਚ ਤਬਾਹੀ ਮਚਾ ਰਹੀਆਂ ਹਨ। ਦੂਜੇ ਦੇਸ਼ਾਂ ਦੇ ਸ੍ਰੋਤ ਸਾਧਨਾਂ 'ਤੇ ਕਬਜ਼ੇ ਕਰਨ ਲਈ, ਆਰਥਿਕ ਮੰਦਵਾੜੇ 'ਚੋਂ ਨਿਕਲਣ ਲਈ ਅਤੇ ਸੁਪਰ ਮੁਨਾਫ਼ੇ ਕਾਇਮ ਰੱਖਣ ਲਈ ਅਮਰੀਕੀ ਸਾਮਰਾਜਵਾਦ ਅਫ਼ਗਾਨਿਸਤਾਨ, ਇਰਾਕ, ਲੀਬੀਆ ਵਿੱਚ ਤਬਾਹਕੁੰਨ ਹਥਿਆਰਾਂ ਨਾਲ਼ ਜੰਗਾਂ ਲੜ ਰਿਹਾ ਹੈ ਅਤੇ ਇਰਾਨ, ਉੱਤਰੀ ਕੋਰੀਆ ਜਿਹੇ ਦੇਸ਼ਾਂ ਵੱਲ਼ ਜੰਗ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੁਨੀਆਂ ਭਰ ਵਿੱਚ ਉਹ ਜੰਗਾਂ ਨੂੰ ਉਕਸਾਵਾ ਦੇ ਰਿਹਾ ਹੈ ਤਾਂ ਕਿ ਉਸਦੀਆਂ ਹਥਿਆਰ ਬਣਾਉਣ ਵਾਲ਼ੀਆਂ ਕੰਪਨੀਆਂ ਦੇ ਮੁਨਾਫ਼ੇ ਵੱਧ ਸਕਣ।

ਦੁਨੀਆਂ ਦੇ ਸਭਨਾਂ ਮਿਹਨਤ ਕਰਨ ਵਾਲ਼ੇ ਲੋਕਾਂ ਦੀਆਂ ਆਰਥਿਕ, ਰਾਜਨੀਤਿਕ ਤੇ ਸਮਾਜਕ ਸਮੱਸਿਆਵਾਂ ਦਾ ਹੱਲ ਪੂੰਜੀਵਾਦ-ਸਾਮਰਾਜਵਾਦ ਦਾ ਸੰਪੂਰਣ ਖਾਤਮਾ ਹੈ। ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਜੰਗਾਂ ਆਦਿ ਅਲਾਮਤਾਂ ਉਦੋਂ ਤੱਕ ਜ਼ਾਰੀ ਰਹਿਣਗੀਆਂ ਜਦੋਂ ਤੱਕ ਮੁਨਾਫ਼ੇ ਲਈ ਕਾਇਮ ਇਹ ਮਨੁੱਖ ਦੋਖੀ ਢਾਂਚਾ ਕਾਇਮ ਰਹਿੰਦਾ ਹੈ। ਸਮਾਜਵਾਦ ਭਾਵ ਰਾਜਸੱਤਾ ਅਤੇ ਪੈਦਾਵਾਰ ਦੇ ਸਾਧਨਾਂ 'ਤੇ ਕਿਰਤੀ ਲੋਕਾਂ ਦੇ ਕਬਜ਼ੇ ਤੋਂ ਸ਼ੁਰੂਆਤ ਕਰਕੇ ਹੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਸੰਪੂਰਣ ਖ਼ਾਤਮੇ ਤੱਕ ਦਾ ਸਫ਼ਰ ਤੈਅ ਕੀਤਾ ਜਾ ਸਕਦਾ ਹੈ। ਇਨਸਾਫ਼ਪਸੰਦ ਨੌਜਵਾਨਾਂ, ਮਜ਼ਦੂਰਾਂ, ਕਿਰਤੀਆਂ ਨੂੰ ਸਰਮਾਏਦਾਰੀ-ਸਾਮਰਾਜਵਾਦ ਦੇ ਖ਼ਾਤਮੇ ਅਤੇ ਸਮਾਜਵਾਦੀ ਢਾਂਚੇ ਦੀ ਉਸਾਰੀ ਦੇ ਮਹਾਨ ਸੰਘਰਸ਼ ਦੇ ਮੈਦਾਨ ਵਿੱਚ ਬਿਨਾਂ ਕਿਸੇ ਦੇਰੀ ਤੋਂ ਉੱਤਰਨਾ ਚਾਹੀਦਾ ਹੈ।

• ਲਖਵਿੰਦਰ

ਬਹੁਗਿਣਤੀ ਭਾਰਤੀਆਂ ਨੂੰ ਨਸੀਬ ਨਹੀਂ ਰਹਿਣਯੋਗ ਘਰ

ਜੇ ਕਿਸੇ ਦੇਸ਼ ਦੇ 77% ਲੋਕ ਵੀਹ ਰੁਪੈ ਪ੍ਰਤੀ ਦਿਨ ਤੋਂ ਘੱਟ 'ਤੇ ਗੁਜ਼ਾਰਾ ਕਰ ਰਹੇ ਹੋਣ ਤਾਂ ਲੋਕਾਂ ਨੂੰ ਰਹਿਣ ਲਈ ਕਿਹੋ ਜਿਹੇ ਘਰ ਨਸੀਬ ਹੋ ਰਹੇ ਹੋਣਗੇ, ਇਸ ਦਾ ਅੰਦਾਜ਼ਾ ਲਾਉਣਾ ਬਹੁਤਾ ਔਖਾ ਨਹੀਂ ਹੈ। ਭਾਰਤ ਵਿੱਚ ਘਰਾਂ ਸੰਬੰਧੀ ਅੰਕੜੇ ਵੀ ਇਸ ਤੱਥ ਨੂੰ ਬਾਖੂਬੀ ਸਪੱਸਟ ਕਰਦੇ ਹਨ। ਭਾਵੇਂ ਇਸ ਹਾਲਤ ਨੂੰ ਸਾਫ ਕਰਨ ਲਈ ਸ਼ਹਿਰੀ ਤੇ ਪੇਂਡੂ ਖੇਤਰਾਂ 'ਚ ਮਜ਼ਦੂਰਾਂ, ਦਲਿਤਾਂ ਅਤੇ ਗਰੀਬ ਕਿਸਾਨਾਂ ਦੀਆਂ ਬਸਤੀਆਂ ਦਾ ਇੱਕ ਚੱਕਰ ਲਗਾਉਣਾ ਹੀ ਕਾਫੀ ਹੈ, ਪਰ ਫਿਰ ਵੀ ਜਿਹੜੇ ਲੋਕ ਜੀਵਨ ਦੇ ਸਿਰਜਕਾਂ ਦੀਆਂ ਬਸਤੀਆਂ 'ਚ ਜਾਣ ਤੋਂ ਡਰਦੇ ਹਨ, ਝਕਦੇ ਹਨ, ਉਹ ਅੰਕੜਿਆਂ ਤੋਂ ਇਸ ਸਚਾਈ ਦੇ ਰੂਬਰੂ ਹੋ ਸਕਦੇ ਹਨ।

ਜਨਗਣਨਾ, 2011 ਅਨੁਸਾਰ, ਜਿੱਥੇ ਭਾਰਤ 'ਚ 20 ਲੱਖ ਘਰਾਂ ਦੀ ਘਾਟ ਹੈ, ਉੱਥੇ ਉਪਲਬਧ ਘਰਾਂ 'ਚੋਂ ਵੀ ਅੱਧਿਆਂ ਨੂੰ ਹੀ ਰਹਿਣਯੋਗ ਕਿਹਾ ਜਾ ਸਕਦਾ ਹੈ ਭਾਵ ਕਿ ਸਾਡੇ ਦੇਸ਼ 'ਚ ਖਾਸੀ ਵੱਡੀ ਅਬਾਦੀ ਨੂੰ ਸਿਰ 'ਤੇ ਛੱਤ ਨਸੀਬ ਨਹੀਂ ਹੈ ਅਤੇ ਜਿਹੜੇ ਲੋਕਾਂ ਦੇ ਸਿਰ 'ਤੇ ਛੱਤ ਨਾਂ ਦੀ ਸ਼ੈਅ ਹੈ ਵੀ, ਉਹਨਾਂ 'ਚੋਂ ਵੀ ਅੱਧਿਆਂ ਕੋਲ ਮਨੁੱਖਾਂ ਦੇ ਰਹਿਣਯੋਗ ਘਰ ਨਹੀਂ ਹੈ। ਹੋਰਨਾਂ ਸ੍ਰੋਤਾਂ ਅਨੁਸਾਰ ਘਰਾਂ ਦੀ ਘਾਟ ਬਾਰੇ ਅੰਕੜਾ ਜਨਗਣਨਾ ਦੇ ਅੰਦਾਜ਼ੇ ਤੋਂ ਕਿਤੇ ਵੱਡਾ ਹੈ। ਸਰਕਾਰ ਦੇ ਇੱਕ ਹੋਰ ਮਹਿਕਮੇ, ਘਰਾਂ ਬਾਰੇ ਤੇ ਸ਼ਹਿਰੀ ਗਰੀਬੀ ਦੂਰ ਕਰਨ ਲਈ ਮੰਤਰਾਲੇ ਅਨੁਸਾਰ ਘਰਾਂ ਦੀ ਘਾਟ 2.63 ਕਰੋੜ ਹੈ, ਜਦਕਿ ਸੰਸਾਰ ਸਿਹਤ ਜਥੇਬੰਦੀ (ਡਬਲਿਊ. ਐਚ. ਓ.) ਅਨੁਸਾਰ ਭਾਰਤ 'ਚ 7 ਕਰੋੜ ਤੱਕ ਰਿਹਾਇਸ਼ੀ ਇਕਾਈਆਂ ਦੀ ਦਰਕਾਰ ਹੈ। ਦੂਜੇ ਪਾਸੇ ਹਾਲਤ ਇਹ ਹੈ ਕਿ ਜਨਗਣਨਾ ਅਨੁਸਾਰ ਹੀ ਦੇਸ਼ 'ਚ ਉਪਲਬਧ ਘਰਾਂ 'ਚੋਂ 10% ਖਾਲੀ ਪਏ ਹਨ, ਕੁਝ ਸੂਬਿਆਂ ਜਿਵੇਂ ਗੋਆ 'ਚ ਖਾਲੀ ਪਏ ਘਰਾਂ ਦੀ ਫੀਸਦੀ 23% ਹੈ। 2001 ਦੇ ਇੱਕ ਅੰਕੜੇ ਮੁਤਾਬਕ ਭਾਰਤ 'ਚ 1.24 ਕਰੋੜ ਘਰ ਜਾਂ ਤਾਂ ਖਾਲੀ ਹਨ, ਜਾਂ ਫਿਰ ਉਹਨਾਂ 'ਚ ਜਿੰਨੇ ਆਦਮੀ ਰਹਿ ਸਕਦੇ ਹਨ ਉਸ ਤੋਂ ਘੱਟ ਲੋਕ ਰਹਿ ਰਹੇ ਹਨ।

ਘਰਾਂ ਦੇ ਰਹਿਣਯੋਗ ਜਾਂ ਨਾ ਰਹਿਣ ਯੋਗ ਦੇ ਅੰਕੜੇ 'ਚ ਅਜੇ ਘਰਾਂ ਦੇ ਰਕਬੇ ਤੇ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਦੇ ਹਿਸਾਬ ਨਾਲ ਰਹਿਣਯੋਗ ਹਾਲਤਾਂ ਦਾ ਕੋਈ ਜਾਇਜ਼ਾ ਨਹੀਂ ਲਿਆ ਗਿਆ ਜੋ ਕਿ ਇੱਕ ਅਹਿਮ ਪੱਖ ਹੈ। ਕੌਮੀ ਨਮੂਨਾ ਸਰਵੇਖਣ ਦੇ 2008 'ਚ ਪੂਰੇ ਹੋਏ 63ਵੇਂ ਦੌਰ ਦੀ ਰਿਪੋਰਟ ਅਨੁਸਾਰ ਔਸਤ ਭਾਰਤੀ ਘਰ ਦਾ ਰਕਬਾ ਪਿੰਡਾਂ 'ਚ 494 ਵਰਗ ਫੁੱਟ ਅਤੇ ਸ਼ਹਿਰਾਂ 'ਚ 504 ਵਰਗ ਫੁੱਟ ਹੈ। ਜੇ ਇਸ ਰਕਬੇ ਨੂੰ ਪਰਿਵਾਰ 'ਚ ਮੈਂਬਰਾਂ ਦੀ ਗਿਣਤੀ ਦੇ ਹਿਸਾਬ ਨਾਲ ਵੰਡਿਆ ਜਾਵੇ ਤਾਂ ਹਰ ਮੈਂਬਰ ਲਈ ਰਹਿਣ ਲਈ ਜਗ੍ਹਾ ਦਾ ਆਕਾਰ ਨਿਕਲਦਾ ਹੈ – 103 ਵਰਗ ਫੁੱਟ ਪਿੰਡਾਂ 'ਚ ਅਤੇ 117 ਵਰਗ ਫੁੱਟ ਸ਼ਹਿਰਾਂ 'ਚ, ਭਾਵ ਕਿ ਹਰ ਭਾਰਤੀ ਨੂੰ 10 ਗੁਣਾ 10 ਫੁੱਟ ਦੇ ਕਮਰੇ ਜਿੰਨਾ ਥਾਂ ਹੈ ਰਹਿਣ ਲਈ। ਪਰ ਇਹ ਕਿਹੜਾ ਪੂਰੀ ਸਚਾਈ ਹੈ, ਇਹ ਤਾਂ ਔਸਤ ਹੈ ਜਿਸ 'ਚ ਮੁਕੇਸ਼ ਅੰਬਾਨੀ ਦੇ 27 ਮੰਜ਼ਿਲਾ ਮਹਿਲ ਜਿਹੇ ਧਨਾਢਾਂ ਦੇ ਘਰ, ਮੰਤਰੀਆਂ, ਅਫਸਰਾਂ, ਵਿਧਾਇਕਾਂ ਆਦਿ ਦੁਆਰਾ ਰੋਕੇ ਹੋਏ ਸਰਕਾਰੀ ਖਰਚੇ 'ਚ ਚੱਲਦੇ ਆਲੀਸ਼ਾਨ ਬੰਗਲੇ ਅਤੇ ਉੱਚ ਮਧਵਰਗ ਦੇ ਅਰਬਨ ਅਸਟੇਟਾਂ ਤੇ ਅਵੀਨਿਊਆਂ 'ਚ ਕਈ ਹਜ਼ਾਰ ਵਰਗਫੁੱਟਾਂ 'ਚ ਬਣੇ ਮਿੰਨੀ ਮਹਿਲ, ਸਭ ਸ਼ਾਮਿਲ ਹਨ ਜਦਕਿ ਇਹ ਸਾਰਾ ਲੋਟੂ ਟੋਲਾ ਭਾਰਤ ਦੀ ਕੁਲ ਅਬਾਦੀ ਦਾ ਮਸਾਂ 5–7% ਹੈ। ਜੇ ਇਹਨਾਂ ਦੇ ਘਰਾਂ ਦਾ ਰਕਬਾ ਮਨਫੀ ਕੀਤਾ ਜਾਵੇ ਤਾਂ ਅਸਲ ਤਸਵੀਰ ਸਾਹਮਣੇ ਆਉਂਦੀ ਹੈ। ਸ਼ਹਿਰਾਂ 'ਚ 32% ਆਬਾਦੀ ਅਤੇ ਪਿੰਡਾਂ 'ਚ ਲੱਗਭੱਗ 40% ਅਬਾਦੀ ਅਜਿਹੇ ਘਰਾਂ 'ਚ ਰਹਿੰਦੀ ਹੈ ਜਿੰਨਾਂ 'ਚ ਪਰਿਵਾਰ ਦੇ ਹਰ ਮੈਂਬਰ ਨੂੰ ਰਹਿਣ ਲਈ ਮੁਸ਼ਕਿਲ ਨਾਲ 60 ਵਰਗ ਫੁੱਟ ਥਾਂ ਹੀ ਮਿਲ ਪਾਉਂਦੀ ਹੈ ਭਾਵ 7 ਗੁਣਾ 8 ਫੁੱਟ ਦੇ ਕਮਰੇ ਜਿੰਨੀ ਥਾਂ। ਯਾਦ ਰਹੇ, ਅਮਰੀਕਾ ਦੀਆਂ ਜੇਲ੍ਹਾਂ 'ਚ ਹਰ ਕੈਦੀ ਲਈ ਘੱਟੋ-ਘੱਟ 60 ਵਰਗ ਫੁੱਟ ਜਗ੍ਹਾ ਲਾਜ਼ਮੀ ਦਿੱਤੇ ਜਾਣ ਦਾ ਕਾਨੂੰਨ ਹੈ, ਇਸ ਹਿਸਾਬ ਨਾਲ਼ ਭਾਰਤ ਦੇ ਇੱਕ ਤਿਹਾਈ ਤੋਂ ਵੱਧ ਲੋਕ ਅਮਰੀਕਾ ਦੀਆਂ ਜੇਲ੍ਹਾਂ ਦੇ ਨੀਵੇਂ ਤੋਂ ਨੀਵੇਂ ਪੱਧਰ 'ਤੇ ਰਹਿੰਦੇ ਹਨ।

ਅਕਸਰ ਸਾਡੇ ਦੇਸ਼ ਦੀ ਲੀਡਰ ਮੰਡਲੀ ਅਤੇ ਸਰਮਾਏਦਾਰੀ ਦੇ ਟੁੱਕੜਖੋਰ ਬੁੱਧੀਜੀਵੀ ਅਜ਼ਾਦੀ ਤੋਂ ਬਾਅਦ ਹੋਏ ਦੇਸ਼ ਦੇ ਵਿਕਾਸ ਦੀਆਂ ਡੀਂਗਾਂ ਮਾਰਦੇ ਰਹਿੰਦੇ ਹਨ, ਘਰਾਂ ਨਾਲ਼ ਸਬੰਧਤ ਅੰਕੜੇ ਵੀ ਉਹਨਾਂ ਦੀ ਪੋਲ ਖੋਲ੍ਹਦੇ ਹਨ। 1953–54 'ਚ ਪ੍ਰਤੀ ਵਿਅਕਤੀ 100 ਵਰਗਫੁੱਟ ਤੋਂ ਘੱਟ ਥਾਂ 'ਚ ਰਹਿਣ ਵਾਲ਼ੀ ਆਬਾਦੀ ਦਾ ਹਿੱਸਾ ਸ਼ਹਿਰਾਂ 'ਚ 46% ਤੇ ਪਿੰਡਾਂ 'ਚ 38.5% ਸੀ, 2006–07 'ਚ ਇਹ ਵੱਧ ਕੇ ਸ਼ਹਿਰਾਂ 'ਚ 55% ਅਤੇ ਪਿੰਡਾਂ 'ਚ 56% ਹੋ ਗਿਆ ਹੈ। ਇਹ ਹੈ ਮਨਮੋਹਨ ਐਂਡ ਕੰਪਨੀ ਦੇ ਵਿਕਾਸ ਦੇ ਖੂਨੀ ਰੱਥ ਥੱਲੇ ਨਪੀੜੇ ਜਾ ਰਹੇ ਭਾਰਤ ਦੇ ਆਮ ਲੋਕਾਂ ਦੀ ਹਾਲਤ। ਜਿੱਥੇ ਇੱਕ ਪਾਸੇ ਤਾਂ ਲਗਾਤਾਰ ਪਸਰ ਰਹੇ ਸ਼ਹਿਰਾਂ 'ਚ ਨਿੱਤ ਨਵੀਂਆਂ ਕਲੋਨੀਆਂ ਖੜ੍ਹੀਆਂ ਹੋ ਰਹੀਆਂ ਹਨ, ਆਲੀਸ਼ਾਨ ਫਲੈਟ ਬਣ ਰਹੇ ਹਨ, ਪੰਜ-ਤਾਰਾ ਹੋਟਲ ਅਤੇ ਸ਼ਾਪਿੰਗ ਮਾਲ ਉਸਰ ਰਹੇ ਹਨ, ਵੱਡੇ-ਵੱਡੇ ਮੰਦਰਾਂ, ਗੁਰਦੁਆਰਿਆਂ ਆਦਿ ਦੀ ਕਾਰਸੇਵਾ ਚੱਲਦੀ ਹੀ ਰਹਿੰਦੀ ਹੈ, ਉੱਥੇ ਇਸ ਸਭ ਨੂੰ ਉਸਾਰਨ 'ਚ ਆਪਣੀ ਜ਼ਿੰਦਗੀ ਜਾਲ ਦੇਣ ਵਾਲਿਆਂ ਨੂੰ ਸਿਰ ਲੁਕਾਉਣ ਲਈ ਛੱਤ ਵੀ ਢੰਗ ਨਾਲ਼ ਨਸੀਬ ਨਹੀਂ ਹੋ ਰਹੀ। ਸਾਫ ਹੈ ਕਿ ਮਨਮੋਹਨ ਦੀ ਥਾਂ ਭਾਵੇਂ ਮੋਦੀ ਆ ਜਾਵੇ, ਕਾਂਗਰਸ ਦੀ ਥਾਂ ਭਾਜਪਾ ਪਾਰਲੀਮੈਂਟ ਰੋਕ ਕੇ ਬੈਠ ਜਾਵੇ, ਆਮ ਲੋਕਾਂ ਦੀ ਹਾਲਤ 'ਚ ਰੱਤੀ ਭਰ ਫਰਕ ਨਹੀਂ ਆਉਣ ਲੱਗਾ। ਬਾਕੀ ਮਸਲਿਆਂ ਵਾਂਗ ਹੀ ਸਿਰ ਦੀ ਛੱਤ ਦਾ ਮਸਲਾ ਵੀ ਭਾਰਤ ਦੇ ਕਿਰਤੀ ਲੋਕਾਂ ਨੂੰ ਇੱਕ ਦਿਨ ਖੁਦ ਹੀ ਨਜਿੱਠਣਾ ਹੋਵੇਗਾ, ਜਦੋਂ ਉਹ ਆਪਣੀਆਂ ਬਾਹਾਂ ਦੇ ਜ਼ੋਰ ਨਾਲ਼ ਦੇਸ਼ ਦੀ ਧਨ-ਦੌਲਤ ਉੱਤੇ ਮੁੱਠੀ-ਭਰ ਅਮੀਰਾਂ ਦੇ ਕਬਜ਼ੇ ਨੂੰ ਖਤਮ ਕਰ ਦੇਣਗੇ ਅਤੇ ਹਰ ਇੱਕ ਨੂੰ ਇੱਕ ਮਨੁੱਖ ਦੀ ਤਰ੍ਹਾਂ ਜੀ ਸਕਣ ਦਾ ਮੌਕਾ ਦੇਣ ਵਾਲ਼ੇ ਸਮਾਜ ਦੀ ਸਿਰਜਣਾ ਕਰਨਗੇ। • **ਅੰਮ੍ਰਿਤ**

ਗੋਦਾਮਾਂ ’ਚ ਸੜਦਾ ਅਨਾਜ ਅਤੇ ਭੁੱਖੇ ਮਰਦੇ ਲੋਕ

ਕੁਝ ਸਮਾਂ ਪਹਿਲਾਂ ਜਦੋਂ ਦੇਸ਼ ਦੀ ਸੁਪਰੀਮ ਕੋਰਟ ਨੂੰ ਇੱਕ ਪਾਸੇ ਗੋਦਾਮਾਂ ਵਿੱਚ ਗਲ਼-ਸੜ ਰਹੇ ਹਜ਼ਾਰਾਂ ਟਨ ਅਨਾਜ ਤੇ ਦੂਜੇ ਪਾਸੇ ਦੇਸ਼ ਦੀ ਬਹੁਤ ਗਿਣਤੀ ਗਰੀਬ ਅਬਾਦੀ ਦੇ ਭੁੱਖੇ ਮਰਨ ਕਾਰਨ ਮਜ਼ਬੂਰੀ ਵੱਸ ਭਾਰਤ ਸਰਕਾਰ ਤੇ ਦੇਸ਼ ਦੇ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਅਨਾਜ ਨਾ ਵੰਡੇ ਜਾਣ ਕਾਰਨ ਝਾੜ ਪਾਉਣੀ ਪਈ ਸੀ ਤਾਂ ਭਾਰਤ ਦੇ ‘ਸਤਿਕਾਰਯੋਗ’ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਇਸ ਤਰ੍ਹਾਂ ਅਨਾਜ ਲੋਕਾਂ ’ਚ ਨਹੀਂ ਵੰਡਿਆ ਜਾ ਸਕਦਾ ਕਿਉਂਕਿ ਅਜਿਹਾ ਕਰਨ ਨਾਲ਼ ਭਾਰਤੀ ਕਿਸਾਨਾਂ ਨੂੰ ਉਤਪਾਦਕਤਾ ਵਧਾਉਣ ਲਈ ਪ੍ਰੇਰਿਤ ਨਹੀਂ ਕੀਤਾ ਜਾ ਸਕਦਾ। ਬਿਨਾਂ ਸ਼ੱਕ ਅਜਿਹੇ ‘ਮਹਾਨ’ ਅਰਥਸ਼ਾਸਤਰੀ ਜੋ ਆਪਣੇ ਸਰਮਾਏਦਾਰ ਮਾਲਕਾਂ ਦੇ ਇਸ਼ਾਰਿਆਂ ’ਤੇ ਨੱਚਦਾ ਹੋਵੇ ਤੋਂ ਅਜਿਹੇ ਤਰਕ ਦੀ ਹੀ ਉਮੀਦ ਕੀਤੀ ਜਾ ਸਕਦੀ ਹੈ।

ਇਸ ਦੇ ਨਾਲ਼ ਹੀ ਯੋਜਨਾ ਕਮਿਸ਼ਨ ਦੇ ਚੇਅਰਮੈਨ ਤੇ ਉੱਘੇ ਅਰਥਸ਼ਾਸਤਰੀ ਜਨਾਬ ਮੌਂਟੇਕ ਸਿੰਘ ਆਹਲੂਵਾਲੀਆ ਦੇ ‘ਮਹਾਨ’ ਅਰਥਸ਼ਾਸਤਰ ਦੇ ਕਾਰਨਾਮੇ ਵੀ ਵੇਖ ਲਓ ਜਿੰਨ੍ਹਾ ਅਨੁਸਾਰ ਮਹਿੰਗਾਈ ਵਧਣ ਦਾ ਇੱਕ ਮੁੱਖ ਕਾਰਨ ਗਰੀਬਾਂ ਦੁਆਰਾ ਅਨਾਜ ਤੇ ਖਾਣ-ਪੀਣ ਦੀਆਂ ਹੋਰ ਵਸਤੂਆਂ ਦੀ ਵੱਧ ਵਰਤੋਂ ਕਰਨਾ ਹੈ। ਹੁਣ ਜਨਾਬ ਆਹਲੂਵਾਲੀਆ ਦੇ ਉਸ ਬਿਆਨ ਵੱਲ ਜਾਂਦੇ ਹਾਂ ਜਿੰਨ੍ਹਾਂ ਅਨੁਸਾਰ ਮਹਿੰਗਾਈ ਦਾ ਕਾਰਨ ਗਰੀਬਾਂ ਦੁਆਰਾ ਵੱਧ ਖਾਣਾ ਹੈ। ਇਸ ਮੁਤਾਬਕ ਤਾਂ ਗਰੀਬ ਲੋਕਾਂ ਦੀ ਹਾਲਤ ਤਾਂ ਸੁਧਰੀ ਹੋਵੇਗੀ ਤੇ ਗਰੀਬੀ ਕਾਫ਼ੀ ਘਟੀ ਹੋਵੇਗੀ ਪਰ ‘ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ’ ਵੱਲੋਂ ਜਾਰੀ ‘ਗਲੋਬਲ ਹੰਗਰ ਇੰਡੈਕਸ’ ਵਿੱਚ ਭਾਰਤ ਦਾ ਸਥਾਨ 2008 ਵਿੱਚ 88 ਦੇਸ਼ਾਂ ਵਿੱਚੋਂ 66 ਤੋਂ ਖਿਸਕ ਕੇ 84 ਦੇਸ਼ਾਂ ਵਿੱਚ 67ਵਾਂ ਹੋ ਗਿਆ ਹੈ। ਜੇ ਮਹਾਨ ਭਾਰਤ ਦੇ ਗਰੀਬ ਲੋਕ ਇੰਨਾ ਜ਼ਿਆਦਾ ਖਾਣ-ਪੀਣ ਲੱਗੇ ਹਨ ਤਾਂ ‘ਗਲੋਬਲ ਹੰਗਰ ਇੰਡੈਕਸ’ ’ਚ ਸਾਡੇ ਦੇਸ਼ ਦਾ ਸਥਾਨ ਪਹਿਲਾਂ ਦੇ ਮੁਕਾਬਲੇ ਕਿਉਂ ਖਿਸਕ ਗਿਆ ਹੈ।

ਪਿਛਲੇ ਦਿਨਾਂ ਦੀਆਂ ਅਖ਼ਬਾਰੀ ਖ਼ਬਰਾਂ ਅਨੁਸਾਰ ਪੰਜਾਬ ਵਿੱਚ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਸਾਲ 2009 ਵਿੱਚ ਖਰੀਦੇ ਗਏ 2 ਲੱਖ ਟਨ ਝੋਨਾ ਜੋ ਕਰੋੜਾਂ ਲੋੜਵੰਦ ਤੇ ਭੁੱਖ ਮਾਰੇ ਲੋਕਾਂ ਤੱਕ ਨਾ ਪਹੁੰਚਣ ਕਾਰਨ ਤੇ ਸਰਮਾਏਦਾਰੀ ਪ੍ਰਬੰਧ ਦੀਆਂ ਮੁਨਾਫ਼ਾਖੋਰ ਨੀਤੀਆਂ ਕਾਰਨ ਗੋਦਾਮਾਂ ਵਿੱਚ ਸੜ ਗਿਆ ਜੋ ਹੁਣ ਮਹਿੰਗੀ ਸ਼ਰਾਬ ਬਣਾਉਣ ਲਈ ਵਰਤਿਆ ਜਾਵੇਗਾ।

ਅੰਕੜਿਆਂ ਮੁਤਾਬਕ ਪੰਜਾਬ ਦੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਸਬ-ਡਿਵੀਜ਼ਨ ਖਮਾਣੋਂ ਵਿੱਚ ਮੁਸ਼ਕੇ ਪਏ ਇਸ ਝੋਨੇ ਨੂੰ ਖਰੀਦ ਨਿਯਮਾਂ ਦੀ ਉਲੰਘਣਾ ਕਰਕੇ ਟੈਂਡਰਾਂ ਰਾਹੀਂ ਸ਼ੈਲਰਾਂ ਨੂੰ ਵੇਚਿਆ ਜਾ ਰਿਹਾ ਹੈ, 950 ਰੁਪੈ ਫੀ ਕੁਇੰਟਲ ਖਰੀਦੇ ਇਸ ਝੋਨੇ ਨੂੰ 620.25 ਰੁਪੈ ਫੀ ਕੁਇੰਟਲ ਹਿਸਾਬ ਨਾਲ਼ ਵੇਚਿਆ ਜਾ ਰਿਹਾ ਹੈ। ਇਸ ਨਾਲ਼ ਸਰਕਾਰੀ ਖ਼ਜ਼ਾਨੇ ਨੂੰ ਕਰੋੜਾਂ ਰੁਪੈ ਦਾ ਵਿੱਤੀ ਘਾਟਾ ਪਵੇਗਾ ਜੋ ਅਸਿੱਧੇ ਰੂਪ ਵਿੱਚ ਟੈਕਸ ਲਾ ਕੇ ਆਮ ਲੋਕਾਂ ਤੋਂ ਪੂਰਾ ਕੀਤਾ ਜਾਵੇਗਾ। ਝੋਨੇ ਦਾ ਇਹ ਭੰਡਾਰ ਮਾਰਕਫੈੱਡ, ਪੰਜਾਬ ਵੇਅਰਹਾਊਸ ਕਾਰਪੋਰੇਸ਼ਨ ਅਤੇ ਪਨਸਪ ਨਾਲ਼ ਸਬੰਧਤ ਹੈ।

ਝੋਨੇ ਦੇ ਖ਼ਰਾਬ ਹੋਣ ਦੀ ਮੁੱਖ ਵਜ੍ਹਾ ਸਹੀ ਤਰੀਕੇ ਨਾਲ਼ ਇਸ ਦੀ ਸੰਭਾਲ ਨਾ ਕਰਨਾ ਹੈ ਜੋ ਕਿ ਖੁੱਲ੍ਹੇ ਫਲਕ ਥੱਲੇ ਪਿਆ ਰਿਹਾ ਸੜ ਗਿਆ ਪਰ ਭੁੱਖ ਮਾਰੇ ਲੋਕਾਂ ਤੱਕ ਨਹੀਂ ਪਹੁੰਚਾਇਆ ਗਿਆ। ਗਲੇ ਸੜੇ ਅਨਾਜ ਕਾਰਨ ਜਿੱਥੇ ਆਲੇ-ਦੁਆਲ਼ੇ ਦੇ ਲੋਕਾਂ ਨੂੰ ਸਾਹ ਵਰਗੀਆਂ ਭਿਆਨਕ ਬਿਮਾਰੀਆਂ ਲੱਗ ਰਹੀਆਂ ਹਨ ਉੱਥੇ ਲੋਕਾਂ ਨੂੰ ਇਸ ਤੋਂ ਨਿਜ਼ਾਤ ਪਾਉਣ ਲਈ ਧਰਨੇ ਮੁਜ਼ਾਹਰੇ ਵੀ ਕਰਨੇ ਪੈ ਰਹੇ ਹਨ।

• ਗਗਨ

ਕੰਧਾਰ ਕਤਲੇਆਮ:
ਸਾਮਰਾਜੀ ਵਹਿਸ਼ਤ ਦਾ ਇੱਕ ਹੋਰ ਨਮੂਨਾ

ਸੰਸਾਰ ਸਰਮਾਇਦਾਰੀ ਦੀ ਸਿਖਰ ’ਤੇ ਬੈਠੇ ਅਮਰੀਕਾ ਨੇ ਪੂਰੀ ਦੁਨੀਆਂ ਵਿੱਚ ਸ਼ਾਂਤੀ ਤੇ ਸੁਰੱਖਿਆ ਸਥਾਪਿਤ ਕਰਨ ਦਾ ਠੇਕਾ ਲੈ ਰੱਖਿਆ ਹੈ। ਸੰਸਾਰ ਭਰ ਵਿੱਚ ਆਪਣੀਆਂ ‘ਦਹਿਸ਼ਤਗਰਦੀ ਰੋਕੂ’ ਮੁਹਿੰਮਾਂ, ਜੋ ਸਿਰਫ਼ ਉਨ੍ਹਾਂ ਦੇਸ਼ਾਂ ਦੀ ਲੁੱਟ ਕਰਨ ਦਾ ਬਹਾਨਾ ਹੈ, ਚਲਾਕੇ ਸਰਮਾਇਦਾਰੀ ਦੇ ਬੌਸ ਹੋਣ ਦਾ ਅਹਿਸਾਸ ਲਗਾਤਾਰ ਕਰਵਾਉਂਦਾ ਰਹਿੰਦਾ ਹੈ।

ਅਫ਼ਗਾਨਿਸਤਾਨ ਵੀ ਤਕਰੀਬਨ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਅਮਰੀਕਾ ਦੇ ਸਾਮਰਾਜੀ ਮਨੁੱਖਦੋਖੀ ਮਨਸੂਬਿਆਂ ਦੀ ਮਾਰ ਹੇਠ ਹੈ। 2001 ਤੋਂ ਲੈ ਕੇ ਹੁਣ ਤੱਕ ਅਮਰੀਕੀ-ਨਾਟੋ ਫ਼ੌਜਾਂ ਅਤੇ ਤਾਲੀਬਾਨੀ ਗੁਰੀਲਿਆਂ ਦਰਮਿਆਨ ਹੁੰਦੀਆਂ ਭੇੜਾਂ ਵਿੱਚ ਹਜ਼ਾਰਾਂ ਮਸੂਮ ਲੋਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ ਹੈ। ਦਹਿਸ਼ਤਗਰਦੀ ਨੂੰ ਖ਼ਤਮ ਕਰਨ ਬਹਾਨੇ ਅਫ਼ਗਾਨ ਅਰਥਚਾਰੇ, ਸਨਅਤ ਅਤੇ ਲੋਕਾਈ ਦਾ ਘਾਣ ਲਗਾਤਾਰ ਜਾਰੀ ਹੈ। ਆਪਣੇ ਹਥਿਆਰਾਂ ਦੀ ਸਨਅਤ ਨੂੰ ਲਗਾਤਾਰ ਚਲਦੇ ਰੱਖਣ ਲਈ ਤੇ ਉਹਨਾਂ ਦੀ ਖਪਾਈ ਲਈ ਦੁਨੀਆਂ ਭਰ ਵਿੱਚ ਦਹਿਸ਼ਤਗਰਦ ਕਾਰਵਾਈਆਂ ਕਰਨਾਂ ਇਸ ਦਾ ਸੁਭਾਅ ਹੈ। ਇਨ੍ਹਾਂ ਕਾਰਵਾਈਆਂ ਨੇ ਸਰਮਾਇਦਾਰੀ ਨੂੰ ਹਰ ਪੱਖੋਂ ਮਨੁੱਖਤਾ ਵਿਰੋਧੀ ਸਾਬਤ ਕਰ ਦਿੱਤਾ ਹੈ ਅਤੇ ਸਰਮਾਏਦਾਰੀ ਸਮਾਜਕ ਬਣਤਰ ਨੂੰ ਵੱਧ ਤੋਂ ਵੱਧ ਟਿਕਾਊ, ਵੱਧ ਤੋਂ ਵੱਧ ਵਿਕਸਿਤ ਤੇ ਮਨੁੱਖੀ ਸਮਾਜ ਦੀ ਸਿਖਰਲੀ ਬਣਤਰ ਜਿੱਥੋਂ ਤੱਕ ਮਨੁੱਖਤਾ ਪਹੁੰਚ ਸਕਦੀ ਹੈ, ਵਰਗੇ ਫੋਕੇ ਦਾਅਵਿਆਂ ਨੂੰ ਰੇਤੇ ਵਿੱਚ ਰੋਲ਼ ਦਿੱਤਾ ਹੈ।

ਅਮਰੀਕੀ ਬੰਬਰ ਜਹਾਜ਼ਾਂ, ਜ਼ਮੀਨੀ ਫ਼ੌਜਾਂ ਵੱਲੋਂ ਚੱਲਣ ਵਾਲ਼ੀਆਂ ‘ਨਾਈਟ ਰੇਡਸ’ ਵਿੱਚ ਸਿਰਫ਼ ਸ਼ੱਕ ਦੇ ਅਧਾਰ ’ਤੇ ਜਾਂ ਬਿਨਾਂ ਕਿਸੇ ਸ਼ੱਕ ਤੋਂ ਆਪਣੀ ਵਹਿਸ਼ਤ ਦਾ ਵਿਖਾਵਾਂ, ਲੋਕਾਂ ਦੇ ਮਨਾਂ ’ਚ ਡਰ ਪੈਦਾ ਕਰਨ ਲਈ ਆਮ ਅਫ਼ਗਾਨ ਵਾਸੀਆਂ ਨੂੰ ਮਾਰਨਾ, ਘਰਾਂ ’ਚ ਵੜਕੇ ਗੋਲ਼ੀਆਂ ਚਲਾਉਣੀਆਂ, ਸੜਕਾਂ-ਗਲੀਆਂ ’ਤੇ ਅੰਨ੍ਹੇਵਾਹ ਫਾਇਰਿੰਗ ਕਰਨੀ, ਜਿਸ ਵਿੱਚ ਕਿੰਨਿਆਂ ਨੂੰ ਹੀ ਆਪਣੀ ਜਾਨ ਤੋਂ ਹੱਥ ਧੋਣੇ ਪੈਂਦੇ ਹਨ, ਆਦਿ ਵਰਗੀਆਂ ਆਮ ਘਟਨਾਵਾਂ ਹਨ।

ਪਿਛਲੇ ਦਿਨੀਂ 11 ਮਾਰਚ ਦੇ ਦਿਨ ਕੰਧਾਰ ਸੂਬੇ ਦੇ ਪੰਜਵਈ ਜ਼ਿਲ੍ਹੇ ਦੇ ਪਿੰਡ ਬੇਲਮਬਾਈ ਵਿੱਚ ਅਮਰੀਕੀ ਫ਼ੌਜੀ ਦਰਿੰਦਗੀ ਦਾ ਨੰਗਾ ਨਾਚ ਵੇਖਣ ਨੂੰ ਮਿਲ਼ਿਆ। ਇਸ ਦਿਨ ਸਵੇਰੇ ਇੱਕ ਅਮਰੀਕੀ ਫ਼ੌਜੀ ਨੇ ਪਿੰਡ ਵਿਚਲੇ ਅਫ਼ਗਾਨੀ ਪਰਿਵਾਰਾਂ ਦੇ ਘਰ ਵਿੱਚ ਵੜਕੇ ਉਨ੍ਹਾਂ 'ਤੇ ਗੋਲ਼ੀਬਾਰੀ ਕੀਤੀ, ਜਿਸ ਵਿੱਚ ਤਕਰੀਬਨ 17 ਲੋਕ ਮਾਰ ਗਏ, ਜੀਹਦੇ ਵਿੱਚੋਂ 9 ਬੱਚੇ ਸਨ। ਇਸ ਦਰਿੰਦੇ ਦੀ ਪਛਾਣ 37 ਸਾਲਾਂ ਅਮਰੀਕੀ ਫ਼ੌਜ ਦੇ ਸਟਾਫ਼ ਸਾਰਜੈਂਟ ਰਾਬਰਟ ਬੇਲਸ ਦੇ ਨਾਂ ਨਾਲ਼ ਹੋਈ ਹੈ, ਜੋ ਘਟਨਾ ਤੋਂ ਤੁਰੰਤ ਬਾਅਦ ਅਮਰੀਕਾ ਰਵਾਨਾ ਹੋ ਗਿਆ ਤੇ ਆਪਣੇ ਆਕਿਆਂ ਦੀ ਸ਼ਰਨ 'ਚ ਜਾ ਕੇ ਬੈਠ ਗਿਆ। ਜਿੱਥੇ ਰਸਮ ਪੂਰਤੀ ਲਈ ਅਮਰੀਕਾ ਦੀ ਮਿਲਟਰੀ ਕੋਰਟ ਵਿੱਚ ਉਸ 'ਤੇ ਮੁਕੱਦਮਾ ਚਲਾਇਆ ਜਾ ਰਿਹਾ ਹੈ। ਪਰ ਇਨਸਾਫ਼ ਦਾ ਦੇਖੋ: ਬਰੈਡਲੀ ਮੈਨਿੰਗ ਵਰਗੇ ਅਮਰੀਕੀ ਫ਼ੌਜੀ, ਜਿੰਨ੍ਹਾਂ ਅਮਰੀਕਾ ਵੱਲੋਂ ਇਰਾਕ ਵਿਚਲੇ ਕਤਲੇਆਮ, ਘਟੀਆ ਮਨਸੂਬਿਆਂ ਦੀਆਂ ਖ਼ਬਰਾਂ ਵਿਕੀਲੀਕਸ ਵੈਬਸਾਈਟ ਜ਼ਰੀਏ ਦੁਨੀਆਂ ਅੱਗੇ ਨਸ਼ਰ ਕੀਤੀਆਂ। ਉਸ ਦਾ 'ਕੋਰਟ ਮਾਰਸ਼ਲ' ਕੀਤਾ ਜਾ ਰਿਹਾ ਹੈ, ਉਸ ਨੂੰ ਤਸੀਹੇ ਦਿੱਤੇ ਜਾ ਰਹੇ ਹਨ, ਪਰ ਜਿਸ ਨੇ ਬੇਕਸੂਰ ਲੋਕਾਂ ਨੂੰ ਮਾਰਕੇ ਆਪਣੀ ਹੈਵਾਨੀਅਤ ਦਾ ਸਬੂਤ ਦਿੱਤਾ, ਉਸ ਨੂੰ ਅਮਰੀਕਾ ਨੇ ਆਪਣੀ ਝੋਲ਼ੀ 'ਚ ਬਿਠਾਕੇ ਚੁੰਨੀ ਦਾ ਪੱਲਾ ਕਰ ਲਿਆ।

ਵੱਡੀ ਗਿਣਤੀ ਵਿੱਚ ਲੋਕਾਂ ਦਾ ਮੰਨਣਾ ਹੈ ਕਿ ਇਸ ਕਾਰਵਾਈ ਜ਼ਰੀਏ ਯੋਜਨਾਬੱਧ ਢੰਗ ਨਾਲ਼ ਅਫ਼ਗਾਨ ਵਾਸੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਇਸ ਵਿੱਚ ਇੱਕ ਤੋਂ ਵੀ ਵੱਧ ਜਣਿਆਂ ਨੇ ਆਪਣੀ ਭੂਮਿਕਾ ਨਿਭਾਈ। ਅਮਰੀਕਾ ਦੀ ਕਠਪੁੱਤਲੀ ਅਫ਼ਗਾਨ ਸਰਕਾਰ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਇਸ ਘਟਨਾ ਦੀ ਨਿੰਦਾ ਕਰਕੇ ਅਤੇ ਅਮਰੀਕੀ-ਨਾਟੋ ਫ਼ੌਜਾਂ ਨੂੰ ਆਮ ਅਬਾਦੀ ਵਾਲ਼ੇ ਖੇਤਰਾਂ ਤੋਂ ਦੂਰ ਰਹਿਣ ਦੀ ਨਸੀਹਤ ਦੇ ਕੇ ਆਪਣਾ 'ਫ਼ਰਜ਼' ਪੂਰਾ ਕੀਤਾ। ਜਿਸ ਦਾ ਅਸਰ ਕੀ ਹੋਵੇਗਾ (ਕੁਝ ਵੀ ਨਹੀਂ !): ਉਹ ਵੀ ਜਾਣਦਾ ਹੈ ਤੇ ਅਸੀਂ ਵੀ। ਕੋਈ ਵੀ ਠੋਸ ਕਦਮ ਨਾ ਚੁੱਕਕੇ ਰਾਸ਼ਟਰਪਤੀ ਨੇ ਆਪਣੇ ਟੁਕੜਖੋਰ ਹੋਣ ਤੇ ਆਪਣੇ ਮਾਲਕਾਂ ਪ੍ਰਤੀ ਨੇਕ ਭਾਵਨਾ ਰੱਖਣ ਦੀ ਵਫਾਦਾਰੀ ਵਾਲ਼ੀ ਭੂਮਿਕਾ ਬਾਖੂਬੀ ਨਿਭਾਈ ਹੈ।

ਦੂਜੇ ਪਾਸੇ ਸੰਸਾਰ ਸੁਰੱਖਿਆ ਤੇ ਸ਼ਾਂਤੀ ਦਾ ਠੇਕੇਦਾਰ ਅਮਰੀਕਾ, ਇਨ੍ਹਾਂ 'ਨਾਈਟ ਰੇਡਸ' ਤੇ ਅਮਰੀਕੀ-ਨਾਟੋ ਫ਼ੌਜੀਆਂ ਵੱਲੋਂ ਬੇਕਸੂਰ ਲੋਕਾਂ ਨੂੰ ਮਾਰਨ ਦੀਆਂ ਕਾਰਵਾਈਆਂ ਬੰਦ ਕਰਨ ਤੋਂ ਕੋਰਾ ਜਵਾਬ ਦੇ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮਕਸਦ ਅਫ਼ਗਾਨਿਸਤਾਨ ਵਿੱਚੋਂ ਤਾਲੀਬਾਨੀ ਦਹਿਸ਼ਤਗਰਦੀ ਦਾ ਖ਼ਾਤਮਾ ਕਰਕੇ ਜਮਹੂਰੀਅਤ ਦੀ ਬਹਾਲੀ ਕਰਨਾ ਹੈ। ਆਓ ਇਸ ਜਮਹੂਰੀਅਤ ਦੀ ਮੂੰਹ ਬੋਲਦੀ ਤਸਵੀਰ ਵੇਖੀਏ:

ਫਰਵਰੀ ਮਹੀਨੇ ਵਿੱਚ 'ਜਮਹੂਰੀਅਤ' ਦੀ ਬਹਾਲੀ ਕਰਦੇ ਅਮਰੀਕੀ-ਨਾਟੋ ਫ਼ੌਜੀਆਂ ਨੇ ਨਾਈਟ ਰੇਡ ਦੌਰਾਨ ਅੱਠ ਬੇਕਸੂਰ ਆਜੜੀ ਬੱਚਿਆਂ 'ਤੇ ਗੋਲ਼ੀਆਂ ਦੀ ਬੁਛਾਰ ਕਰਕੇ ਉਨ੍ਹਾਂ ਨੂੰ ਮੌਤ ਹਵਾਲੇ ਕਰ ਦਿੱਤਾ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਪਿਛਲੇ ਸਾਲ ਤਕਰੀਬਨ 3021 ਅਫ਼ਗਾਨ ਵਾਸੀਆਂ ਦੀ ਮੌਤ ਅਮਰੀਕੀ-ਨਾਟੋ ਫ਼ੌਜੀਆਂ ਦੇ ਹੱਥੋਂ ਹੋਈ। ਇਸ ਤੋਂ ਪਹਿਲਾਂ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਅਮਰੀਕਾ ਦੇ ਫ਼ੌਜੀ ਅੱਡੇ 'ਚ ਕੁਰਾਨ ਦੀਆਂ ਕਾਪੀਆਂ ਸਾੜਨ ਨਾਲ਼ ਮਾਮਲਾ ਕਾਫ਼ੀ ਭਖ ਗਿਆ, ਜੋ ਕਾਫ਼ੀ ਲੋਕਾਂ ਦੀਆਂ ਜਾਨਾਂ ਲੈ ਕੇ ਠੰਡਾ ਹੋਇਆ। ਪਿਛਲੇ ਸਾਲ ਅਮਰੀਕੀ ਫੌਜ ਦੇ ਮੁਖੀ ਜਨਰਲ ਸਟੈਨਲੇਅ ਮੈਕਕਰਿਸਟਲ ਨੇ ਆਪ ਮੰਨਿਆਂ ਕਿ ਉਨ੍ਹਾਂ ਦੇ ਫ਼ੌਜੀਆਂ ਨੇ ਕਾਫ਼ੀ ਬੇਕਸੂਰ ਅਫ਼ਗਾਨ ਲੋਕਾਂ ਨੂੰ ਮਾਰਿਆ, ਜਿਨ੍ਹਾਂ ਦੇ ਸ਼ੱਕੀ ਹੋਣ ਦਾ ਕੋਈ ਸਬੂਤ ਨਹੀਂ ਸੀ ਮਿਲਿਆ।

ਬੇਕਸੂਰ ਲੋਕਾਂ ਦੀ ਹੱਤਿਆ ਦੀਆਂ ਅਜਿਹੀਆਂ ਸੈਂਕੜੇ ਵਾਰਦਾਤਾਂ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ, ਜੋ ਮੀਡੀਆਂ ਤੋਂ ਅਣਦਿਸੀਆਂ ਰਹਿ ਜਾਂਦੀਆਂ ਹਨ ਜਾਂ ਬਾਹਰ ਲੋਕਾਂ ਤੱਕ ਨਹੀਂ ਪਹੁੰਚਣ ਦਿੱਤੀਆਂ ਜਾਂਦੀਆਂ। ਇੱਕ ਪਾਸੜ ਮੀਡੀਆ ਰਿਪੋਰਟਿੰਗ ਰਾਹੀਂ ਅਮਰੀਕੀ-ਨਾਟੋ ਫ਼ੌਜੀਆਂ ਜਾਂ ਤਾਲਿਬਾਨੀ ਗੁਰੀਲਿਆਂ ਦੀ ਮੌਤ ਨੂੰ ਵਧਾ-ਚੜਾਕੇ ਸੁਰਖੀਆਂ ਬਣਾ ਦਿੱਤਾ ਜਾਂਦਾ ਹੈ ਤੇ ਇਸ ਭੇੜ ਦੌਰਾਨ ਅਫ਼ਗਾਨ ਵਾਸੀਆਂ ਦੇ ਹੋਣ ਵਾਲ਼ੇ ਨੁਕਸਾਨ ਜਾਂ ਉਨ੍ਹਾਂ ਦੀ ਮੌਤ 'ਤੇ ਪਰਦਾ ਪਾ ਦਿੱਤਾ ਜਾਂਦਾ ਹੈ। ਜਾਂ ਬੇਕਸੂਰ ਵਾਸੀਆਂ ਨੂੰ ਵੀ ਤਾਲੀਬਾਨੀ ਕਹਿਕੇ ਬੁੱਤਾ ਸਾਰ ਲਿਆ ਜਾਂਦਾ ਹੈ। ਅਜ਼ਾਦ ਤੌਰ 'ਤੇ ਕੰਮ ਕਰ ਰਹੇ ਪੱਤਰਕਾਰਾਂ ਨੂੰ ਵੀ ਹਰ ਤਰੀਕੇ ਨਾਲ਼ ਸੱਚਾਈ ਬਾਹਰ ਨਸ਼ਰ ਕਰਨ ਤੋਂ ਰੋਕਿਆ ਜਾਂਦਾ ਹੈ। ਕੈਮਰੇ ਤੋੜਨ ਤੋਂ ਲੈ ਕੇ ਧਮਕੀਆਂ ਦੇਣ ਤੇ ਜਾਨੋਂ ਮਾਰ ਦੇਣ ਤੱਕ ਵੀ ਮਸਲਾ ਚਲਾ ਜਾਂਦਾ ਹੈ। ਬਰੈਡਲੀ ਮੈਨਿੰਗ ਦਾ ਕੋਰਟ ਮਾਰਸ਼ਲ ਇਹਦੀ ਮੂੰਹ ਬੋਲਦੀ ਉਦਾਹਰਨ ਹੈ।

• ਛਿੰਦਰਪਾਲ

ਨਿਰਮਲ ਬਾਬਾ...

(ਪੰਨਾ 24 ਦਾ ਬਾਕੀ)

ਸਰਕਾਰਾਂ ਨੇ ਤਾਂ ਕਾਨੂੰਨ ਬਣਾ ਰੱਖਿਆ ਹੈ ਕਿ ਜੇ ਕੋਈ ਵਿਗਿਆਨ ਦੀ ਅਜਿਹੀ ਗੱਲ ਕਰੇ ਜਿਸ ਨਾਲ਼ ਧਰਮ ਦੇ ਕਿਸੇ ਵੀ ਨੁਕਤੇ 'ਤੇ ਚੋਟ ਆਏ ਤਾਂ ਉਸ ਨੂੰ ਲੋਕਾਂ ਦੀਆਂ ਭਾਵਨਾਵਾਂ ਨੂੰ ਦੁੱਖ ਪਹੁੰਚਾਉਣ ਕਰਨ ਦੇ ਅਪਰਾਧ 'ਚ ਸਜ਼ਾ ਵੀ ਦਿੱਤੀ ਜਾ ਸਕਦੀ ਹੈ। ਪੰਜਾਬ ਸਰਕਾਰ ਤਾਂ ਲੋਕਾਂ ਦੀਆਂ ਭਾਵਨਾਵਾਂ ਦਾ ਇੰਨਾ ਖਿਆਲ ਰੱਖਦੀ ਹੈ ਕਿ ਵਿਗਿਆਨ ਦੀ ਗੱਲ ਕਰਨ ਵਾਲ਼ੇ ਨੂੰ ਮਿਲਣ ਵਾਲੀ ਸਜ਼ਾ ਨੂੰ ਤਿੰਨ ਸਾਲ ਕੈਦ ਤੋਂ ਵਧਾ ਕੇ ਸੱਤ ਸਾਲ ਕੈਦ ਤੱਕ ਕਰਨ ਲਈ ਕਾਨੂੰਨ ਤੱਕ ਲੈ ਆਉਂਦੀ ਹੈ। ਲੱਗਭੱਗ ਸਾਰੀਆਂ ਸਰਕਾਰਾਂ ਦਾ ਇਹੀ ਹਾਲ ਹੈ। ਇਸ ਲਈ ਇਹਨਾਂ ਸਰਕਾਰਾਂ ਤੋਂ ਅਜਿਹੇ ਪਾਖੰਡ ਨੂੰ ਠੱਲ੍ਹ ਪਾਉਣ ਦੀ ਕੋਈ ਵੀ ਉਮੀਦ ਕਰਨਾ ਬੇਅਰਥ ਹੋਵੇਗੀ। ਹਾਂ ਇਹਨਾਂ ਸਰਕਾਰਾਂ ਅਤੇ ਢਾਂਚੇ ਦੀ ਅਜਿਹੀਆਂ ਘਟਨਾਵਾਂ 'ਚ ਭੂਮਿਕਾ ਨੂੰ ਲੋਕਾਂ 'ਚ ਬੇਪਰਦ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। •

ਦਹਿਸ਼ਤਗਰਦੀ ਬਹਾਨਾ ਹੈ...

(ਪੰਨਾ 3 ਦਾ ਬਾਕੀ)

ਸਰਮਾਏਦਾਰੀ ਦੇ ਅਨਿਆਂ-ਅੱਤਿਆਚਾਰ ਅਤੇ ਰਾਜ ਮਸ਼ੀਨਰੀ ਦੇ ਜ਼ਬਰ ਦੀ ਪ੍ਰਤਿਕ੍ਰਿਆ 'ਚ ਹੁੰਦੀ ਹੈ। ਉਸਨੂੰ ਜ਼ਬਰ ਰਾਹੀਂ ਸਮਾਪਤ ਨਹੀਂ ਕੀਤਾ ਜਾ ਸਕਦਾ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਵੇਂਕਟਰਮਨ ਨੇ ਵੀ ਇੱਕ ਵਾਰ ਇਹ ਪ੍ਰਵਾਨ ਕੀਤਾ ਸੀ ਕਿ ਨਵਉਦਾਰਵਾਦੀ ਨੀਤੀਆਂ ਨੂੰ ਪ੍ਰਭਾਵੀ ਢੰਗ ਨਾਲ਼ ਅਮਲ 'ਚ ਲਿਆਉਣ ਲਈ ਇੱਕ ਤਾਨਾਸ਼ਾਹ ਹਕੂਮਤ ਜ਼ਰੂਰੀ ਹੋਵੇਗੀ। ਇਹ ਹੈਰਾਨੀ ਦੀ ਗੱਲ ਨਹੀਂ ਕਿ ਨਵਉਦਾਰੀਵਾਦੀ ਨੀਤੀਆਂ ਦੇ ਵਰਤਮਾਨ ਦੌਰ 'ਚ ਨਾ ਸਿਰਫ਼ ਫ਼ਾਸੀਵਾਦੀ ਪ੍ਰਵਿਰਤੀਆਂ ਪੂਰੇ ਸੰਸਾਰ 'ਚ ਵੰਨਸਵੰਨ ਰੂਪਾਂ 'ਚ ਮੂਹਰੇ ਆ ਰਹੀਆਂ ਹਨ, ਸਗੋਂ ਸਰਮਾਏਦਾਰਾ ਜਮਹੂਰੀਅਤ ਅਤੇ ਫਾਸੀਵਾਦ ਦਰਮਿਆਨ ਨਿਖੇੜਾ ਵੀ ਮੱਧਮ ਹੁੰਦਾ ਜਾ ਰਿਹਾ ਹੈ। ਭਾਰਤ 'ਚ ਸਰਮਾਏਦਾਰਾ ਜਮਹੂਰੀਅਤ ਦਾ 'ਸਪੇਸ' ਲਗਾਤਾਰ ਸੁੰਗੜਦਾ ਜਾ ਰਿਹਾ ਹੈ ਅਤੇ ਕਨੂੰਨ-ਪ੍ਰਣਾਲੀ ਬਣਾਈ ਰੱਖਣ ਦੇ ਨਾਂ 'ਤੇ ਪੁਲਿਸ ਪ੍ਰਸ਼ਾਸਨ ਦੀ ਭੂਮਿਕਾ ਬਦਲੀ ਜਾ ਰਹੀ ਹੈ। ਉਦਾਰਵਾਦੀ ਨੀਤੀਆਂ ਨੂੰ ਅਮਲ 'ਚ ਲਿਆਉਣ ਦੀ ਪ੍ਰਕ੍ਰਿਆ 'ਚ ਛਾਂਟੀ-ਬੇਰੁਜ਼ਗਾਰੀ, ਕਿਰਤ-ਕਨੂੰਨਾਂ ਦੀ ਬੇਅਸਰਕਾਰੀ, ਦਿਹਾੜੀਕਰਨ-ਠੇਕਾਕਰਨ, 12-14 ਘੰਟੇ ਤੱਕ ਦੀ ਕੰਮ ਦਿਹਾੜੀ, ਸਿੰਗਲ ਰੇਟ ਓਵਰਟਾਇਮ, ਹਰ ਤਰ੍ਹਾਂ ਦੀ ਰੁਜ਼ਗਾਰ-ਸੁਰੱਖਿਆ ਅਤੇ ਸਮਾਜਿਕ ਸੁਰੱਖਿਆ ਦੀ ਕਮੀ ਆਦਿ ਕਾਰਨ ਮਜ਼ਦੂਰਾਂ 'ਚ ਜਿਹੜਾ ਅਸੰਤੋਖ ਪੈਦਾ ਹੋਵੇਗਾ, ਬੇਰੁਜ਼ਗਾਰੀ ਅਤੇ ਮਹਿੰਗੀ ਸਿੱਖਿਆ ਕਰਕੇ ਵਿਦਿਆਰਥੀਆਂ-ਨੌਜਵਾਨਾਂ 'ਚ ਜਿਹੜਾ ਰੋਸ ਪੈਦਾ ਹੋਵੇਗਾ, ਅਤੇ ਉਜਾੜੇ ਅਤੇ ਕੰਗਾਲੀਕਰਨ ਨਾਲ਼ ਪੇਂਡੂ ਜੀਵਨ 'ਚ ਜਿਹੜੀ ਭਾਰੀ ਉਥਲ-ਪੁਥਲ ਪੈਦਾ ਹੋਵੇਗੀ, ਉਸ ਨੂੰ ਸੰਭਾਲਣ ਲਈ ਨਿਰੰਕੁਸ਼ ਜ਼ਾਬਰ ਸਰਵਸੱਤਾਵਾਦੀ ਹਕੂਮਤ ਦੀ ਲੋੜ ਹੋਵੇਗੀ। ਅੱਜ ਦਹਿਸ਼ਤਗਰਦੀ ਨਾਲ਼ ਨਿਬੜਨ ਦੇ ਨਾਂ 'ਤੇ ਸਰਕਾਰ ਜਿਹੜਾ ਕੁਝ ਕਰ ਰਹੀ ਹੈ, ਉਹ ਦਰਅਸਲ ਭਵਿੱਖ ਦੇ ਵਿਆਪਕ ਲੋਕ ਉਭਾਰਾਂ ਨਾਲ਼ ਨਿਬੜਨ ਦੀ ਦੂਰਰਸ ਤਿਆਰੀ ਦਾ ਹਿੱਸਾ ਹੈ। ਦਹਿਸ਼ਤਗਰਦੀ ਦੇ ਵਿਰੋਧ ਦੇ ਨਾਂ 'ਤੇ ਸਰਕਾਰ ਦਰਅਸਲ ਆਉਣ ਵਾਲ਼ੇ ਦਿਨਾਂ 'ਚ ਉੱਠ ਖੜੇ ਹੋਣ ਵਾਲ਼ੇ ਲੋਕ ਸੰਘਰਸ਼ਾਂ ਦਾ ਮੁਕਾਬਲਾ ਕਰਨ ਲਈ ਹਰ ਤਰ੍ਹਾਂ ਨਾਲ਼ ਤਿਆਰ ਹੋ ਰਹੀ ਹੈ। ਯਾਨੀ ਸਰਮਾਏਦਾਰਾ ਜਮਹੂਰੀਅਤ ਦਾ ਬਚਿਆ-ਖੁਚਿਆ ਦਾਇਰਾ ਵੀ ਪ੍ਰਬੰਧ ਦੇ ਗੰਭੀਰ ਢਾਂਚਾਗਤ ਸੰਕਟ ਦੇ ਕਰਕੇ ਸੁੰਗੜਦਾ ਜਾ ਰਿਹਾ ਹੈ।

ਇਹ ਅਣਐਲਾਨੀ ਐਂਮਰਜੈਂਸੀ ਦੀ ਆਹਟ ਹੈ। ਇਹ ਨਿਰੰਕੁਸ਼ ਜ਼ਬਰ ਜਥੇਬੰਦ ਕਰਨ ਦੀ ਯੋਜਨਾ ਦਾ ਪਹਿਲਾ ਫੇਜ਼ ਹੈ। ਕਿਰਤੀ ਲੋਕਾਂ ਨੂੰ ਅਤੇ ਨਾਗਰਿਕ ਅਜ਼ਾਦੀ ਅਤੇ ਜਮਹੂਰੀ ਹੱਕਾਂ ਦੀ ਹਿਫ਼ਾਜਤ ਲਈ ਸੰਕਲਪਬੱਧ ਬੁੱਧੀਜੀਵੀਆਂ ਨੂੰ ਇੱਕਜੁੱਟ ਹੋ ਕੇ ਉਸ ਵਿਰੁੱਧ ਅਵਾਜ ਉਠਾਉਣੀ ਹੋਵੇਗੀ। ਹਾਕਮ ਜਮਾਤ ਨੇ ਭਵਿੱਖ ਦੇ ਮੱਦੇਨਜ਼ਰ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਕਿਰਤੀ ਲੋਕਾਂ ਦੀਆਂ ਹਰਾਵਲ ਤਾਕਤਾਂ ਨੂੰ ਵੀ ਆਪਣੀਆਂ ਤਿਆਰੀਆਂ ਤੇਜ਼ ਕਰ ਦੇਣੀਆਂ ਹੋਣਗੀਆਂ।

•••

ਇੱਕ ਸਿਆਸੀ ਹੱਥਕੰਡਾ...

(ਪੰਨਾ 27 ਦਾ ਬਾਕੀ)

ਮਾਰਦਾ ਗਲਿਆ-ਸੜਿਆ ਮਾਸ ਸੁੱਟਿਆ ਹੁੰਦਾ ਹੈ, ਉੱਪਰ ਘੁੰਮਦੀਆਂ ਰਹਿੰਦੀਆਂ ਹਨ।

ਬੁੱਢੀਆਂ, ਬੀਮਾਰ ਜਾਂ ਭੁੱਖਮਰੀ ਦੀਆਂ ਸ਼ਿਕਾਰ ਗਾਂਵਾਂ ਨੂੰ ਮਾਰਨ 'ਤੇ ਪਾਬੰਦੀ ਲਾਉਣਾ ਅਤੇ ਗਊ-ਮਾਸ ਜਿਹੜਾ ਕਿ ਗਰੀਬ ਆਦਮੀ ਦਾ ਪ੍ਰੋਟੀਨ ਹੈ, ਖਾਣ ਦੀ ਮਨਾਹੀ ਕਰਨਾ ਮੂਰਖਤਾਈ ਹੈ। ਭੋਜਨ ਦੀਆਂ ਆਦਤਾਂ ਨੂੰ ਕਨੂੰਨ ਬਣਾ ਕੇ ਬੰਧੇਜ 'ਚ ਰੱਖਣਾ ਵਿਅਕਤੀਗਤ ਅਜ਼ਾਦੀ ਦੀ ਘੋਰ ਉਲੰਘਣਾ ਹੈ ਤੇ ਨਿਸ਼ਚੇ ਹੀ ਜ਼ਾਬਰਾਨਾ ਹੈ। ਸੰਘ ਪਰਿਵਾਰ ਨੂੰ ਇਹ ਯਾਦ ਕਰਵਾਇਆ ਜਾਣਾ ਚਾਹੀਦਾ ਹੈ ਕਿ ਇਸਦੇ ਆਪਣੇ ਜਨਸੰਘ (ਹੁਣ ਭਾਜਪਾ) ਦੇ ਸਿਧਾਂਤਕਾਰ ਕੇ. ਆਰ. ਮਲਕਾਨੀ ਨੇ ਸਪੱਸਟ ਤੌਰ 'ਤੇ ਕੁਦਰਤੀ ਮੌਤ ਮਰੀ ਗਊ ਦੇ ਮਾਸ ਖਾਣ ਨੂੰ ਜ਼ਾਇਜ ਕਰਾਰ ਦਿੱਤਾ ਸੀ।

ਗਊ-ਹੱਤਿਆ ਵਿਰੋਧੀ ਸ਼ੋਰ-ਸ਼ਰਾਬੇ ਦੇ ਮੁੜ ਜ਼ੋਰ ਫੜਨ ਦੇ ਕੀ ਸਿੱਟੇ ਨਿਕਲ ਸਕਦੇ ਹਨ ? ਬਹੁਤੇ ਭਾਜਪਾ ਹਕੂਮਤ ਵਾਲ਼ੇ ਸੂਬਿਆਂ 'ਚ ਇਸ ਮੁੱਦੇ 'ਤੇ ਕਾਫੀ ਸਿਆਸੀ ਲਾਮਬੰਦੀ ਹੋਈ ਹੈ, ਅਤੇ ਸਬੰਧਿਤ ਸਰਕਾਰਾਂ ਸੱਤ੍ਹਾ ਸੰਭਾਲਦੇ ਹੀ ਗਊ-ਹੱਤਿਆ ਰੋਕੂ ਐਕਟ ਪਾਸ ਕਰਨ ਨੂੰ ਮੁੱਖ ਪਹਿਲ ਦੇ ਰਹੀਆਂ ਹਨ।

ਸੰਘ ਪਰਿਵਾਰ ਨੇ ਦੇਸ਼ ਦੀ ਸਿਆਸਤ ਨੂੰ ਫਿਰਕਾਪ੍ਰਸਤ ਰੰਗਤ ਦੇ ਦਿੱਤੀ ਹੈ। ਗਊ-ਹੱਤਿਆ ਵਿਰੋਧੀ ਸ਼ੋਰ-ਸ਼ਰਾਬੇ ਦਾ ਮੁੜ ਜ਼ੋਰ ਫੜਨਾ ਪਹਿਲਾਂ ਤੋਂ ਮੱਚ ਰਹੀ ਅੱਗ 'ਚ ਤੇਲ ਹੀ ਪਾਵੇਗਾ।

•••

ਜਲੰਧਰ ਹਾਦਸਾ...

(ਪੰਨਾ 22 ਦਾ ਬਾਕੀ)

ਸਰਕਾਰਾਂ ਖਿਲਾਫ਼ ਅਵਾਜ਼ ਉੱਚੀ ਕਰਦੇ ਹਨ ਤਾਂ ਸਰਮਾਏਦਾਰਾਂ, ਸਰਕਾਰਾਂ, ਪੁਲ਼ਿਸ, ਪ੍ਰਸ਼ਾਸਨ, ਗੁੰਡਿਆਂ ਅਤੇ ਧੰਦੇਬਾਜ਼ ਮੀਡੀਆ ਆਦਿ ਮਜ਼ਦੂਰ ਵਿਰੋਧੀ ਤਾਕਤਾਂ ਦਾ ਗਠਜੋੜ ਮਜ਼ਦੂਰ ਸੰਘਰਸ਼ ਨੂੰ ਕੁਚਲਣ ਲਈ ਪੂਰਾ ਜ਼ੋਰ ਲਗਾ ਦਿੰਦਾ ਹੈ।

ਇਸ ਲਈ ਸਨਅਤੀ ਹਾਦਸਿਆਂ ਨੂੰ ਕਿਸੇ ਸਬੰਧਤ ਮਾਲਕ, ਕੁਝ ਸਰਕਾਰੀ ਅਧਿਕਾਰੀਆਂ, ਜਾਂ ਕੁਝ ਮੰਤਰੀਆਂ ਜਾਂ ਕਿਸੇ ਇੱਕ ਸਰਕਾਰ ਦੀ ਲਾਪਰਵਾਹੀ ਜਾਂ ਬੁਰੇ ਕਿਰਦਾਰ ਦਾ ਨਤੀਜਾ ਕਹਿ ਕੇ ਗੱਲ ਖ਼ਤਮ ਨਹੀਂ ਕੀਤੀ ਜਾ ਸਕਦੀ। ਇਹ ਦੇਸ਼ ਵਿੱਚ ਕਾਇਮ ਮੁਨਾਫ਼ਾਖ਼ੋਰ ਸਰਮਾਏਦਾਰ ਪ੍ਰਬੰਧ ਦੇ ਘਿਣਾਉਣੇ ਅਪਰਾਧ ਹਨ। ਇਹ ਮੁਨਾਫ਼ਾਖੋਰ ਪ੍ਰਬੰਧ ਹੀ ਹੈ ਜੋ ਇਹਨਾਂ ਭਿਆਨਕ ਤ੍ਰਾਸਦੀਆਂ ਦਾ ਕਾਰਨ ਬਣਦਾ ਹੈ। ਸਰਮਾਏਦਾਰ ਪ੍ਰਬੰਧ ਦੇ ਇਹ ਘਿਣਾਉਣੇ ਅਪਰਾਧ ਇਸ ਪ੍ਰਬੰਧ ਨੂੰ ਕਬਰ 'ਚ ਪਹੁੰਚਾ ਕੇ ਹੀ ਖ਼ਤਮ ਕੀਤੇ ਜਾ ਸਕਦੇ ਹਨ। ਸਰਮਾਏਦਾਰਾ ਲੁੱਟ, ਅਨਿਆਂ, ਜ਼ਬਰ ਖਿਲਾਫ਼ ਮਜ਼ਦੂਰਾਂ ਨੂੰ ਜਾਗਣਾ ਹੀ ਪਏਗਾ, ਉੱਠ ਖਲੋਣਾ ਹੀ ਪਏਗਾ। ਇਸਪਾਤੀ ਜੱਥੇਬੰਦੀਆਂ ਬਣਾਉਣੀਆਂ ਹੋਣਗੀਆਂ। ਆਪਣੇ ਇੱਕ ਇੱਕ ਹੱਕ ਲਈ ਲੜਨਾ ਪਏਗਾ। ਇੱਕ ਦਿਨ ਆਵੇਗਾ ਜਦ ਗੁਲਾਮੀ ਦੀਆਂ ਜੰਜ਼ੀਰਾਂ ਟੁੱਟਣਗੀਆਂ, ਜਦ ਸਰਮਾਏਦਾਰੀ ਪ੍ਰਬੰਧ ਇਸਦੇ ਘਿਣਾਉਣੇ ਅਪਰਾਧਾਂ ਸਮੇਤ ਇਤਿਹਾਸ ਦੀ ਕਬਰ ਵਿੱਚ ਸੁੱਟ ਦਿੱਤਾ ਜਾਵੇਗਾ।

•••

ਸਾਹਿਤ

ਕਹਾਣੀ

ਦੋ ਮੌਤਾਂ

ਅਲੇਕਸਾਂਦਰ ਸੇਰਾਫੇਮੋਵਿਚ

ਇੱਕ ਕੁੜੀ ਮਾਸਕੋ ਸੋਵੀਅਤ ਦੇ ਮੁੱਖ ਦਫ਼ਤਰ 'ਚ ਆਈ। ਉਸਦੀਆਂ ਅੱਖਾਂ ਭੂਰੀਆਂ ਸਨ ਅਤੇ ਉਸਦੇ ਸਿਰ 'ਤੇ ਰੁਮਾਲ ਲਪੇਟਿਆ ਸੀ।

ਅਕਤੂਬਰ ਦਾ ਡਰਾਉਣਾ ਅਸਮਾਨ ਸੀ। ਯੁੰਕਰ (ਫੌਜੀ ਸਕੂਲ ਦੇ ਅਫ਼ਸਰ ਅਤੇ ਵਿਦਿਆਰਥੀ-ਸੰਪਾ.) ਸਿੱਲ੍ਹੀਆਂ ਛੱਤਾਂ ਉੱਤੇ ਚੁੱਪ-ਚਪੀਤੇ ਰੀਂਗ ਰਹੇ ਸਨ ਅਤੇ ਚਿਮਨੀਆਂ ਦੇ ਉਹਲਿਓਂ ਗੋਲੀਆਂ ਵਰ੍ਹਾ ਕੇ ਬੇਫਿਕਰੀ ਵਿੱਚ ਸੋਵੀਅਤ ਚੌਂਕ ਪਾਰ ਕਰਨ ਵਾਲ਼ੇ ਲੋਕਾਂ ਨੂੰ ਮਾਰ-ਸੁੱਟ ਰਹੇ ਸਨ।

ਕੁੜੀ ਨੇ ਕਿਹਾ—

"ਮੈਂ ਇਨਕਲਾਬ ਲਈ ਕੋਈ ਵੱਡਾ ਕੰਮ ਤਾਂ ਕਰ ਨੀ ਸਕਦੀ। ਪਰ ਤੁਹਾਨੂੰ ਯੁੰਕਰਾਂ ਬਾਰੇ ਸੂਚਨਾਵਾਂ ਲਿਆ ਕੇ ਦੇਣਾ ਚਾਹੁੰਨੀ ਆਂ। ਨਰਸ ਦਾ ਕੰਮ ਮੈਂ ਜਾਣਦੀ ਨੀ ਅਤੇ ਨਰਸਾਂ ਤੁਹਾਡੇ ਕੋਲ ਹੈਗੀਆਂ ਵੀ ਕਾਫ਼ੀ ਨੇ। ਮੈਂ ਅੱਜ ਤੱਕ ਕਦੇ ਹੱਥ ਵਿੱਚ ਹਥਿਆਰ ਨੀ ਫੜਿਆ, ਇਸ ਲਈ ਲੜ ਵੀ ਨੀ ਸਕਦੀ। ਪਰ ਜੇ ਤੁਸੀਂ ਮੈਨੂੰ ਪਾਸ ਦੇ ਦਿਉਂ ਤਾਂ ਮੈਂ ਤੁਹਾਨੂੰ ਯੁੰਕਰਾਂ ਬਾਰੇ ਸੂਚਨਾਵਾਂ ਲਿਆ ਲਿਆ ਕੇ ਦੇ ਸਕਨੀ ਆਂ।"

ਮੁਲਾਇਮ ਪੈ ਚੁੱਕੇ ਚਮੜੇ ਦੀ ਜਾਕੇਟ ਪਾਏ ਸਾਥੀ ਨੇ ਬੜੇ ਗੌਰ ਨਾਲ਼ ਉਸ ਵੱਲ਼ ਵੇਖਿਆ। ਉਸਦੀ ਪੇਟੀ ਵਿੱਚ ਪਿਸਤੌਲ ਲਟਕ ਰਿਹਾ ਸੀ ਅਤੇ ਤਪਦਿਕ ਦੇ ਰੋਗ ਅਤੇ ਰਾਤਾਂ ਦੇ ਉਨੀਂਦਰੇ ਵਜੋਂ ਉਹਦੀਆਂ ਗੱਲ੍ਹਾਂ ਅੰਦਰ ਵੜ ਗਈਆਂ ਸਨ।

ਉਹ ਬੋਲਿਆ-

"ਅੱਜ ਕੱਲ੍ਹ ਦੀ ਹਾਲਤ ਸਮਝਨੀ ਏਂ ? ਜੇ ਤੂੰ ਸਾਨੂੰ ਬੇਵਕੂਫ਼ ਬਣਾਇਆ ਤਾਂ ਅਸੀਂ ਤੈਨੂੰ ਗੋਲ਼ੀ ਮਾਰ ਦਿਆਂਗੇ। ਤੇ ਜੇ ਤੂੰ ਦੁਸਮਣਾਂ ਹੱਥ ਲੱਗ ਗਈ ਤਾਂ ਉਹ ਤੈਨੂੰ ਗੋਲੀ ਮਾਰ ਦੇਣਗੇ ਅਤੇ ਜੇ ਤੂੰ ਸਾਡੇ ਨਾਲ਼ ਧੋਖਾ ਕੀਤਾ ਤਾਂ ਅਸੀਂ ਤੈਨੂੰ ਹੁਣੇ ਇੱਥੇ ਈ ਗੋਲ਼ੀ ਨਾਲ਼ ਉੜਾ ਦਿਆਂਗੇ।"

"ਮੈਂ ਜਾਣਦੀ ਆਂ"

"ਤੂੰ ਸਭ ਕੁਝ ਚੰਗੀ ਤਰ੍ਹਾਂ ਸੋਚ-ਵਿਚਾਰ ਲਿਐ ?"

ਉਸਨੇ ਆਪਣਾ ਰੁਮਾਲ ਠੀਕ ਕੀਤਾ।

"ਤੁਸੀਂ ਮੈਨੂੰ ਪਾਸ ਦੇ ਦਿਓ ਅਤੇ ਅਜਿਹੇ ਕਾਗਜਾਤ ਦੇ ਦਿਓ ਜਿਸ ਤੋਂ ਇਹ ਸਿੱਧ ਹੋ ਸਕੇ ਕਿ ਮੈਂ ਫੌਜੀ ਅਫ਼ਸਰ ਦੀ ਕੁੜੀ ਆਂ।"

ਉਹਨਾਂ ਉਸਨੂੰ ਦੂਜੇ ਕਮਰੇ ਵਿੱਚ ਜਾਣ ਲਈ ਕਿਹਾ ਅਤੇ ਇੱਕ ਸੰਤਰੀ ਪਹਿਰੇ 'ਤੇ ਲਾ ਦਿੱਤਾ।

ਚੌਂਕ ਦੇ ਦੋਵੇਂ ਪਾਸੇ ਗੋਲ਼ੀਆਂ ਚੱਲੀਆਂ, ਯੁੰਕਰਾਂ ਦੀ ਇੱਕ ਬਖ਼ਤਰਬੰਦ ਗੱਡੀ ਆਈ, ਗੋਲ਼ੀਆਂ ਚੱਲੀਆਂ ਅਤੇ ਗੱਡੀ ਵਾਪਸ ਚਲੀ ਗਈ।

"ਪਤਾ ਨੀ ਇਹ ਕੀ ਚੀਜ਼ ਏ ? ਅਸੀਂ ਉਸ ਬਾਰੇ ਪੁੱਛਗਿੱਛ ਕੀਤੀ ਐ, ਪਰ ਉਸ ਤੋਂ ਕੀ ਮਿਲਣਾ ਏ ?" ਤਪਦਿਕ ਦੇ ਚਹਿਰੇ ਵਾਲ਼ਾ ਸਾਥੀ ਬੋਲਿਆ। "ਹੋ ਸਕਦੈ ਕਿ ਉਹਦੇ ਕਰਕੇ ਅਸੀਂ ਕਿਸੇ ਖਤਰੇ 'ਚ ਪੈ ਜਾਈਏ, ਉਹ ਸਾਨੂੰ ਧੋਖਾ ਦੇ ਦੇਵੇ। ਚਲੋ, ਪਾਸ ਤਾਂ ਉਹਨੂੰ ਦੇ ਹੀ ਦਈਏ। ਤੇ ਜੇ ਐਸੀ ਵੈਸੀ ਹਰਕਤ ਕਰਦੀ ਫੜੀ ਗਈ, ਤਾਂ ਅਸੀਂ ਉਹਨੂੰ ਠਿਕਾਣੇ ਲਾ ਦਿਆਂਗੇ।"

ਉਸਨੂੰ ਨਕਲੀ ਕਾਗਜ਼ਾਤ ਦਿੱਤੇ ਗਏ ਅਤੇ ਸੜਕ ਦੇ ਕੋਨੇ ਉੱਤੇ ਤੈਨਾਤ ਲਾਲ ਫੌਜ ਦੇ ਸੰਤਰੀਆਂ ਨੂੰ ਆਪਣਾ ਪਾਸ ਦਿਖਾ ਕੇ ਉਹ ਅਰਬਾਤ ਸੜਕ 'ਤੇ ਸਥਿਤ ਅਲੈਕਸਾਂਦਰੋਵ ਫੌਜੀ ਸਕੂਲ ਲਈ ਚੱਲ ਪਈ।

ਜਨੇਮੇਂਕਾ ਸੜਕ 'ਤੇ ਪਹੁੰਚਦੇ ਹੀ ਉਸਨੇ ਆਪਣਾ ਲਾਲ ਪਾਸ ਲਕੋ ਲਿਆ। ਇੱਥੇ ਯੁੰਕਰ ਉਸਨੂੰ ਚਾਰੇ ਪਾਸਿਉਂ ਘੇਰ ਕੇ ਸਕੂਲ ਅੰਦਰ ਡਿਊਟੀ ਅਫ਼ਸਰ ਕੋਲ਼ ਲੈ ਗਏ।

ਕੁੜੀ ਬੋਲੀ-

"ਮੈਂ ਨਰਸ ਦਾ ਕੰਮ ਕਰਨਾ ਚਾਹੁੰਨੀ ਆਂ। ਸਮਸੋਨੋਵ ਦੇ ਪਿੱਛੇ ਹਟਦੇ ਸਮੇਂ ਮੇਰੇ ਪਿਤਾ ਜਰਮਨ ਜੰਗ ਵਿੱਚ ਮਾਰੇ ਗਏ। ਮੇਰੇ ਦੋ ਭਰਾ ਦੋਨ ਖੇਤਰ ਦੀਆਂ ਕਜਾਕ ਫੌਜੀ ਟੁਕੜੀਆਂ ਨਾਲ਼ ਨੇ। ਇੱਥੇ ਮੈਂ ਆਂ ਤੇ ਮੇਰੀ ਛੋਟੀ ਭੈਣ।"

"ਠੀਕ, ਬਹੁਤ ਚੰਗਾ। ਸਾਨੂੰ ਖੁਸ਼ੀ ਹੋਈ। ਅਸੀਂ ਆਪਣੇ ਮਹਾਨ ਦੇਸ਼ ਲਈ ਕਠੋਰ ਸੰਘਰਸ਼ ਕਰ ਰਹੇ ਆਂ। ਤੇ ਤੂੰ ਤਾਂ ਅਫ਼ਸਰ ਦੀ ਕੁੜੀ ਏਂ। ਕਿਰਪਾ ਕਰਕੇ ਇੱਧਰ ਆ।"

ਲੋਕ ਉਸਨੂੰ ਬੈਠਕ ਵਿੱਚ ਲੈ ਗਏ ਅਤੇ ਉਹਦੇ ਲਈ ਚਾਹ ਲਿਆਏ।

"ਸਤੇਪਾਨੋਵ, ਮਜ਼ਦੂਰਾਂ ਵਾਲ਼ੇ ਕੱਪੜੇ ਪਾ ਲੈ ਤੇ ਪ੍ਰੋਕਰੋਵਕਾ ਸੜਕ ਚਲਿਆ ਜਾ। ਪਤਾ ਇਹ ਐ। ਇਹ ਜੋ ਕੁੜੀ ਬੈਠੀ ਏ, ਇਸ ਬਾਰੇ ਸਭ ਕੁਝ ਪਤਾ ਕਰਕੇ ਲੈ ਆ।"

ਸਤੇਪਾਨੋਵ ਨੇ ਕੋਟ ਪਾਇਆ, ਉਸਦੇ ਉੱਪਰਲੇ ਪਾਸੇ ਲਹੂ ਦਾ ਇੱਕ ਦਾਗ ਅਤੇ ਛੇਕ ਸੀ। ਇਹ ਕੋਟ ਕੁਝ ਸਮੇਂ ਪਹਿਲਾਂ ਹੀ ਮਰੇ ਮਜ਼ਦੂਰ ਦੀ ਲਾਸ਼ ਤੋਂ ਉਤਾਰਿਆ ਗਿਆ ਸੀ। ਉਸਨੇ ਉਸਦੀ ਪੈਂਟ, ਟੁੱਟੇ-ਭੱਜੇ ਬੂਟ ਅਤੇ ਟੋਪੀ ਵੀ ਪਾ ਲਈ ਅਤੇ ਸ਼ਾਮ ਦੇ ਹਲਕੇ ਹਨੇਰ੍ਹੇ ਵਿੱਚ ਪ੍ਰੋਕਰੋਵਕਾ ਲਈ ਰਵਾਨਾ ਹੋ ਗਿਆ।

ਉੱਥੇ ਉਸਨੂੰ ਕਮਜ਼ੋਰ ਤੇ ਪਤਲਾ ਜਿਹਾ ਆਦਮੀ ਮਿਲਿਆ। ਉਹਦੇ ਸਿਰ ਦੇ ਵਾਲ਼ ਲਾਲ ਸਨ ਅਤੇ ਅਜੀਬ ਜਿਹੇ ਢੰਗ ਨਾਲ਼ ਅੱਖਾਂ ਘੁਮਾਉਂਦਾ ਸੀ। ਉਹਨੇ ਉਸ ਕੁੜੀ ਬਾਰੇ ਦੱਸਿਆ।

"ਹਾਂ, ਹਾਂ, ਨੰਬਰ ਦੋ ਵਿੱਚ ਕੋਈ ਔਰਤ ਰਹਿੰਦੀ ਜਰੂਰ ਏ। ਉਹਦੇ ਨਾਲ਼ ਇੱਕ ਛੋਟੀ ਭੈਣ ਵੀ ਏ। ਸਾਲ਼ੀ ਪੈਸੇ ਵਾਲ਼ੀ ਹੈ।"

"ਇਸ ਸਮੇਂ ਉਹ ਕਿੱਥੇ ਐ ?"

"ਅੱਜ ਸਵੇਰ ਤੋਂ ਤਾਂ ਘਰ ਆਈ ਨੀ। ਹੋ ਸਕਦਾ ਏ ਕਿ ਗ੍ਰਿਫ਼ਤਾਰ ਕਰ ਲਈ ਗਈ ਹੋਵੇ। ਕਪਤਾਨ ਦੀ ਕੁੜੀ ਏ, ਪੂਰੀ ਹਰਾਮਜਾਦੀ ਏ। ਪਰ ਤੈਨੂੰ ਕੀ ਲੋੜ ਪੈ ਗਈ ਉਹਦੀ ?"

"ਇਹਦੀ ਨੌਕਰਾਣੀ ਸਾਡੇ ਪਿੰਡ ਦੀ ਏ। ਉਸੇ ਨੂੰ ਮਿਲਣਾ ਚਾਹੁੰਦਾ ਸੀ, ਹੋਰ ਕੁਝ ਨੀ। ਅੱਛਾ, ਚੱਲਿਆਂ।"

ਰਾਤ ਨੂੰ ਜਦੋਂ ਯੁੰਕਰ ਆਪਣੀਆਂ-ਆਪਣੀਆਂ ਡਿਊਟੀਆਂ ਤੋਂ ਪਰਤੇ, ਤਾਂ ਉਹਨਾਂ ਨੇ ਕੁੜੀ ਦੀ ਬੜੀ ਸੇਵਾ ਕੀਤੀ। ਉਹਦੇ ਲਈ ਕੇਕ, ਮਿਠਾਈਆਂ ਮੰਗਵਾਈਆਂ। ਇੱਕ ਨੇ ਜ਼ੋਰ-ਜ਼ੋਰ ਨਾਲ ਪਿਆਨੋ ਵਜਾਉਣਾ ਸ਼ੁਰੂ ਕਰ ਦਿੱਤਾ, ਤਾਂ ਦੂਜਾ ਬਕਾਇਦਾ ਜਮੀਨ 'ਤੇ ਗੋਡੇ ਟੇਕ ਕੇ ਹੱਸਦੇ ਹੋਏ

ਗੁਲਦਸਤਾ ਭੇਂਟ ਕਰਨ ਲੱਗਿਆ।

"ਅਸੀਂ ਜਲਦ ਹੀ ਇਹਨਾਂ ਬਦਮਾਸ਼ਾਂ ਨੂੰ ਠਿਕਾਣੇ ਲਾ ਦਿਆਂਗੇ।ਵੈਸੇ ਬਹੁਤ ਚੰਗਾ ਸਬਕ ਸਿਖਾ ਚੁੱਕੇ ਆਂ ਅਸੀਂ ਇਹਨਾਂ ਨੂੰ। ਕੱਲ੍ਹ ਰਾਤ ਤੋਂ ਸਮੋਲੇਸੰਕੀ ਬਜ਼ਾਰ ਵਾਲ਼ੇ ਪਾਸਿਉਂ ਹਮਲਾ ਕਰਾਂਗੇ।ਫੇਰ ਵੇਖੀਂ ਕਿਵੇਂ ਇਹਨਾਂ ਦੇ ਹੋਸ਼ ਉੱਡਣਗੇ।"

ਦੂਜੇ ਦਿਨ ਉਹ ਉਸ ਕੁੜੀ ਨੂੰ ਮਲ੍ਹਮ-ਪੱਟੀ ਦੇ ਕੰਮ ਲਈ ਹਸਪਤਾਲ ਲੈ ਗਏ।ਚੂਨੇ ਨਾਲ ਪੋਤੀ ਗਈ ਕੰਧ ਕੋਲ਼ੋਂ ਲੰਘਦੇ ਹੋਏ ਕਿਸੇ ਚੀਜ ਵੱਲ਼ ਉਹਦਾ ਧਿਆਨ ਗਿਆ-ਕੰਧ ਨਾਲ਼ ਲੱਗੀ ਇੱਕ ਮਜ਼ਦੂਰ ਦੀ ਲਾਸ਼ ਪਈ ਸੀ, ਫਟੇ ਤਲੇ ਵਾਲ਼ੇ ਬੂਟ ਚਿੱਕੜ 'ਚ ਲਿਬੜੇ ਹੋਏ ਸਨ ਅਤੇ ਖੱਬੇ ਪਾਸੇ ਅੱਖ ਦੇ ਉੱਪਰ ਕਾਲ਼ਾ ਛੇਕ ਸੀ।

"ਜਾਸੂਸ ਏ" ਬਿਨਾਂ ਉਸ ਵੱਲ ਵੇਖੇ, ਉਸ ਪਾਸਿਉਂ ਲੰਘਦੇ ਹੋਏ ਯੁੰਕਰ ਨੇ ਕਿਹਾ, "ਅਸੀਂ ਫੜਿਆ ਸੀ ਉਹਨੂੰ।"

ਪੂਰੇ ਦਿਨ ਕੁੜੀ ਨੇ ਏਨੀ ਦਿਆਲਤਾ ਅਤੇ ਕੁਸ਼ਲਤਾ ਨਾਲ਼ ਲੋਕਾਂ ਦੀ ਮਲ੍ਹਮ-ਪੱਟੀ ਕੀਤੀ ਕਿ ਉਸਦੀਆਂ ਕਾਲ਼ੀਆਂ, ਲੰਮੀਆਂ ਝਿਮਣੀਆਂ ਵਾਲ਼ੀਆਂ ਭੂਰੀਆਂ ਅੱਖਾਂ ਨੂੰ ਜ਼ਖ਼ਮੀ ਲੋਕ ਅਹਿਸਾਨਮੰਦ ਹੋ ਕੇ ਵੇਖਦੇ ਸਨ।

"ਸ਼ੁਕਰੀਆ, ਸਿਸਟਰ।"

ਦੂਜੇ ਦਿਨ ਰਾਤ ਨੂੰ ਉਹਨੇ ਘਰ ਜਾਣ ਦੀ ਆਗਿਆ ਮੰਗੀ।ਜਵਾਬ ਮਿਲ਼ਿਆ-ਖਾਲੀ ਨਹੀਂ ਏ? ਕੋਨੇ-ਕੋਨੇ 'ਤੇ ਦੁਸ਼ਮਣਾਂ ਦੀ ਨਿਗਾਹ ਏ।ਤੂੰ ਸਾਡੇ ਇਲਾਕੇ ਚੋਂ ਬਾਹਰ ਗਈ ਨੀ ਉਹ ਬਦਮਾਸ਼, ਤੈਨੂੰ ਫੜ ਕੇ ਬਿਨਾਂ ਕੁਛ ਕਹੇ ਸੁਣੇ ਗੋਲ਼ੀ ਮਾਰ ਦੇਣਗੇ।"

"ਮੈਂ ਉਹਨਾਂ ਨੂੰ ਕਾਗਜਾਤ ਦਿਖਾਵਾਂਗੀ। ਮੈਂ ਤਾਂ ਅਮਨਪਸੰਦ ਨਾਗਰਿਕ ਆਂ।ਮੈਂ ਐਵੇਂ ਬਾਹਰ ਨੀ ਰਹਿ ਸਕਦੀ।ਘਰ 'ਚ ਮੇਰੀ ਛੋਟੀ ਭੈਣ ਏ। ਰੱਬ ਜਾਣੇ ਉਹਦਾ ਕੀ ਹਾਲ ਹੋਣਾ, ਉਹ ਕਿਵੇਂ ਐ, ਮੈਨੂੰ ਤਾਂ ਬੜੀ ਫਿਕਰ ਹੋ ਰਹੀ ਏ।"

"ਅੱਛਾ, ਘਰ 'ਚ ਛੋਟੀ ਭੈਣ ਏ।ਤਾਂ ਠੀਕ ਐ, ਦੋ ਯੁੰਕਰ ਮੈਂ ਤੇਰੇ ਨਾਲ਼ ਭੇਜ ਦੇਨਾ।ਉਹ ਤੈਨੂੰ ਪਹੁੰਚਾ ਆਉਣਗੇ।"

"ਨਾ, ਨਾ..." ਹੱਥ ਅੱਗੇ ਕਰਦੇ ਹੋਏ ਡਰੀ ਅਵਾਜ 'ਚ ਕੁੜੀ ਬੋਲੀ, "ਮੈਂ ਇਕੱਲੀ ਚਲੀ ਜਾਵਾਂਗੀ...ਬਿਲਕੁਲ ਇਕੱਲੀ...ਮੈਨੂੰ ਡਰ ਨੀ ਲੱਗਦਾ।"

ਉਹਨੇ ਉਸ ਵੱਲ ਧਿਆਨ ਨਾਲ਼ ਵੇਖਿਆ।

"ਹਾਂ...ਠੀਕ ਐ, ਤਾਂ ਜਾ।"

"ਗੁਲਾਬੀ ਕਮੀਜ਼, ਅੱਖਾਂ ਉੱਪਰ ਕਾਲ਼ਾ ਛੇਕ...ਸਿਰ ਪਿੱਛੇ ਲਟਕਿਆ ਹੋਇਆ..." ਕੁੜੀ ਦਾ ਦਿਮਾਗ ਸੁੰਨ ਹੋ ਗਿਆ।

ਉਹ ਫਾਟਕ ਤੋਂ ਬਾਹਰ ਨਿੱਕਲ਼ੀ, ਅਤੇ ਤੁਰੰਤ ਹੀ ਹਨ੍ਹੇਰੇ ਦੇ ਸਮੁੰਦਰ ਵਿੱਚ ਗਵਾਚ ਗਈ।ਨਾ ਕਿਸੇ ਚੀਜ਼ ਦਾ ਨਾਂ-ਨਿਸ਼ਾਨ, ਨਾ ਕਿਸੇ ਤਰ੍ਹਾਂ ਦੀ ਕੋਈ ਅਵਾਜ।

ਸਕੂਲ ਵੱਲ਼ ਮੋੜ ਕੱਟਦੇ ਹੋਏ ਉਸਨੇ ਅਰਬਾਤ ਚੌਂਕ ਪਾਰ ਕੀਤਾ ਅਤੇ ਫਿਰ ਅਰਬਾਤ ਗੇਟ 'ਤੇ ਆ ਗਈ।ਹਨ੍ਹੇਰੇ 'ਚ ਇੱਕ ਨਿੱਕਾ ਜਿਹਾ ਘੇਰਾ ਹਰ ਪਲ ਉਹਦੇ ਨਾਲ਼ ਚੱਲ ਰਿਹਾ ਸੀ ਤੇ ਇਸ ਵਿੱਚ ਉਹ ਆਪਣਾ ਪਰਛਾਵਾਂ ਪਛਾਣ ਰਹੀ ਸੀ।ਹੋਰ ਕਿਧਰੇ ਕੁਝ ਨਹੀਂ।ਏਨੀ ਵੱਡੀ ਦੁਨੀਆਂ 'ਚ ਉਹ ਪੂਰੀ ਤਰ੍ਹਾਂ ਇਕੱਲੀ ਸੀ।

ਉਹ ਭੈਅਭੀਤ ਨਹੀਂ ਸੀ, ਪਰ ਅੰਦਰ ਤੋਂ ਬਾਹਰ ਤੱਕ ਉਹਦੇ 'ਚ ਤਣਾਅ ਸੀ।

ਯਾਦ ਆ ਰਿਹਾ ਸੀ, ਬਚਪਨ 'ਚ ਪਿਤਾ ਦੇ ਬਾਹਰ ਚਲੇ ਜਾਣ 'ਤੇ ਉਹ ਕਦੇ-ਕਦੇ ਉਹਨਾਂ ਦੇ ਕਮਰੇ 'ਚ ਚਲੀ ਜਾਂਦੀ, ਪਲੰਗ ਉੱਪਰ ਕੰਧ 'ਤੇ ਲੱਗੇ ਕਾਲੀਨ 'ਤੇ ਲਟਕ ਰਹੀ ਗਿਟਾਰ ਨੂੰ ਉਤਾਰਦੀ, ਚੌਂਕੜੀ ਮਾਰ ਕੇ ਬਹਿ ਜਾਂਦੀ, ਤਾਰ ਨੂੰ ਛੇੜਦੀ, ਖੂੰਡੀ ਕਸਦੀ, ਤਾਰ ਖੂਬ ਕਸਦੀ ਜਾਂਦੀ ਅਤੇ ਉਸਤੋਂ ਨਿੱਕਲਦਾ ਸੁਰ ਉੱਚਾ ਅਤੇ ਦਰਦ ਭਰਿਆ ਹੋ ਜਾਂਦਾ ਜੋ ਸੁਣਿਆ ਨਾ ਜਾ ਸਕੇ।ਝਣ-ਝਣ-ਝਣ...ਤਾਰ ਦੀ ਝਣਝਣਾਹਟ ਸੀਨੇ ਨੂੰ ਚੀਰਨ ਲੱਗਦੀ...ਹੁਣ ਹੋਰ ਨਹੀਂ ਕਸਿਆ ਜਾ ਸਕਦਾ ਸੀ...ਤਾਰ ਟੁੱਟ ਜਾਂਦੀ...ਉਹ ਸਿਰ ਤੋਂ ਪੈਰ ਤੱਕ ਕੰਬ ਜਾਂਦੀ, ਤੇ ਉਹਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਡੁੱਲ੍ਹ ਪੈਂਦੀਆਂ...ਇਸਤੋਂ ਅਜਿਹਾ ਸੁੱਖ ਮਿਲਦਾ...ਜਿਸਦੀ ਤੁਲਨਾ ਨਹੀਂ ਸੀ।ਉਹ ਹਨ੍ਹੇਰੇ ਵਿੱਚ ਤੁਰੀ ਜਾ ਰਹੀ ਸੀ, ਮਨ 'ਚ ਕੋਈ ਡਰ ਨਹੀਂ ਸੀ, ਬਸ ਕੰਨਾਂ 'ਚ ਉੱਚਾ ਹੋਰ ਉੱਚਾ ਗੂੰਜ ਰਿਹਾ ਸੀ-ਝਣ-ਝਣ-ਝਣ...ਉਸਨੂੰ ਆਪਣਾ ਕਾਲ਼ਾ ਪਰਛਾਵਾਂ ਧੁੰਦਲਾ ਵਿਖਾਈ ਦੇ ਰਿਹਾ ਸੀ।

ਅਚਾਨਕ ਹੀ ਉਸਨੇ ਹੱਥ ਫੈਲਾਇਆ, ਤਾਂ ਉਹ ਕਿਸੇ ਮਕਾਨ ਦੀ ਕੰਧ ਨਾਲ਼ ਜਾ ਲੱਗਿਆ।ਉਸਦੇ ਸਰੀਰ 'ਚ ਡਰ ਦੀ ਇੱਕ ਲਹਿਰ ਜਿਹੀ ਦੌੜ ਪਈ ਅਤੇ ਉਹ ਅਜਿਹੀ ਕਮਜ਼ੋਰੀ ਮਹਿਸੂਸ ਕਰਨ ਲੱਗੀ ਕਿ ਉਸਦੇ ਮੱਥੇ ਤੋਂ ਪਸੀਨੇ ਦੀਆਂ ਬੂੰਦਾਂ ਡੁੱਲ ਪਈਆਂ, ਬਿਲਕੁਲ ਬਚਪਨ ਦੇ ਦਿਨਾਂ ਵਾਂਗ। ਇਹ ਕੀ! ਮਕਾਨ ਦੀ ਕੰਧ, ਇੱਥੇ ਤਾਂ ਪਾਰਕ ਦੀ ਰੇਲਿੰਗ ਹੋਣੀ ਚਾਹੀਦੀ ਸੀ।ਮਤਲਬ ਕਿ ਮੈਂ ਰਾਹ ਭਟਕ ਗਈ ਆਂ।ਖੈਰ, ਇਸ ਨਾਲ਼ ਕੀ ਫ਼ਰਕ ਪੈਂਦਾ।ਹੁਣੇ ਈ ਰਾਹ ਮਿਲ ਜਾਣੈ।ਅੰਦਰਲੀ ਠੰਡ ਵਜੋਂ ਉਸਦੇ ਦੰਦ ਅਵਾਜ ਕਰ ਰਹੇ ਰਹੇ ਸਨ।ਕਿਸੇ ਨੇ ਝੁਕ ਕੇ ਕੰਨਾਂ 'ਚ ਮਜ਼ਾਕ ਉਡਾਉਂਦੇ ਹੋਏ ਕਿਹਾ-

"ਇਹ ਤਾਂ ਅੰਤ ਦਾ ਆਦਿ ਏ...ਸਮਝੀ ਨੀ ਤੂੰ?...ਤੂੰ ਸੋਚਦੀ ਏ ਕਿ ਤੂੰ ਸਿਰਫ਼ ਰਾਹ ਭਟਕ ਗਈ ਏਂ, ਪਰ, ਨਹੀਂ ਇਹ ਤਾਂ ਸ਼ੁਰੂਆਤ ਏ...?

ਉਸਨੇ ਯਾਦ ਕਰਨ ਦੀ ਕੋਸ਼ਿਸ਼ ਕੀਤੀ—ਸੱਜੇ ਪਾਸੇ ਜਨਾਮੇਨਕਾ ਸੜਕ, ਖੱਬੇ ਪਾਸੇ ਪਾਰਕ...ਹੋਵੇ ਨਾ ਹੋਵੇ...ਉਹ ਇੱਥੇ ਈ ਕਿਤੇ ਐ ਇਹਨਾਂ ਦੋ ਥਾਵਾਂ ਵਿਚਾਲੇ।ਉਹਨੇ ਹੱਥ ਫੈਲਾਇਆ ਤਾਂ ਇੱਕ ਖੰਭਾ ਸੀ।ਤਾਰ ਦਾ ਖੰਭਾ ਏ ਨਾ? ਉਸਦਾ ਦਿਲ ਜ਼ੋਰ-ਜ਼ੋਰ ਨਾਲ਼ ਧੜਕਣ ਲੱਗਾ।ਉਹ ਝੁਕ ਗਈ ਤੇ ਲੱਭਣ ਲੱਗੀ...ਪਾਰਕ ਦੀ ਰੇਲਿੰਗ।ਤੁਰੰਤ ਉਸਦੇ ਮਨ ਦਾ ਬੋਝ ਲਹਿ ਗਿਆ।ਉਹ ਚੁੱਪਚਾਪ ਖੜ੍ਹੀ ਹੋਈ ਤੇ...ਕੰਬਣ ਲੱਗ ਪਈ।ਉਹਨੂੰ ਆਸੇ ਪਾਸੇ ਹਰ ਚੀਜ਼ ਘੁੰਮਦੀ ਜਿਹੀ ਲੱਗ ਰਹੀ ਸੀ, ਧੁੰਦਲੀ ਜਿਹੀ, ਕਦੇ ਛਿਪਦੀ, ਕਦੇ ਦਿਖਦੀ, ਇਮਾਰਤਾਂ, ਕੰਧਾਂ, ਰੁੱਖ।ਟ੍ਰਾਮਾਂ ਦੇ ਖੰਭੇ, ਟ੍ਰਾਮ ਦੀਆਂ ਪਟੜੀਆਂ, ਹਰ ਚੀਜ਼ ਲਹੂ ਜਿਹੇ ਲਾਲ ਰੰਗ ਦੀ ਅਤੇ ਲਹੂ ਹਨ੍ਹੇਰੇ ਵਿੱਚ ਤੁਰਦੀ ਲੱਗ ਰਹੀ ਸੀ।ਥੱਲੇ ਨੂੰ ਲਟਕੇ ਜਿਹੇ ਲੱਗਦੇ ਬੱਦਲਾਂ ਵਿੱਚ ਵੀ ਲਾਲ ਰੰਗ ਚਮਕ ਰਿਹਾ ਸੀ।

ਉਹ ਉਸ ਪਾਸੇ ਚੱਲ ਪਈ, ਜਿਸ ਪਾਸਿਓਂ ਇਹ ਖਾਮੋਸ਼, ਕੰਬਦੀ ਹੋਈ ਕਿਰਨ ਆ ਰਹੀ ਸੀ।ਉਹ ਨਿਕਤਸਕੀਏ ਗੇਟ ਵੱਲ ਜਾ ਰਹੀ ਸੀ।ਅਜੀਬ ਗੱਲ ਇਹ ਸੀ ਕਿ ਹੁਣ ਤੱਕ ਨਾ ਤਾਂ ਕਿਸੇ ਨੇ ਉਹਨੂੰ ਅਵਾਜ ਦਿੱਤੀ ਅਤੇ ਨਾ ਹੀ ਕਿਸੇ ਨੇ ਟੋਕਿਆ।ਪਰ, ਇਸ ਗੱਲ ਦਾ ਗਿਆਨ ਉਸਨੂੰ ਹਮੇਸ਼ਾਂ ਰਿਹਾ ਕਿ ਵੱਡੇ-ਵੱਡੇ ਗੇਟਾਂ ਕੋਲ਼ ਅਤੇ ਮਕਾਨਾਂ ਦੇ ਦਰਵਾਜਿਆਂ ਕੋਲ਼, ਹਰ ਜਗ੍ਹਾ ਹਨ੍ਹੇਰੇ ਕੋਨਿਆਂ 'ਚ ਸੰਤਰੀ ਲੁਕੇ ਖੜੇ ਨੇ ਅਤੇ ਉਹਨਾਂ ਦੀਆਂ

ਅੱਖਾਂ ਲਗਾਤਾਰ ਉਸ 'ਤੇ ਲੱਗੀਆਂ ਸਨ। ਉਹ ਉਹਨਾਂ ਅੱਗਿਉਂ ਲੰਘ ਰਹੀ ਸੀ, ਲਾਲ ਰੋਸ਼ਨੀ ਉਹਦੇ ਉੱਪਰ ਪੈ ਰਹੀ ਸੀ, ਉਹ ਤੁਰਦੀ ਗਈ ਉਸ ਲਾਲ ਰੋਸ਼ਨੀ ਨੂੰ ਚੀਰਦੀ।

ਉਹ ਸ਼ਾਂਤ ਮਨ ਨਾਲ਼ ਕਦਮ ਅੱਗੇ ਵਧਾਉਂਦੀ ਇੱਕ ਹੱਥ 'ਚ ਸਫ਼ੇਦ ਗਾਰਡਾਂ ਦਾ ਦਿੱਤਾ ਪਾਸ ਫੜੀ ਅਤੇ ਦੂਜੇ 'ਚ ਲਾਲ ਗਾਰਡਾਂ ਦਾ ਦਿੱਤਾ, ਜਦੋਂ ਜਿਸ ਪਾਸ ਦੀ ਲੋੜ ਹੋਵੇਗੀ, ਉਦੋਂ ਉਹੀ ਵਖਾਉਣ ਲਈ। ਸੜਕਾਂ ਸੁੰਨੀਆਂ ਸਨ। ਸਿਰਫ਼ ਲਾਟਾਂ, ਦਰਦ ਭਰੀਆਂ, ਚੁੱਪ। ਨਿਕੀਤਸਕੀਏ ਗੇਟ ਦੇ ਆਸਪਾਸ ਹੋਰ ਵੀ ਭਿਆਨਕ ਅੱਗ ਲੱਗੀ ਸੀ। ਲਾਟਾਂ ਦੀਆਂ ਜੀਭਾਂ ਥੱਲੇ ਛਾਏ ਹੋਏ ਲਾਲ ਬੱਦਲਾਂ ਨੂੰ ਵਿੰਨ੍ਹ ਰਹੀਆਂ ਸਨ ਅਤੇ ਇੱਕ ਵੱਡੀ, ਉੱਚੀ ਇਮਾਰਤ ਉੱਪਰ ਤੋਂ ਥੱਲੇ ਤੱਕ ਅੱਗ 'ਚ ਝੁੱਲਸ ਰਹੀ ਸੀ, ਉਸ ਅੱਗ ਦੀ ਰੋਸ਼ਨੀ 'ਚ ਅੱਖਾਂ ਚੁੰਧਿਆ ਜਾਂਦੀਆਂ ਸਨ। ਇਸ ਭਿਆਨਕ ਅਗਨੀ-ਕਾਂਡ ਵਿੱਚ ਹਰ ਚੀਜ਼ ਬੁਰੀ ਤਰ੍ਹਾਂ ਥਰ-ਥਰਾ ਰਹੀ ਸੀ ਅਤੇ ਉੱਪਰ ਹਵਾ ਵਿੱਚ ਉੱਛਲ ਪੈਂਦੀ ਸੀ। ਸਿਰਫ਼ ਜੰਜੀਰਾਂ, ਬਨੇਰੇ ਅਤੇ ਕੰਧਾਂ ਅਸਥਿਰ ਪਿੰਜਰ ਵਾਂਗ ਖੜੀਆਂ ਸਨ। ਜਿੱਥੇ ਪਹਿਲਾਂ ਖਿੜਕੀਆਂ ਸਨ-ਉੱਥੇ ਸਿਰਫ਼ ਵੱਡੇ ਵੱਡੇ ਮਘੋਰੇ ਰਹਿ ਗਏ ਸਨ। ਉਹਨਾਂ 'ਚ ਝੁਲਸਦੀਆਂ ਲਾਟਾਂ ਨਿੱਕਲ਼ ਰਹੀਆਂ ਸਨ।

ਜਿਵੇਂ ਇੱਕ ਲੰਬੀ ਪੂੰਛ ਵਾਲ਼ੇ ਲਾਲ ਪੰਛੀ ਦੀਆਂ ਚਿੰਗਾੜੀਆਂ ਅਸਮਾਨ ਤੱਕ ਉੱਠ ਰਹੀਆਂ ਸਨ ਅਤੇ ਉਸ ਇਮਾਰਤ ਦੇ ਆਸਪਾਸ ਹਰ ਚੀਜ਼ ਚਿੰਗਾੜੀਆਂ ਅਤੇ ਲਾਟਾਂ ਦੇ ਫੁੱਟਣ ਦੀ ਆਵਾਜ ਵਿੱਚ ਡੁੱਬੀ ਜਾ ਰਹੀ ਸੀ।

ਕੁੜੀ ਨੇ ਮੁੜਕੇ ਵੇਖਿਆ। ਸਾਰਾ ਸ਼ਹਿਰ ਹਨ੍ਹੇਰੇ ਵਿੱਚ ਗਵਾਚਿਆ ਹੋਇਆ ਸੀ। ਅਣਗਿਣਤ ਇਮਾਰਤਾਂ, ਘੰਟਾਘਰ, ਚੌਂਕ, ਪਾਰਕ, ਥਿਏਟਰ ਅਤੇ ਚਕਲੇ ਕੁਝ ਵੀ ਨਜਰ ਨਹੀਂ ਸੀ ਆਉਂਦਾ, ਹਨ੍ਹੇਰਾ ਸੀ ਬਸ, ਡੂੰਘਾ, ਘਣਾ।

ਹਰ ਪਾਸੇ ਚੁੱਪ ਸੀ ਰਹੱਸਮਈ ਜਿਹੀ। ਲੱਗਿਆ ਕੁਝ ਹੋਣ ਵਾਲ਼ਾ ਹੈ, ਪਰ ਦੱਸਿਆ ਨਹੀਂ ਜਾ ਸਕਦਾ। ਇਸ ਡੂੰਘੀ ਚੁੱਪ ਵਿੱਚ ਜਿਵੇਂ ਇੰਤਜਾਰ ਸੀ, ਭੈਅ ਸੀ। ਕੁੜੀ ਸਹਿਮ ਗਈ।

ਬੇਹੱਦ ਗਰਮੀ ਸੀ। ਉਸਨੇ ਮੋੜ ਕੱਟਿਆ ਅਤੇ ਸੜਕ ਪਾਰ ਕੀਤੀ, ਪਰ ਨੁੱਕੜ 'ਤੇ ਪਹੁੰਚਦੇ ਹੀ ਭਾਰਾ ਜਿਹਾ ਆਦਮੀ ਹਨ੍ਹੇਰੇ ਚੋਂ ਨਿਕਲਿਆ। ਉਸਦੀ ਸੰਗੀਨ 'ਤੇ ਚਾਨਣਾ ਪੈ ਰਿਹਾ ਸੀ।

"ਕਿੱਥੇ ਜਾ ਰਹੀ ਏਂ ? ਕੌਣ ਏਂ ?"

ਉਹ ਘਬਰਾਈ ਅਤੇ ਉਸਨੇ ਅੱਖਾਂ ਉੱਪਰ ਚੁੱਕੀਆਂ। ਪਰ, ਕਿਸ ਹੱਥ 'ਚ ਕਿਹੜਾ ਪਾਸ ਹੈ, ਇਹਦਾ ਉਹਨੂੰ ਧਿਆਨ ਹੀ ਨਾ ਰਿਹਾ। ਨਤੀਜਾ ਇਹ ਕਿ ਪਲ ਭਰ ਕੁ ਤਾਂ ਉਹ ਝਿਜਕਦੀ ਰਹੀ। ਰਾਇਫਲ ਦੀ ਨਲੀ ਉਸਦੀ ਛਾਤੀ 'ਤੇ ਜਾ ਲੱਗੀ।

"ਗੱਲ ਕੀ ਏ ?"

ਕੁੜੀ ਨੇ ਸੱਜਾ ਹੱਥ ਅੱਗੇ ਕਰਨਾ ਚਾਹਿਆ ਸੀ, ਪਰ ਖੱਬਾ ਹੱਥ ਅੱਗੇ ਵੱਧ ਗਿਆ ਅਤੇ ਖੁੱਲ ਗਿਆ।

ਉਹਦੇ ਹੱਥ 'ਚ ਯੁੰਕਰਾਂ ਦਾ ਦਿੱਤਾ ਗਿਆ ਪਾਸ ਸੀ।

ਸੰਤਰੀ ਨੇ ਰਾਇਫਲ ਥੱਲੇ ਕਰ ਲਈ ਅਤੇ ਆਪਣੀਆਂ ਮੋਟੀਆਂ, ਬੇਕਾਬੂ ਉਂਗਲਾਂ ਨਾਲ਼ ਪਾਸ ਨੂੰ ਸਿੱਧਾ ਕੀਤਾ। ਇੱਕ ਪਲ ਤਾਂ ਕੁੜੀ ਕੰਬ ਉੱਠੀ, ਅਜਿਹਾ ਉਸਨੂੰ ਕਦੇ ਵੀ ਮਹਿਸੂਸ ਨਹੀਂ ਸੀ ਹੋਇਆ। ਉਸਦੇ ਪਿੱਛੇ ਅੱਗ ਦੀਆਂ ਫੁੱਟ-ਫੁੱਟ ਕੇ ਖਿੰਡਦੀਆਂ ਚਿੰਗਾੜੀਆਂ ਦੀ ਰੋਸ਼ਨੀ ਚਮਕ ਰਹੀ ਸੀ। ਯੁੰਕਰਾਂ ਦਾ ਦਿੱਤਾ ਪਾਸ ਸੰਤਰੀ ਦੀ ਕਠੋਰ ਤਲੀ 'ਤੇ ਉਲਟਾ ਰੱਖਿਆ ਸੀ...

"ਆਹਾ, ਇਹ ਤਾਂ ਅਨਪੜ੍ਹ ਏ।"

"ਇਹ ਲੈ।"

ਕੁੜੀ ਨੇ ਉਸ ਮਨਹੂਸ ਪਾਸ ਨੂੰ ਮਰੋੜ ਲਿਆ।

"ਕਿੱਥੇ ਜਾਣਾ ਚਾਹੁੰਨੀ ਏਂ ?" ਸੰਤਰੀ ਨੇ ਪੁੱਛਿਆ।

"ਮੁੱਖ ਦਫ਼ਤਰ 'ਚ...ਸੋਵੀਅਤ ਦੇ ਮੁੱਖ ਦਫ਼ਤਰ 'ਚ।"

"ਗਲੀਆਂ ਚੋਂ ਹੁੰਦੀ ਹੋਈ ਚਲੀ ਜਾ, ਨਹੀਂ ਤਾਂ ਦੁਸ਼ਮਣਾਂ ਹੱਥ ਪੈ ਜਾਏਂਗੀ।"

ਮੁੱਖ ਦਫ਼ਤਰ 'ਚ ਉਹਦੀ ਬਹੁਤ ਆਓਭਗਤ ਕੀਤੀ ਗਈ, ਜੋ ਸੂਚਨਾ ਉਹ ਲਿਆਈ ਸੀ, ਉਹ ਬਹੁਤ ਮਹੱਤਵਪੂਰਨ ਸੀ। ਸਾਰਿਆਂ ਨੇ ਮਿੱਤਰਤਾ ਭਾਵ ਨਾਲ਼ ਗੱਲਾਂ ਕੀਤੀਆਂ ਅਤੇ ਤਰ੍ਹਾਂ-ਤਰ੍ਹਾਂ ਦੇ ਸਵਾਲ ਕੀਤੇ। ਚਮੜੇ ਦੀ ਜਾਕੇਟ ਪਾਈ, ਤਪਦਿਕ ਦੇ ਬਿਮਾਰ ਚਹਿਰੇ ਵਾਲ਼ਾ ਆਦਮੀ ਉਸ ਵੱਲ਼ ਵੇਖ ਕੇ ਪਿਆਰ ਨਾਲ਼ ਮੁਸਕਰਾਇਆ—

"ਸ਼ਾਬਾਸ਼, ਸ਼ਾਬਾਸ਼! ਪਰ, ਜ਼ਰਾ ਸੰਭਲ ਕੇ ਰਹੀਂ।"

ਸ਼ਾਮ ਨੂੰ ਗੋਲੀਆਂ ਦੀ ਵਰਖਾ ਰੁਕੀ ਕਿ ਕੁੜੀ ਅਰਬਾਤ ਸੜਕ ਵੱਲ ਰਵਾਨਾ ਹੋ ਗਈ। ਹਸਪਤਾਲ 'ਚ ਨਾਲ਼ ਦੇ ਇਲਾਕੇ ਤੋਂ ਆਉਣ ਵਾਲ਼ੇ ਜਖ਼ਮੀਆਂ ਦੀ ਗਿਣਤੀ ਹਰ ਪਲ ਵੱਧ ਰਹੀ ਸੀ। ਯੁੰਕਰਾਂ ਨੇ ਸਮੋਲੇਸੰਕੀ ਬਜ਼ਾਰ ਵਾਲ਼ੇ ਪਾਸਿਓਂ ਹਮਲਾ ਕੀਤਾ ਸੀ, ਜਿਸ 'ਚ ਉਹਨਾਂ ਨੂੰ ਮੂੰਹ ਦੀ ਖਾਣੀ ਪਈ। ਉਹਨਾਂ ਦਾ ਭਾਰੀ ਨੁਕਸਾਨ ਹੋਇਆ ਸੀ।

ਪੂਰੀ ਤਰ੍ਹਾਂ ਥੱਕੀ-ਟੁੱਟੀ ਹੋਣ 'ਤੇ ਵੀ ਕੁੜੀ ਸਾਰੀ ਰਾਤ ਜਖ਼ਮੀਆਂ ਨੂੰ ਪਾਣੀ ਦਿੰਦੀ ਰਹੀ ਅਤੇ ਉਹਨਾਂ ਦੇ ਜਖ਼ਮਾਂ ਦੀ ਮੱਲ੍ਹਮ ਪੱਟੀ ਕਰਦੀ ਰਹੀ। ਜਖ਼ਮੀ ਉਸਦੀ ਹਰ ਹਰਕਕਤ ਵੱਲ਼ ਧਿਆਨ ਦਿੰਦੇ ਅਤੇ ਉਸ ਵੱਲ਼ ਅਹਿਸਾਨਮੰਦ ਹੋ ਕੇ ਵੇਖਦੇ। ਅਗਲੀ ਸਵੇਰ ਮਜ਼ਦੂਰਾਂ ਦੇ ਕੱਪੜੇ ਪਹਿਨਿਆ ਹੋਇਆ ਯੁੰਕਰ ਨੱਠਦਾ ਹੋਇਆ ਹਸਪਤਾਲ 'ਚ ਆਇਆ। ਉਹਦੇ ਵਾਲ਼ ਖਿੰਡੇ ਸਨ, ਸਿਰ ਨੰਗਾ ਤੇ ਸੂਰਤ ਵਿਗੜੀ ਹੋਈ ਸੀ।

ਉਹ ਦੌੜਦਾ ਹੋਇਆ ਸਿੱਧਾ ਕੁੜੀ ਕੋਲ਼ ਪਹੁੰਚਿਆ—

"ਇਸ...ਇਸ ਕੁੱਤੀ ਨੇ...ਸਾਨੂੰ ਧੋਖਾ ਦਿੱਤਾ ਏ.."

ਕੁੜੀ ਲੜਖੜਾਉਂਦੀ ਹੋਈ ਪਿੱਛੇ ਹਟੀ ਅਤੇ ਕਾਗਜ਼ ਦੀ ਤਰ੍ਹਾਂ ਸਫ਼ੇਦ ਪੈ ਗਈ। ਪਰ, ਦੂਸਰੇ ਹੀ ਪਲ ਉਹਦਾ ਚਹਿਰਾ ਗੁੱਸੇ ਨਾਲ਼ ਲਾਲ ਹੋ ਗਿਆ ਤੇ ਉਹ ਚੀਕੀ—

"ਤੁਸੀਂ ਮਜ਼ਦੂਰਾਂ ਨੂੰ ਮਾਰ ਰਹੇ ਓਂ! ਤੇ ਉਹ...ਉਹ ਆਪਣੀ ਗਰੀਬੀ ਤੋਂ, ਆਪਣੇ ਨਰਕ ਤੋਂ ਛੁਟਕਾਰੇ ਲਈ ਲੜਾਈ ਲੜ ਰਹੇ ਨੇ. ਮੈਨੂੰ ਹਥਿਆਰ ਨੀ ਚਲਾਉਣਾ ਆਉਂਦਾ, ਫੇਰ ਵੀ ਮੈਂ ਤੁਹਾਨੂੰ ਮਾਰ ਦਿੱਤਾ ਏ..."

ਉਹ ਉਸਨੂੰ ਚੂਨੇ ਨਾਲ਼ ਲਿੱਪੀ ਕੰਧ ਕੋਲ਼ ਲੈ ਗਏ। ਕੁੜੀ ਨੇ ਆਗਿਆਕਾਰੀ ਢੰਗ ਨਾਲ਼ ਸੀਨੇ 'ਤੇ ਦੋ ਗੋਲੀਆਂ ਸਹੀਆਂ, ਅਤੇ ਉਹ ਉੱਥੇ ਹੀ ਡਿੱਗ ਪਈ, ਜਿੱਥੇ ਪਹਿਲਾਂ ਸੂਤੀ ਕਮੀਜ ਪਾਈ ਮਜ਼ਦੂਰ ਪਿਆ ਸੀ। ਇਸ ਤੋਂ ਬਾਅਦ ਜਦੋਂ ਤੱਕ ਉਹ ਉਸਨੂੰ ਉੱਥੋਂ ਲੈ ਨਹੀਂ ਗਏ, ਉਸਦੀਆਂ ਲੰਮੀਆਂ ਝਿਮਣੀਆਂ ਵਾਲ਼ੀਆਂ...ਭੂਰੀਆਂ ਅੱਖਾਂ ਲਗਾਤਾਰ ਅਸਮਾਨ 'ਤੇ ਲੱਗੀਆਂ ਰਹੀਆਂ। ਅਕਤੂਬਰ ਦੇ ਰੁੱਖੇ ਡਰਾਓਣੇ ਬੱਦਲ਼ਾਂ ਨੂੰ ਨਿਗ੍ਹਾ ਟਿਕਾਈ ਤੱਕਦੀਆਂ ਰਹੀਆਂ।●

ਕਲਾ

ਸਿਨੇਮਾ ਵਿੱਚ ਡਾਕਟਰੀ ਪੇਸ਼ੇ ਦੇ ਸਮਾਜਕ ਸਰੋਕਾਰਾਂ ਦੀ ਪੇਸ਼ਕਾਰੀ

• ਕੁਲਵਿੰਦਰ

ਡਾਕਟਰੀ ਪੇਸ਼ੇ ਨੂੰ ਬਹੁਤ ਹੀ ਸੰਵੇਦਨਸ਼ੀਲ ਕਿੱਤਾ ਮੰਨਿਆਂ ਜਾਂਦਾ ਹੈ। ਜੇਕਰ ਸਿਨੇਮਾ ਦੇ ਸੰਦਰਭ ਵਿੱਚ ਗੱਲ ਕੀਤੀ ਜਾਵੇ ਤਾਂ ਅਜਿਹੀਆਂ ਕਈ ਫ਼ਿਲਮਾਂ ਬਣੀਆਂ ਹਨ ਜਿਨ੍ਹਾਂ ਵਿੱਚ ਡਾਕਟਰੀ ਪੇਸ਼ੇ ਦੇ ਸਮਾਜਕ ਸਰੋਕਾਰਾਂ ਦੀ ਗੱਲ ਕੀਤੀ ਗਈ ਹੈ। ਫ਼ਿਲਮਕਾਰਾਂ ਨੇ ਇਨ੍ਹਾਂ ਫ਼ਿਲਮਾਂ ਵਿੱਚ ਹਾਸਲ ਦੌਰ ਦੇ ਸਮਾਜ ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਹਥਲੇ ਲੇਖ ਵਿੱਚ ਡਾਕਟਰੀ ਪੇਸ਼ੇ ਨਾਲ਼ ਸੰਬੰਧਤ ਭਾਰਤੀ ਅਤੇ ਅੰਤਰਰਾਸ਼ਟਰੀ ਸਿਨੇਮਾ ਦੀਆਂ ਕੁਝ ਸ਼ਾਹਕਾਰ ਫ਼ਿਲਮਾਂ 'ਤੇ ਚਰਚਾ ਕੀਤੀ ਗਈ ਹੈ।

ਜੇ ਭਾਰਤੀ ਸਿਨੇਮਾ ਦੇ ਸੰਦਰਭ ਵਿੱਚ ਗੱਲ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਵੀ. ਸ਼ਾਂਤਾਰਮ ਦੀ "**ਡਾ. ਕੋਟਨਿਸ ਕੀ ਅਮਰ ਕਹਾਣੀ**" (1946) ਦੀ ਯਾਦ ਆਉਂਦੀ ਹੈ। ਦੂਜੀ ਸੰਸਾਰ ਜੰਗ ਦੌਰਾਨ ਦੁਨੀਆਂ ਦੇ ਦੋ ਪ੍ਰਮੁੱਖ ਦੇਸ਼ਾਂ ਭਾਰਤ ਅਤੇ ਚੀਨ ਵਿੱਚ ਕੌਮੀ ਮੁਕਤੀ ਦੀ ਲਹਿਰ ਪੂਰੇ ਜੋਬਨ 'ਤੇ ਸੀ। ਭਰਾਤਰੀ ਭਾਵ ਨਾਲ਼ ਭਾਰਤੀ ਕੌਮੀ ਮੁਕਤੀ ਲਹਿਰ ਚੀਨ 'ਤੇ ਜਪਾਨੀ ਹਮਲੇ ਦੌਰਾਨ ਡਾਕਟਰਾਂ ਦੇ ਇੱਕ ਸਵੈ-ਸੇਵੀ ਜਥੇ ਨੂੰ ਚੀਨ ਦੇ ਯੇਨਾਨ ਪ੍ਰਾਂਤ ਵਿੱਚ ਭੇਜਦੀ ਹੈ। ਪਰ ਉਨ੍ਹਾਂ ਚੋਂ ਇੱਕ, ਦਵਾਰਕਾ ਦਾਸ ਕੋਟਨਿਸ ਇੱਕ ਚੀਨੀ ਯੁਵਤੀ ਨਾਲ਼ ਵਿਆਹ ਕਰਾ ਕੇ ਉੱਥੇ ਹੀ ਵਸ ਜਾਂਦਾ ਹੈ ਅਤੇ ਚੀਨੀ ਲੋਕਾਂ ਦੀ ਸੇਵਾ ਕਰਦਾ ਹੈ। ਬਾਅਦ ਵਿੱਚ ਪਲੇਗ ਦੇ ਮਰੀਜਾਂ ਦਾ ਇਲਾਜ ਕਰਦਾ ਡਾਕਟਰ ਖੁਦ ਹੀ ਪਲੇਗ ਦਾ ਸ਼ਿਕਾਰ ਹੋ ਜਾਂਦਾ ਹੈ। ਡਾਕਟਰ ਕੋਟਨਿਸ ਦੀ ਮੌਤ ਤੋਂ ਬਾਅਦ ਉਸ ਦੀ ਪਤਨੀ ਆਪਣੇ ਛੋਟੇ ਬੱਚੇ ਨੂੰ ਲੈ ਕੇ ਭਾਰਤ ਆ ਜਾਂਦੀ ਹੈ। ਇਸ ਸੱਚੀ ਕਹਾਣੀ ਤੇ ਖੱਬੇ ਪੱਖੀ ਲੇਖਕ ਖ਼ੁਆਜ਼ਾ ਅਹਿਮਦ ਅੱਬਾਸ "ਐਂਡ ਵਨ ਡਿਡ ਨਾਟ ਕਮ ਬੈਕ' ਨਾਂ ਦਾ ਨਾਵਲ ਲਿਖਦਾ ਹੈ। ਬਾਅਦ ਵਿੱਚ ਇਸੇ ਨਾਵਲ 'ਤੇ ਡਾ. ਕੋਟਨਿਸ ਕੀ ਅਮਰ ਕਹਾਣੀ ਫ਼ਿਲਮ ਬਣਦੀ ਹੈ। ਡਾ. ਕੋਟਨਿਸ ਕੀ ਅਮਰ ਕਹਾਣੀ ਵਿੱਚ ਦਵਾਰਕਾ ਦਾਸ ਦੇ ਕਿਰਦਾਰ ਨੂੰ ਵੀ. ਸ਼ਾਂਤਾਰਾਮ ਨੇ ਖੁਦ ਨਿਭਾਇਆ ਸੀ। ਜੈਸ਼੍ਰੀ ਨਾਇਕਾ ਚਿੰਗ ਲਾਨ ਬਣੀ ਸੀ। ਫ਼ਿਲਮ ਦਾ ਵਿਸ਼ਾ ਚੀਨ 'ਤੇ ਜਪਾਨੀ ਹਮਲਾ ਹੋਣ ਕਾਰਨ ਫ਼ਿਲਮ ਬਰਤਾਨਵੀ ਬਸਤੀਵਾਦੀਆਂ ਦੇ ਸੈਂਸਰ ਤੋਂ ਪਾਸ ਹੋਣ ਵਿੱਚ ਸਫ਼ਲ ਰਹੀ।

ਏਸੇ ਹੀ ਸਾਲ ਸੱਤਿਆਜੀਤ ਰਾਏ ਦੀ ਫ਼ਿਲਮ "**ਗਣਸ਼ੱਤਰੂ**" ਆਈ। ਨਾਰਵੇ ਦਾ ਪ੍ਰਸਿੱਧ ਲੇਖਕ ਇਬਸਨ ਦੇ ਨਾਟਕ 'ਐਨ ਐਨਮੀ ਆਫ਼ ਦਾ ਪੀਪਲ' ਤੋਂ ਪ੍ਰਭਾਵਤ ਹੈ। ਗਣਸ਼ੱਤਰੂ ਬੰਗਾਲ ਦੇ ਇੱਕ ਛੋਟੇ ਜਿਹੇ ਕਸਬੇ ਦੀ ਕਹਾਣੀ ਹੈ। ਕਸਬੇ ਦਾ ਮੰਦਰ ਭਗਤਾਂ ਅਤੇ ਸੈਲਾਨੀਆਂ ਦੀ ਖਿਚ ਦਾ ਕੇਂਦਰ ਹੈ। ਅਸ਼ੋਕ ਗੁਪਤਾ ਕਸਬੇ ਦੇ ਹਸਪਤਾਲ ਵਿੱਚ ਡਾਕਟਰ ਹੈ। ਉਸ ਦਾ ਛੋਟਾ ਭਰਾ ਨਤੀਸ਼ ਕਸਬੇ ਦੇ ਹਸਪਤਾਲ ਅਤੇ ਮੰਦਰ ਚਲਾਉਣ ਵਾਲ਼ੀ ਕਮੇਟੀ ਦਾ ਪ੍ਰਧਾਨ ਹੈ। ਦੋਵਾਂ ਨੂੰ ਇੱਕ ਸਥਾਨਕ ਸਨਅਤਕਾਰ ਨੇ ਬਣਵਾਇਆ ਹੈ। ਕਸਬੇ ਵਿੱਚ ਸਿਹਤ ਦੀਆਂ ਸਮੱਸਿਆਵਾਂ ਵਧ ਜਾਂਦੀਆਂ ਹਨ। ਡਾਕਟਰ ਨੂੰ ਯਕੀਨ ਹੈ ਕਿ ਬਿਮਾਰੀਆਂ ਦਾ ਕਾਰਨ ਮੰਦਰ ਵਿੱਚ ਖਰਾਬ ਪਾਣੀ ਦੀ ਸਪਲਾਈ ਹੈ। ਉਹ ਆਪਣੇ ਭਰਾ ਨਤੀਸ਼ ਨੂੰ ਇਸ ਬਾਰੇ ਖ਼ਬਰਦਾਰ ਕਰਦਾ ਹੈ। ਪਰ ਇਹ ਸਭ ਕੁਝ ਸ਼ਹਿਰ ਦੇ ਤਾਕਤਵਰ ਲੋਕਾਂ ਦੇ ਵਪਾਰਕ ਹਿੱਤਾਂ ਦੇ ਉਲ਼ਟ ਜਾਂਦਾ ਹੈ, ਜੋ ਇਸ ਥਾਂ ਇੱਕ ਤੀਰਥਸਥਾਨ ਵਜੋਂ ਵਿਕਸਤ ਕਰਨਾ ਚਾਹੁੰਦੇ ਹਨ। ਨਤੀਸ਼, ਸਨਅਤਕਾਰ ਅਤੇ ਦੂਜੇ ਅਧਿਕਾਰੀ ਇਸ ਤੱਥ ਨੂੰ ਖਾਰਜ਼ ਕਰ ਦਿੰਦੇ ਹਨ ਕਿ ਮੰਦਰ ਦਾ ਪਵਿੱਤਰ ਜਲ ਬਿਮਾਰੀਆਂ ਦਾ ਕਾਰਣ ਬਣ ਸਕਦਾ ਹੈ। ਡਾਕਟਰ ਗੁਪਤਾ ਇਸ ਤੱਥ ਨੂੰ ਜਾਹਰ ਕਰਦਾ ਇੱਕ ਲੇਖ ਲਿਖਦਾ ਹੈ ਪਰ ਤਗੜੇ ਲੋਕਾਂ ਦੇ ਦਬਾਅ ਹੇਠ ਝੁਕਦਿਆਂ ਅਖ਼ਬਾਰ ਦਾ ਸੰਪਾਦਕ ਇਸ ਨੂੰ ਛਾਪਣੋਂ ਇਨਕਾਰ ਕਰ ਦਿੰਦਾ ਹੈ। ਹੋਰ ਕੋਈ ਚਾਰਾ ਨਾ ਚਲਦਾ ਦੇਖ ਕੇ ਡਾਕਟਰ ਗੁਪਤਾ ਇੱਕ ਸਭਾ ਕਰਦਾ ਹੈ ਪਰ ਉਸ ਦੇ ਵਿਰੋਧੀ ਲੋਕਾਂ ਦੇ ਜਜ਼ਬਾਤਾਂ ਨੂੰ ਭੜਕਾ ਕੇ ਸਭਾ ਨੂੰ ਸਾਬੋਤਾਜ਼ ਕਰ ਦਿੰਦੇ ਹਨ। ਇਸ ਭਰੀ ਸਭਾ ਵਿਚ ਡਾਕਟਰ ਗੁਪਤਾ ਨੂੰ ਲੋਕਾਂ ਦਾ ਦੁਸ਼ਮਣ – ਗਣਸ਼ੱਤਰੂ – ਗਰਦਾਨ ਦਿੱਤਾ ਜਾਂਦਾ ਹੈ। ਡਾਕਟਰ ਦਾ ਮਕਾਨ ਮਾਲਕ ਉਸ ਨੂੰ ਮਕਾਨ ਛੱਡਣ ਲਈ ਕਹਿੰਦਾ ਹੈ। ਡਾਕਟਰ ਨਿਰਾਸ਼ ਹੋ ਜਾਂਦਾ ਹੈ। ਹਾਲਤ ਤਦ ਪਲਟਦੇ ਹਨ ਜਦ ਡਾਕਟਰ ਦੇ ਜਾਣੂ ਲੋਕ ਜਨਤਕ ਐਕਸ਼ਨ ਰਾਹੀਂ ਡਾਕਟਰ ਦੇ ਹੱਕ ਨਿੱਤਰਦੇ ਲੈਂਦੇ ਹਨ। ਡਾਕਟਰ ਇਹ ਮਹਿਸੂਸ ਕਰਦਾ ਹੈ ਕਿ ਹੱਕ ਸੱਚ ਦੀ ਇਸ ਲੜਾਈ ਵਿੱਚ ਉਹ ਇਕੱਲਾ ਨਹੀਂ ਹੈ। ਗਣਸ਼ੱਤਰੂ ਦੀ ਮਹੱਤਤਾ ਇਸ ਵਿੱਚ ਹੈ ਕਿ ਗਣਸ਼ੱਤਰੂ ਫਿਰਕਾਪ੍ਰਸਤੀ, ਭ੍ਰਿਸ਼ਟਾਚਾਰ, ਸਰਮਾਏਦਾਰਾ ਲਾਲਚ ਆਦਿ ਸਮੱਸਿਆਵਾਂ ਬਾਰੇ ਸੁਚੇਤ ਕਰਦੀ ਹੈ, ਜਿਨ੍ਹਾਂ ਨੇ ਬਾਅਦ ਦੇ ਨਵ-ਉਦਾਰਵਾਦੀ ਭਾਰਤ ਵਿੱਚ ਆਪਣਾ 'ਜਲਵਾ' ਦਿਖਾਉਣਾ ਹੈ। ਗਣਸ਼ੱਤਰੂ ਦੀ ਇੱਕ ਖੂਬੀ ਇਹ ਵੀ ਹੈ ਕਿ ਇਬਸਨ ਦੇ ਨਾਟਕ, ਜਿਸ ਵਿੱਚ ਡਾਕਟਰ ਵਿਅਕਤੀਵਾਦੀ ਪਹੁੰਚ ਕਾਰਨ ਲੋਕਾਂ ਨੂੰ ਹਿਰਾਕਤ ਦੀ ਨਜ਼ਰ ਨਾਲ਼ ਦੇਖਦਾ ਹੈ, ਸੱਤਿਆਜੀਤ ਰਾਏ ਨੇ ਲੋਕਾਂ ਦੇ ਇੱਕ ਹਿੱਸੇ ਨੂੰ ਡਾਕਟਰ ਦੇ ਹੱਕ ਵਿੱਚ ਲਾਮਬੰਦ ਹੁੰਦਿਆਂ ਪੇਸ਼ ਕਰਕੇ ਇਹ ਸੰਦੇਸ਼ ਦਿੱਤਾ ਹੈ ਕਿ ਡਾਕਟਰ ਅਤੇ ਬੁੱਧੀਜੀਵੀ ਵਿਆਪਕ ਸਮਾਜ ਨਾਲ ਜੁੜ ਕੇ ਹੀ ਲੋਕ ਪੱਖੀ ਭੂਮਿਕਾ ਨਿਭਾ ਸਕਦੇ ਹਨ।

ਜਪਾਨੀ ਫ਼ਿਲਮਕਾਰ ਅਕੀਰੋ ਕੁਰੂਸਾਵਾ ਦੀ ਫ਼ਿਲਮ "**ਰੈੱਡ**

ਬੀਅਰਡ" (1967) ਇੱਕ ਕਸਬੇ ਦੇ ਡਾਕਟਰ ਅਤੇ ਉਸ ਤੋਂ ਸਿਖਲਾਈ ਲੈਣ ਆਏ ਡਾਕਟਰ ਦੀ ਕਹਾਣੀ ਹੈ। ਫ਼ਿਲਮ ਦੀ ਕਹਾਣੀ ਜਪਾਨ ਦੇ ਕਹਾਣੀਕਾਰ ਸ਼ੂਹੂਗੋਰੋ ਜਾਸਮੋਟੋ ਦੀਆਂ ਕਹਾਣੀਆਂ ਅਤੇ ਰੂਸੀ ਲੇਖਕ ਦੋਸਤੋਯੇਵਸਕੀ ਦੀ ਕਹਾਣੀ 'ਤੇ ਅਧਾਰਤ ਹੈ। ਰੈੱਡ ਬੀਅਰਡ ਉੱਨੀਵੀਂ ਸਦੀ ਦੇ ਕੋਸ਼ੀਕਾਵਾ ਕਸਬੇ ਵਿੱਚ ਵਾਪਰਦੀ ਹੈ। ਨੌਜੁਆਨ ਨੋਬੋਰੂ ਜਾਸਮੋਟੋ ਨੇ ਨਾਗਾਸਾਕੀ ਦੇ ਡੱਚ ਮੈਡੀਕਲ ਸਕੂਲ ਤੋਂ ਡਾਕਟਰੀ ਦੀ ਪੜ੍ਹਾਈ ਕੀਤੀ ਹੈ। ਉਸ ਦਾ ਬਾਪ ਇੱਕ ਸਥਾਪਤ ਡਾਕਟਰ ਹੈ। ਜਾਸਮੋਟੋ ਦੀ ਇੱਛਾ ਹੈ ਕਿ ਉਹ ਸ਼ਾਹੀ ਡਾਕਟਰ ਬਣੇ ਆਪਣੇ ਬਾਪ ਦੀ ਤਰ੍ਹਾਂ ਸ਼ਹਿਰ ਦਾ ਸਥਾਪਤ ਡਾਕਟਰ ਬਣੇ। ਪਰ ਜਾਸਮੋਟੋ ਨੂੰ ਆਪਣੀ ਡਾਕਟਰੀ ਸਿਖਲਾਈ ਲਈ ਇੱਕ ਦਿਹਾਤੀ ਹਸਪਤਾਲ ਵਿੱਚ ਜਾਣਾ ਪੈਂਦਾ ਹੈ। ਹਸਪਤਾਲ ਦਾ ਮੁੱਖ ਡਾਕਟਰ ਕੋਇਜੋ ਨਿਲਾਈਡ ਹੈ ਜਿਸ ਨੂੰ ਸਾਰੇ ਰੈੱਡ ਬੀਅਰਡ ਦੇ ਨਾਂ ਨਾਲ ਬੁਲਾਉਂਦੇ ਹਨ। ਰੈੱਡ ਬੀਅਰਡ ਬੜੇ ਹੀ ਸਖਤ ਸੁਭਾ ਦਾ ਮਾਲਕ ਹੈ। ਸ਼ੁਰੂ ਵਿੱਚ ਜਾਸਮੋਟੋ ਆਪਣੀ ਉੱਤਮ ਸਿਖਲਾਈ ਦੇ ਅਹੰਕਾਰ ਵਿੱਚ ਉਸ ਦੇ ਬਣਾਏ ਹਰ ਕਾਇਦੇ ਨੂੰ ਤੋੜਦਾ ਹੈ ਪਰ ਬਾਅਦ ਵਿੱਚ ਉਸ ਨੂੰ ਪਤਾ ਲਗਦਾ ਹੈ ਕਿ ਰੈੱਡ ਬੀਅਰਡ ਅਸਲ ਵਿੱਚ ਬਹੁਤ ਹੀ ਸਮਰਪਿਤ ਡਾਕਟਰ ਹੈ। ਜਾਸਮੋਟੋ ਦੇ ਸਿੱਖਿਆ ਨੂੰ ਨਿੱਜੀ ਮੁਫ਼ਾਦਾਂ ਲਈ ਵਰਤਣ ਦੀ ਪਹੁੰਚ ਦੇ ਉਲਟ ਰੈੱਡ ਬੀਅਰਡ ਸਮਾਜਕ ਸਰੋਕਾਰਾਂ ਪ੍ਰਤੀ ਸੁਚੇਤ ਡਾਕਟਰ ਹੈ। ਰੈੱਡ ਬੀਅਰਡ ਨਾਲ਼ ਮਰੀਜ਼ਾਂ ਦਾ ਇਲਾਜ ਕਰਦਿਆਂ ਜਾਸਮੋਟੋ ਨੂੰ ਡਾਕਟਰ ਸ਼ਬਦ ਦੇ ਅਸਲੀ ਅਰਥਾਂ ਦਾ ਪਤਾ ਲੱਗਦਾ ਹੈ। ਉਹ ਮਰੀਜ਼ਾਂ ਦੇ ਜੀਵਨ ਦੇ ਹਾਲਾਤਾਂ, ਉਨ੍ਹਾਂ ਦੀਆਂ ਤੰਗੀਆਂ ਤਰੁਸ਼ੀਆਂ ਬਾਰੇ ਜਾਨਣ ਲੱਗਦਾ ਹੈ। ਹੁਣ ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸ ਦੀ ਜ਼ਿੰਦਗੀ ਦਾ ਅਸਲ ਮਕਸਦ ਪੈਸਾ ਜਾ ਮਾਣ ਸਨਮਾਨ ਹਾਸਲ ਕਰਨਾ ਨਹੀਂ ਸਗੋਂ ਇਨ੍ਹਾਂ ਲੋਕਾਂ ਦੀ ਸੇਵਾ ਕਰਨਾ ਹੈ। ਉਹ ਕੋਸ਼ੀਕਾਵਾ ਵਿੱਚ ਹੀ ਵਾਸਾ ਕਰਨ ਦਾ ਫੈਸਲਾ ਲੈਂਦਾ ਹੈ। ਫ਼ਿਲਮ ਦੇ ਨਿਰਦੇਸ਼ਕ ਕੁਰੂਸਾਵਾ ਆਪਣੀਆਂ ਫ਼ਿਲਮਾਂ ਵਿੱਚ ਲੋਕ ਪੱਖੀ ਸਰੋਕਾਰਾਂ ਦੀ ਪੇਸ਼ਕਾਰੀ ਲਈ ਜਾਣੇ ਜਾਂਦੇ ਹਨ। ਰੈੱਡ ਬੀਅਰਡ ਵਿੱਚ ਵੀ ਉਨ੍ਹਾਂ ਹਾਸਲ ਦੌਰ ਦੀ ਸੱਤਾ ਅਤੇ ਸਮਾਜ ਦੀਆਂ ਲੋਕ ਵਿਰੋਧੀ ਪ੍ਰਵਿਰਤੀਆਂ ਦੀ ਅਲੋਚਨਾ ਪੇਸ਼ ਕੀਤੀ ਹੈ। ਇਹੀ ਵਜ੍ਹਾ ਹੈ ਕਿ ਰੈੱਡ ਬੀਅਰਡ ਲੋਕ ਪੱਖੀ ਸਿਨੇਮੇ ਦੀ ਸ਼ਾਹਕਾਰ ਰਚਨਾ ਦਾ ਦਰਜਾ ਹਾਸਲ ਕਰ ਲੈਂਦੀ ਹੈ। •

'ਜੀਵਨ ਤੇ ਸਾਹਿਤ' ਵਿਸ਼ੇ 'ਤੇ ਵਿਚਾਰ-ਗੋਸ਼ਟੀ ਦਾ ਆਯੋਜਨ

15 ਅਪ੍ਰੈਲ ਨੂੰ ਨੌਜਵਾਨ ਭਾਰਤ ਸਭਾ ਦੀ ਪੱਖੋਵਾਲ-ਰਾਏਕੋਟ ਇਕਾਈ ਅਤੇ ਸਾਹਿਤ ਸਭਾ ਪੱਖੋਵਾਲ ਵੱਲੋਂ ਪਿੰਡ ਦੀ ਲਾਇਬ੍ਰੇਰੀ 'ਚ 'ਜੀਵਨ ਤੇ ਸਾਹਿਤ' ਵਿਸ਼ੇ 'ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਗੋਸ਼ਟੀ ਵਿੱਚ ਕਾਫੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ, ਨੌਭਾਸ ਦੀ ਇਲਾਕਾ ਇਕਾਈ ਦੇ ਕਾਰਕੁੰਨਾਂ, ਲੇਖਕਾਂ, ਕਵੀਆਂ ਤੇ ਹੋਰ ਲੋਕ ਪੱਖੀ ਸਿਆਸੀ ਕਾਰਕੁੰਨਾਂ ਨੇ ਇਸ ਵਿੱਚ ਸ਼ਮੂਲੀਅਤ ਕੀਤੀ। ਗੋਸ਼ਟੀ ਵਿੱਚ ਮੁੱਖ ਵਕਤਾ ਡਾ. ਅੰਮ੍ਰਿਤ ਸਨ। ਡਾ. ਅੰਮ੍ਰਿਤ ਨੇ ਜੀਵਨ ਤੇ ਸਾਹਿਤ ਵਿਸ਼ੇ 'ਤੇ ਬੋਲਦਿਆਂ ਜੀਵਨ ਤੇ ਸਾਹਿਤ ਦੇ ਆਪਸੀ ਰਿਸ਼ਤੇ ਅਤੇ ਪਾਠਕਾਂ ਤੇ ਲੇਖਕ ਲਈ ਸਾਹਿਤ ਦੀ ਮਹੱਤਤਾ 'ਤੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਸਿਰਫ਼ ਸਮਾਜਕ ਹਾਲਤਾਂ ਦਾ ਚਿੱਤਰਣ ਕਰਨਾ ਹੀ ਸਾਹਿਤ ਨਹੀਂ, ਸਗੋਂ ਸਾਹਿਤ ਸਮਾਜੀ ਹਾਲਤਾਂ ਨੂੰ ਅੱਗੇ ਰੱਖਕੇ ਸਮਾਜ ਦੀ ਬਿਹਤਰੀ ਲਈ ਰਾਹ ਸੁਝਾਉਂਦਾ ਹੈ। ਸਾਹਿਤ ਲੋਕਾਂ ਨਾਲ਼ ਜੋੜਕੇ ਲਿਖਿਆ ਜਾਣਾ ਚਾਹੀਦਾ ਹੈ। ਵਰਤਮਾਨ ਪੰਜਾਬੀ ਸਾਹਿਤ ਬਾਰੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਇਸ ਵਿੱਚੋਂ ਆਮ ਲੋਕਾਂ ਦੀ ਭਾਸ਼ਾ ਗਾਇਬ ਹੈ ਤੇ ਲੇਖਕ ਅਤੇ ਸਮਾਜ ਵਿੱਚ ਪਾੜਾ ਕਾਫ਼ੀ ਵਧ ਗਿਆ ਹੈ, ਜਿਸ ਕਾਰਨ ਲੇਖਕ ਦੀ ਰਚਨਾ ਵਿਚਲੀ ਜੀਵੰਤਤਾ, ਅਸਲ ਸਮਾਜਿਕ ਜੀਵਨ ਨਾਲ਼ ਨੇੜਤਾ ਦੀ ਬਹੁਤ ਘਾਟ ਹੈ। ਉਨ੍ਹਾਂ ਸਾਹਿਤ ਤੇ ਵਿਗਿਆਨ ਦੇ ਆਪਸੀ ਗੂੜੇ ਰਿਸ਼ਤੇ ਦੀ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਲੇਖਕ ਨੂੰ ਲਿਖਣ ਵੇਲ਼ੇ ਪਾਠਕਾਂ ਦੀਆਂ ਜ਼ਰੂਰਤਾਂ ਦਾ ਬਾਖੂਬੀ ਚੇਤਾ ਰੱਖਣਾ ਚਾਹੀਦਾ ਹੈ ਅਤੇ ਕੋਈ ਉਪਦੇਸ਼ਬਾਜ਼ੀ ਤੋਂ ਬਚਣਾ ਚਾਹੀਦਾ ਹੈ। ਇਸ ਤੋਂ ਬਾਅਦ ਇਸੇ ਵਿਸ਼ੇ 'ਤੇ ਬੋਲਦਿਆਂ ਪ੍ਰਧਾਨਗੀ ਮੰਡਲ 'ਚੋਂ ਕਾਮਰੇਡ ਸਰੂਪ ਸਿੰਘ ਨੇ ਮਨੁੱਖੀ ਇਤਿਹਾਸ 'ਚ ਸਾਹਿਤ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਜੇ ਸਾਹਿਤ ਸੰਘਰਸ਼ਾਂ ਦੀ ਗੱਲ ਨਹੀਂ ਕਰਦਾ ਤਾਂ ਅਜੇਹਾ ਸਾਹਿਤ, ਸਾਹਿਤ ਕਹਾਉਣ ਦੇ ਲਾਇਕ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ ਹੀ ਸਾਹਿਤ ਦੀ ਜ਼ਿੰਦਜਾਨ ਹੈ। ਸਾਹਿਤ ਸਭਾ ਦੇ ਪ੍ਰੇਮ ਅਵਤਾਰ ਰੈਣਾ ਤੇ ਨਰਿੰਦਰਪਾਲ ਵੱਲੋਂ ਡਾ. ਅੰਮ੍ਰਿਤ ਦੇ ਵਿਚਾਰਾਂ ਨਾਲ਼ ਅਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਕਿ ਮੁੱਖ ਬੁਲਾਰੇ ਨੇ ਵਿਗਿਆਨ ਤੇ ਸਾਹਿਤ ਨੂੰ ਬਿਲਕੁਲ ਤੋੜਕੇ ਪੇਸ਼ ਕੀਤਾ ਹੈ। ਇਸ ਦਾ ਜਵਾਬ ਦਿੰਦੇ ਹੋਏ ਡਾ. ਅੰਮ੍ਰਿਤ ਨੇ ਕਿਹਾ ਕਿ ਵਿਗਿਆਨ ਤੇ ਸਾਹਿਤ ਆਪਸ ਵਿੱਚ ਡੂੰਘੇ ਬੱਝੇ ਹੋਏ ਹਨ ਤੇ ਸਾਹਿਤ ਦਾ ਵਿਗਿਆਨਕ ਹੋਣਾ ਅਤਿ ਜ਼ਰੂਰੀ ਹੈ ਪਰ ਸਾਹਿਤ ਦੀ ਪਹੁੰਚ ਆਮ ਲੋਕਾਈ ਤੱਕ ਵਿਗਿਆਨ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ ਕਿਉਂਕਿ ਸਾਹਿਤ ਸਿੱਧਾ-ਸਿੱਧਾ ਲੋਕਾਂ ਦੀ ਜ਼ਿੰਦਗੀ ਦੇ ਨੇੜੇ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਾਹਿਤ ਤੇ ਵਿਗਿਆਨ ਆਪਸ ਵਿੱਚ ਬੱਝੇ ਹੋਏ ਵੀ ਹਨ ਪਰ ਅਲੱਗ-ਅਲੱਗ ਵੀ ਹਨ। ਦੇਸੀ-ਵਿਦੇਸ਼ੀ ਸਾਹਿਤ 'ਤੇ ਬੋਲਦਿਆਂ ਮੁੱਖ ਬੁਲਾਰੇ ਨੇ ਸਾਹਿਤ ਦੇ ਮਾਮਲੇ ਵਿੱਚ ਖੇਤਰਵਾਦੀ ਨਾ ਹੋਣ ਬਾਰੇ ਕਿਹਾ, ਉਨ੍ਹਾਂ ਕਿਹਾ ਕਿ ਸਾਹਿਤ ਨੂੰ ਅਪਣਾਉਣ ਦੇ ਮਾਮਲੇ ਵਿੱਚ ਆਪਣਾ ਪੈਮਾਨਾ, ਮਨੁੱਖਤਾ ਦਾ ਭਲਾ, ਬਣਾਉਣ ਬਾਰੇ ਗੱਲ ਕੀਤੀ ਤੇ ਕੋਈ ਵੀ ਸਾਹਿਤ ਜੋ ਪੂਰੀ ਲੋਕਾਈ ਦੇ ਭਲੇ ਲਈ ਲਿਖਿਆ ਗਿਆ ਹੈ, ਉਹ ਸਭ ਦਾ ਸਾਂਝਾ ਹੁੰਦਾ ਹੈ ਤੇ ਉਸ ਨੂੰ ਅਪਣਾਉਣ ਵਿੱਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਨੌਭਾਸ ਦੇ ਅਜੇਪਾਲ ਨੇ ਵਿਸ਼ੇ 'ਤੇ ਬੋਲਦਿਆਂ ਸਾਹਿਤਕਾਰਾਂ ਦੇ ਨਿੱਜੀ ਜੀਵਨ ਤੇ ਉਨ੍ਹਾਂ ਦੀ ਲੇਖਣੀ ਵਿਚਲੇ ਫ਼ਰਕ ਨੂੰ ਉਘਾੜਿਆ। ਵਿਚਾਰ-ਗੋਸ਼ਟੀ ਦੀ ਸਮਾਪਤੀ 'ਤੇ ਨੌਭਾਸ ਦੇ ਇਕਾਈ ਕਨਵੀਨਰ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ ਤੇ ਵਿਚਾਰ ਗੋਸ਼ਟੀਆਂ ਦੀ ਲਗਾਤਾਰਤਾ ਬਣਾ ਕੇ ਰੱਖਣ ਲਈ ਵੱਧ ਤੋਂ ਵੱਧ ਸਹਿਯੋਗ ਦੀ ਆਸ ਜਤਾਈ। •

ਪਾਠਕ ਮੰਚ

ਲਲਕਾਰ ਨੌਜਵਾਨਾਂ ਵਿੱਚ ਨਵੀਂ ਚੇਤਨਾ ਪੈਦਾ ਕਰਦਾ ਹੈ...

ਸੰਪਾਦਕ ਜੀ,

ਸਭ ਤੋਂ ਪਹਿਲਾਂ ਲਲਕਾਰ ਦੀ ਸਮੁੱਚੀ ਟੀਮ ਨੂੰ ਮੇਰੇ ਵੱਲੋਂ ਬਹੁਤ ਬਹੁਤ ਵਧਾਈ।

ਮੈਂ ਕਾਫ਼ੀ ਸਮੇਂ ਤੋਂ ਸੋਚ ਰਹੀ ਸੀ ਕਿ ਲਲਕਾਰ ਮੈਗਜ਼ੀਨ ਨੂੰ ਚਿੱਠੀ ਲਿਖਾਂ। ਲਲਕਾਰ ਇੱਕ ਅਜਿਹਾ ਮੈਗਜ਼ੀਨ ਹੈ ਜਿਸ ਵਿੱਚ ਬਿਨਾਂ ਕਿਸੇ ਡਰ ਤੋਂ ਅਜਿਹੀਆਂ ਖਰੀਆਂ-2 ਸੱਚੀਆਂ ਗੱਲਾਂ ਕਹੀਆਂ ਹੁੰਦੀਆਂ ਹਨ ਜੋ ਵਪਾਰਕ ਟੀ.ਵੀ ਚੈਨਲਾਂ ਅਤੇ ਅਖ਼ਬਾਰਾਂ ਵਾਲ਼ੇ ਸਾਡੇ ਤੋਂ ਕੋਹਾਂ ਦੂਰ ਰੱਖਦੇ ਹਨ। ਅੱਜਕੱਲ੍ਹ ਅਸੀਂ ਦੇਖਦੇ ਹਾਂ ਕਿ ਨੌਜਵਾਨ ਪੀੜੀ ਬਿਨਾਂ ਕਿਸੇ ਗਿਆਨ ਤੋਂ ਲਗਾਤਾਰ ਨਸ਼ਿਆਂ ਵੱਲ ਵੱਧਦੀ ਜਾ ਰਹੀ ਹੈ। ਉੱਥੇ ਲਲਕਾਰ ਨੌਜਵਾਨਾਂ ਵਿੱਚ ਨਵੀਂ ਚੇਤਨਾ ਪੈਦਾ ਕਰਦਾ ਹੈ। ਇਹ ਬਾਕੀ ਮੈਗਜ਼ੀਨਾਂ ਨਾਲ਼ੋਂ ਬਿਲਕੁਲ ਵੱਖਰਾ ਹੈ ਕਿਉਂਕਿ ਬਾਕੀਆਂ ਵਿੱਚ ਤਾਂ ਅਸੀਂ ਦੇਖਦੇ ਹਾਂ ਕਿ ਆਪਣੇ ਮੁਨਾਫੇ ਲਈ ਜ਼ਿਆਦਾਤਰ ਇਸ਼ਤਿਹਾਰ ਹੀ ਹੁੰਦੇ ਹਨ ਪਰ ਲਲਕਾਰ ਵਿੱਚ ਅਜਿਹਾ ਨਹੀਂ ਹੁੰਦਾ। ਲਲਕਾਰ ਵਿਚਲੀ ਸਾਰੀ ਸਮੱਗਰੀ ਜਿਵੇਂ ਕਿ ਕਵਿਤਾ, ਲੇਖ, ਕਹਾਣੀਆਂ, ਟਿੱਪਣੀਆਂ ਆਦਿ ਬਹੁਤ ਹੀ ਵਧੀਆ ਹੁੰਦੀ ਹੈ। ਲਲਕਾਰ ਲੋਕਾਂ ਨੂੰ ਸੂਝਦਾਰ ਕਰਨ ਦਾ ਆਪਣਾ ਕੰਮ ਬਾਖੂਬੀ ਨਿਭਾ ਰਿਹਾ ਹੈ।

ਜਦੋਂ ਮੈਂ ਲਲਕਾਰ ਦਾ ਮਾਰਚ 2012 ਅੰਕ ਪੜ੍ਹਿਆ ਤਾਂ ਬਹੁਤ ਹੀ ਵਧੀਆ ਲੱਗਿਆ ਅਤੇ ਮੈਨੂੰ ਉਹਨਾਂ ਗੱਲਾਂ ਬਾਰੇ ਪਤਾ ਲੱਗਿਆ ਜਿਨ੍ਹਾਂ ਤੋਂ ਮੈਂ ਬਿਲਕੁਲ ਅਣਜਾਣ ਸੀ। ਲਲਕਾਰ ਨੇ ਤਾਂ ਮੇਰੀ ਪੂਰੀ ਜ਼ਿੰਦਗੀ ਹੀ ਬਦਲ ਦਿੱਤੀ ਹੈ। ਸੰਪਾਦਕ ਜੀ ਦੁਆਰਾ ਲਿਖਿਆ ਲੇਖ ਵਿਧਾਨ ਸਭਾ ਚੋਣਾਂ ਪੜ੍ਹ ਕੇ ਪਤਾ ਲੱਗਿਆ ਕਿ ਅੱਜ ਦੇ ਸਰਮਾਏਦਾਰਾ ਸਮਾਜ ਵਿੱਚ ਹਰ ਉਮੀਦਵਾਰ ਦਾ ਸਭ ਤੋਂ ਵੱਡਾ ਅਤੇ ਇੱਕੋ ਇੱਕ ਇਹ ਹੀ ਮਕਸਦ ਹੁੰਦਾ ਹੈ ਕਿ ਕਿਸੇ ਵੀ ਤਰ੍ਹਾਂ ਸੰਸਦ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਪੈਸਾ ਕਮਾਇਆ ਜਾਵੇ। ਚੋਣਾਂ ਵਿੱਚ ਚਾਹੇ ਕੋਈ ਜਿੱਤੇ ਚਾਹੇ ਕੋਈ ਹਾਰੇ ਇਸ ਨਾਲ਼ ਕਿਰਤੀ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋਣਾ ਅਤੇ ਨਾ ਹੀ ਹੋ ਸਕਦਾ ਹੈ ਕਿਉਂਕਿ ਜਿੰਨਾ ਚਿਰ ਇਸ ਸਮਾਜਿਕ ਢਾਂਚੇ ਨੂੰ ਨਹੀਂ ਬਦਲਿਆ ਜਾਂਦਾ ਜੋ ਕਿ ਸਿਰਫ਼ ਮੁਨਾਫੇ ’ਤੇ ਟਿਕਿਆ ਹੋਇਆ ਹੈ ਓਨਾ ਚਿਰ ਕਿਰਤੀ ਲੋਕਾਂ ਦੀ ਲੁੱਟ ਹੁੰਦੀ ਰਹੇਗੀ। ਅਤੇ ਇਸ ਸਮੱਸਿਆ ਨੂੰ ਦੂਰ ਕਰਨ ਲਈ ਵੱਧ ਤੋਂ ਵੱਧ ਲੋਕਾਂ ਦਾ ਜੱਥੇਬੰਦ ਹੋਣਾ ਜ਼ਰੂਰੀ ਹੈ।

ਕਹਾਣੀ ਅਣਜਾਣ ਫੁੱਲ ਬਹੁਤ ਵਧੀਆ ਲੱਗੀ।

ਅੰਤ ਵਿੱਚ ਇਹੀ ਕਹਾਂਗੀ ਕਿ ਲਲਕਾਰ ਵੱਲੋਂ ਕਿਰਤੀ ਲੋਕਾਂ ਦੀ ਮੁਕਤੀ ਲਈ ਚੁੱਕਿਆ ਇਹ ਕਦਮ ਬਹੁਤ ਹੀ ਸ਼ਲਾਘਾਯੋਗ ਹੈ। ਉਮੀਦ ਹੈ ਕਿ ਜਿਸ ਤਰ੍ਹਾਂ ਲਲਕਾਰ ਦੀ ਪੂਰੀ ਟੀਮ ਮਿਹਨਤ ਤੇ ਲਗਨ ਨਾਲ਼ ਮਨੁੱਖਤਾ ਦੀ ਭਲਾਈ ਦੇ ਕੰਮ ਵਿੱਚ ਲੱਗੀ ਹੋਈ ਹੈ ਇੱਕ ਦਿਨ ਜ਼ਰੂਰ ਸਫ਼ਲ ਹੋਵੇਗੀ।

ਮੈਨੂੰ ਤੁਹਾਡੇ ਪ੍ਰਤੀ ਇੱਕ ਸ਼ਿਕਾਇਤ ਵੀ ਹੈ। ਉਹ ਇਹ ਹੈ ਕਿ ਪਰੂਫ ਰਿਡਿੰਗ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਵਿੱਚ ਕੋਈ ਵੱਡੀ ਗ਼ਲਤੀ ਤਾਂ ਨਹੀਂ ਪਰ ਕਾਫ਼ੀ ਗ਼ਲਤੀਆਂ ਹੁੰਦੀਆਂ ਜ਼ਰੂਰ ਨੇ। ਜੇ ਅੱਜ ਅਸੀਂ ਛੋਟੀਆਂ ਗ਼ਲਤੀਆਂ ਵੱਲ਼ ਧਿਆਨ ਦੇਵਾਂਗੇ ਤਾਂ ਹੀ ਵੱਡੀਆਂ ਗਲ਼ਤੀਆਂ ਤੋਂ ਬਚ ਸਕਦੇ ਹਾਂ।

ਲਲਕਾਰ ਵਿੱਚ ਔਰਤਾਂ ਦੀ ਬੁਰੀ ਹਾਲਤ ਬਾਰੇ ਲੇਖਾਂ ਦੀ ਕਮੀ ਰੜਕਦੀ ਹੈ। ਇਸ ਕਮੀ ਨੂੰ ਵੀ ਦੂਰ ਕਰਨ ਦੀ ਕੋਸ਼ਿਸ਼ ਕਰਨਾ। ਮੈਂ ਚਾਹੁੰਦੀ ਹਾਂ ਕਿ ਇਸ ਮੈਗਜ਼ੀਨ ’ਚ ਸੁਧਾਰ ਕਰਕੇ ਹੋਰ ਬੇਹਤਰ ਬਣਾਇਆ ਜਾਵੇ ਕਿਉਂਕਿ ਇਹੀ ਇੱਕ ਅਜਿਹਾ ਮੈਗਜ਼ੀਨ ਹੈ ਜੋ ਨੌਜਵਾਨਾਂ ਨੂੰ ਨਵੀਂ ਸੇਧ ਦੇ ਸਕਦਾ ਹੈ।

ਜੈਸਮੀਨ, ਚੰਡੀਗੜ੍ਹ

ਅਮੀਰਾਂ ਦੀ ਸੇਵਾ ਵਿੱਚ ਕਨੂੰਨ

ਸੰਪਾਦਕ ਜੀ,

ਸਭ ਤੋਂ ਪਹਿਲਾਂ ਲਲਕਾਰ ਦੀ ਸਾਰੀ ਟੀਮ ਅਤੇ ਸਾਰੇ ਪਾਠਕਾਂ ਨੂੰ ਮੇਰਾ ਲਾਲ ਸਲਾਮ!

ਸੰਪਾਦਕ ਜੀ ਤੇ ਪਾਠਕੋ ਮੈਂ ਏਥੇ ਤੁਹਾਡੇ ਨਾਲ਼ ਇੱਕ ਗੱਲ ਸਾਂਝੀ ਕਰਨਾ ਚਾਹੁੰਦਾ ਹਾਂ। ਪਿਛਲੇ ਦਿਨੀਂ ਸਾਡਾ ਗੈਸ ਸਿਲੰਡਰ ਖ਼ਤਮ ਹੋ ਗਿਆ ਤੇ ਭਰਿਆ ਸਿਲੰਡਰ ਲੈਣ ਲਈ ਮੈਂ ਸਵੇਰੇ 7 ਵਜੇ ਸਾਈਕਲ ’ਤੇ ਸਿਲੰਡਰ ਬੰਨ ਕੇ ਜਿੱਥੇ ਸਿਲੰਡਰ ਵਾਸਤੇ ਲੰਬੀ ਲਾਈਨ ਲੱਗੀ ਹੁੰਦੀ ਹੈ ਉੱਥੇ ਪਹੁੰਚ ਗਿਆ। ਸਿਲੰਡਰ ਦੀ ਕਿੱਲਤ ਬਹੁਤ ਹੈ ਇਸ ਲਈ ਲੋਕ 4-5 ਵਜੇ ਤੋਂ ਹੀ ਲਾਈਨ ਲਗਾ ਲੈਂਦੇ ਹਨ। ਸਿਲੰਡਰ ਵੰਡਣ ਲਈ ਇੱਕ ਟਰੱਕ ਆਉਂਦਾ ਹੈ ਜਿਸ ਵਿੱਚ ਲਗਭਗ 300 ਸਿਲੰਡਰ ਹੁੰਦੇ ਹਨ। ਮੈਂ ਹਿਸਾਬ ਲਗਾ ਲਿਆ ਕਿ ਮੇਰੇ ਅੱਗੇ ਕਿੰਨੇ ਲੋਕ ਨੇ ਤੇ ਮੇਰਾ ਨੰਬਰ ਲੱਗ ਜਾਵੇਗਾ। ਗੱਡੀ 9 ਵਜੇ ਦੇ ਲਗਭਗ ਆਉਂਦੀ ਹੈ ਤੇ 2-3 ਘੰਟੇ ’ਚ ਵਿੱਚ ਸਿਲੰਡਰ ਵੰਡ ਕੇ ਚਲੀ ਜਾਂਦੀ ਹੈ। 11 ਕੁ ਵਜੇ ਮੈਨੂੰ ਮੇਰੇ ਹਿਸਾਬ ’ਚ ਗੜਬੜ ਮਹਿਸੂਸ ਹੋਣ ਲੱਗੀ ਜਦੋਂ ਮੈਂ ਗੱਡੀ ’ਚ ਦੇਖਿਆ ਕਿ ਮੇਰੇ ਤੋਂ ਮੂਹਰੇ ਖੜ੍ਹੇ 20-25 ਸਿਲੰਡਰ ਵੀ ਨਹੀਂ ਭਰੇ ਜਾਣੇ। ਉਹ ਗੱਲ ਵੱਖ ਹੈ ਕਿ ਵਿੱਚੋਂ ਦੀ ਇੱਕ ਪੁਲੀਸ ਵਾਲ਼ਿਆਂ ਦੀ ਗੱਡੀ ਬਿਨਾਂ ਲਾਈਨ ਵਿੱਚ ਲੱਗੇ 5-6 ਸਿਲੰਡਰ ਭਰਾ ਕੇ ਲੈ ਗਈ। ਜਦੋਂ ਮੈਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਿਆ ਕੀ ਅੱਜ ਪਿੱਛੋਂ ਤੋਂ ਹੀ ਸਿਲੰਡਰ ਘੱਟ ਆਏ ਹਨ। ਮੈਂ ਨਿਰਾਸ਼ ਹੋ ਕੇ ਘਰ ਵਾਪਸ ਆ ਗਿਆ। ਪਰ ਅਗਲੇ ਦਿਨ ਹੀ ਮੈਂ ਇੱਕ ਅਖ਼ਬਾਰ ’ਚ ਪੜ੍ਹਿਆ ਕਿ ਸਿਲੰਡਰਾਂ ਦੀ ਕਮੀ ਸਿਰਫ਼ ਆਮ ਲੋਕਾਂ ਲਈ ਹੈ। ਮੈਨੂੰ ਇਹ ਪਤਾ ਲੱਗਾ ਕਿ ਭਾਰਤ ਵਿੱਚ ਪਹਿਲਾਂ ਹੀ ਸਿਰਫ਼ 15-20 ਫੀਸਦੀ ਲੋਕਾਂ ਕੋਲ਼ ਗੈਸ ਕੁਨੈਕਸ਼ਨ ਹਨ। ਧਨਾਡਾਂ ਨੂੰ ਸਿਲੰਡਰ ਦੀ ਕੋਈ ਕਮੀ ਨਹੀਂ। ਇਹ ਚਾਹੁਣ ਤਾਂ ਸਾਲ ਵਿੱਚ ਸੈਂਕੜੇ ਸਿਲੰਡਰ ਲੈ ਸਕਦੇ ਹਨ। ਸਾਬਕਾ ਸਿਹਤ ਮੰਤਰੀ ਸੱਤਪਾਲ ਗੋਸਾਈਂ ਉਹ ਸ਼ਖ਼ਸ ਹੈ ਜੋ 9 ਮਹੀਨੇ ’ਚ 83 ਸਿਲੰਡਰ ਲੈ ਕੇ ਇੱਕ ਨੰਬਰੀ ਹੈ। ਅਕਾਲੀ ਨੇਤਾ ਰਣਧੀਰ ਸਿੰਘ ਚੀਮਾ ਜਿਸ ਨੇ 51 ਸਿਲੰਡਰ ਲਏ। ਸਪੀਕਰ ਚਰਨਜੀਤ ਸਿੰਘ ਅਟਵਾਲ

ਜਿਸ ਨੇ 32 ਸਿਲੰਡਰ ਲਏ ਤੇ ਅਮ੍ਰਿਤਸਰ ਦੇ ਵਿਧਾਇਕ ਓ.ਪੀ.ਸੋਨੀ ਜਿਸ ਨੇ 36 ਸਿਲੰਡਰ ਲਏ। ਪਰ ਆਮ ਖ਼ਪਤਕਾਰ ਇੱਕ ਮਹੀਨੇ ਵਿੱਚ ਇੱਕ ਹੀ ਸਿਲੰਡਰ ਲੈ ਸਕਦਾ ਹੈ। ਸੂਚਨਾ ਅਧਿਕਾਰ ਐਕਟ ਤਹਿਤ ਮਿਲੀ ਜਾਣਕਾਰੀ ਅਨੁਸਾਰ ਲੁਧਿਆਣਾ, ਅਬੋਹਰ, ਅੰਮ੍ਰਿਤਸਰ ਦੇ ਗੈਸ ਏਜੰਸੀ ਮਾਲਕਾਂ ਨੂੰ ਕ੍ਰਮਵਾਰ 39, 76, 71 ਸਿਲੰਡਰ ਜਾਰੀ ਹੋਏ। ਕਈ ਜ਼ਿਲ੍ਹਿਆਂ ਦੀਆਂ ਏਜੰਸੀਆਂ ਵੱਲੋਂ ਕਈ ਲੋਕਾਂ ਨੂੰ ਮਹੀਨੇ 'ਚ 4-4 ਜਾਂ 5-5 ਸਿਲੰਡਰ ਵੀ ਜਾਰੀ ਕੀਤੇ ਹਨ। ਜਦਕਿ ਨਿਯਮ ਇਹ ਹੈ ਕਿ ਸਿਲੰਡਰ ਡਿਲਵਰੀ ਬੁਕਿੰਗ ਨੰਬਰ ਦੇ ਹਿਸਾਬ ਨਾਲ਼ 'ਪਹਿਲਾਂ ਆਉ ਪਹਿਲਾਂ ਪਾਓ' ਦੇ ਅਧਾਰ ਤੇ ਹੀ ਕੀਤੀ ਜਾਣੀ ਬਣਦੀ ਹੈ। ਕਿਸੇ ਵੀ ਸੂਰਤ ਵਿੱਚ ਬੁਕਿੰਗ ਨੰਬਰਾਂ ਲਈ ਲਾਈਨ ਨੂੰ ਤੋੜਿਆ ਨਹੀਂ ਜਾ ਸਕਦਾ ਅਤੇ ਸਬਸਿਡੀ ਵਾਲ਼ੀ ਗੈਸ ਦਾ ਹੋਰਾ ਕੰਮਾਂ ਵਿੱਚ ਇਸਤੇਮਾਲ ਗ਼ੈਰ ਕਾਨੂੰਨੀ ਹੈ। ਪਰ ਅਸੀਂ ਸਾਰੇ ਜਾਣਦੇ ਹਾਂ ਕਿ ਕਾਨੂੰਨ ਕਿਸ ਦੇ ਲਈ ਹੈ ਤੇ ਕਾਨੂੰਨ ਬਣਾਉਂਦਾ ਕੌਣ ਹੈ ਤੇ ਨਵੇਂ ਕਾਨੂੰਨ ਕਿਉਂ ਬਣਾਏ ਜਾਂਦੇ ਹਨ ਤੇ ਪੁਰਾਣੇ ਕਿਉਂ ਖ਼ਤਮ ਕੀਤੇ ਜਾਂਦੇ ਹਨ ਤੇ ਇਹ ਸੰਵਿਧਾਨ ਕਿਹੜੀ ਜਮਾਤ ਦੇ ਹਿੱਤਾਂ ਦੀ ਰਾਖੀ ਕਰਦਾ ਹੈ। ਇਹ ਅੰਕੜੇ ਤਾਂ ਸਿਰਫ਼ ਇਸ ਭ੍ਰਿਸ਼ਟ ਹੋ ਚੁੱਕੇ ਸਿਸਟਮ ਦਾ ਇੱਕ ਨਮੂਨਾ ਪੇਸ਼ ਕਰਦੇ ਹਨ ਪਰ ਅਸਲ ਵਿੱਚ ਇਹ ਸਰਮਾਏਦਾਰੀ ਢਾਂਚਾ ਪੂਰੀ ਤਰ੍ਹਾਂ ਗਰਕ ਹੋ ਚੁੱਕਿਆ ਹੈ। ਇੱਥੇ ਕਿਰਤੀਆਂ ਦੀ ਹਮੇਸ਼ਾਂ ਹਰ ਪੱਖੋਂ ਲੁੱਟ ਹੀ ਹੋਣੀ ਹੈ।

ਸਮਰ, ਲੁਧਿਆਣਾ

ਜੰਗ ਸਰਮਾਏਦਾਰੀ ਦੀ ਲੋੜ ਹੈ...

ਸਤਿਕਾਰਯੋਗ ਸੰਪਾਦਕ ਜੀ,

ਤੁਹਾਡੇ ਮੈਗਜ਼ੀਨ ਦੇ ਪਹਿਲੇ ਦੋ ਅੰਕ ਪੜ੍ਹੇ, ਜਿਸ ਤਰੀਕੇ ਨਾਲ਼ ਇਸਦੇ ਲੇਖ ਵੱਖ-ਵੱਖ ਮਸਲਿਆਂ ਦੀਆਂ ਛੁਪੀਆਂ ਪਰਤਾਂ ਨੂੰ ਪਾਠਕਾਂ ਸਾਹਮਣੇ ਖੋਲ੍ਹ ਕੇ ਰੱਖ ਦਿੰਦੇ ਹਨ, ਉਹ ਕਾਬਿਲੇਤਾਰੀਫ ਹੈ। ਪਰ ਮਾਰਚ 2012 ਅੰਕ ਵਿੱਚ ਜਹਾਜ਼ਾਂ ਦੇ ਸੌਦੇ ਨਾਲ਼ ਸੰਬੰਧਿਤ ਇੱਕ ਲੇਖ 'ਚ ਮੈਨੂੰ ਕੁਝ ਉਕਾਈ ਲੱਗੀ। ਇਸ ਲੇਖ ਦੇ ਪਹਿਲੇ ਪੈਰੇ ਦੀਆਂ ਅੰਤਮ ਸਤਰਾਂ ਨੂੰ ਪੜ੍ਹ ਕੇ ਇਹ ਪ੍ਰਭਾਵ ਜਾਂਦਾ ਹੈ ਕਿ ਜੇ ਦੇਸ਼ ਦੀ ਸੁਰੱਖਿਆ ਨੂੰ ਕਿਸੇ ਗੁਆਂਢੀ ਦੇਸ਼ ਤੋਂ ਖਤਰਾ ਹੈ, ਭਾਵ ਕਿ ਕਿਸੇ ਗੁਆਂਢੀ ਦੇਸ਼ ਨਾਲ਼ ਜੰਗ ਲੱਗਣ ਦਾ ਖਦਸ਼ਾ ਹੈ ਤਾਂ ਦੇਸ਼ ਦੀ ਸੁਰੱਖਿਆ ਦੇ ਨਾਮ 'ਤੇ ਲੋਕਾਂ ਦੀਆਂ ਜੇਬਾਂ 'ਚੋਂ ਨਿਚੋੜੇ ਗਏ ਅਰਬਾਂ ਰੁਪੈ ਜਹਾਜ਼ਾਂ ਆਦਿ ਜਿਹੇ ਜੰਗੀ ਸਾਜੋਸਾਮਾਨ 'ਤੇ ਖਰਚ ਕਰਨੇ ਜਾਇਜ਼ ਹਨ। ਪਰ ਸਵਾਲ ਇਹ ਉੱਠਦਾ ਹੈ ਕਿ ਜੰਗਾਂ ਕਿਉਂ ਹੁੰਦੀਆਂ ਹਨ। ਜੇ ਇਹ ਸਵਾਲ ਨੂੰ ਸਾਹਮਣੇ ਰੱਖਿਆ ਜਾਵੇ ਤਾਂ ਇਹ ਤਰਕ ਸਹੀ ਨਹੀਂ ਲੱਗਦਾ।

ਅੱਜ ਦਾ ਸਮਾਂ ਸਰਮਾਏਦਾਰੀ ਦਾ ਸਮਾਂ ਹੈ ਅਤੇ ਇਸ ਸਰਮਾਏਦਾਰੀ ਸੰਸਾਰ ਢਾਂਚੇ ਅੰਦਰ ਜੰਗਾਂ ਲੱਗਣ ਦਾ ਕਾਰਨ ਵੱਖ-ਵੱਖ ਦੇਸ਼ਾਂ ਦੀਆਂ ਸਰਮਾਏਦਾਰ ਜਮਾਤਾਂ ਦੀ ਵੱਧ ਤੋਂ ਵੱਧ ਨਫਾ ਕਮਾਉਣ ਦੀ ਆਪਸੀ ਦੌੜ ਅਤੇ ਖਹਿਬਾਜ਼ੀ ਹੈ। ਸਰਮਾਏਦਾਰਾਂ ਜਮਾਤਾਂ ਦੇ ਆਪਸੀ ਹਿੱਤਾਂ ਦਾ ਟਕਰਾਅ ਜਾਂ ਕਿਸੇ ਦੂਸਰੇ ਕਮਜ਼ੋਰ ਲੋਕਾਂ ਦੇ ਸਾਧਨਾਂ ਨੂੰ ਲੁੱਟਣ ਖਾਤਰ ਸਰਮਾਏਦਾਰੀ ਜਮਾਤ ਜੰਗ ਦਾ ਸਹਾਰਾ ਲੈਣ ਤੋਂ ਕਦੇ ਨਹੀਂ ਪਿੱਛੇ ਹੱਟਦੀ ਭਾਵੇਂ ਇਸ ਲਈ ਉਸਨੂੰ ਕਿੰਨਾ ਵੀ ਮਨੁੱਖੀ ਖੂਨ ਕਿਉਂ ਨਾ ਵਹਾਉਣਾ ਪੈ ਜਾਵੇ। ਪਰ ਸਰਮਾਏਦਾਰੀ ਜਮਾਤ ਜੰਗ ਲੜਨ ਲਈ ਖੁਦ ਨਹੀਂ ਜਾਂਦੀ ਅਤੇ ਨਾ ਹੀ ਜੰਗ ਦਾ ਖਰਚਾ ਆਪਣੇ ਉੱਤੇ ਪਾਉਣਾ ਚਾਹੁੰਦੀ ਹੈ। ਆਪਣੇ ਲਈ ਲੜਨ ਵਾਲੇ ਸਿਪਾਹੀ ਉਹ ਆਮ ਕਿਰਤੀ ਲੋਕਾਂ 'ਚੋਂ ਭਰਤੀ ਕਰਦੀ ਹੈ ਅਤੇ ਜੰਗ ਲਈ ਜ਼ਰੂਰੀ ਸਾਜੋਸਾਮਾਨ ਤੇ ਸਿਪਾਹੀਆਂ ਦਾ ਖਰਚ ਵੀ ਉਹ ਆਮ ਲੋਕਾਂ ਦੇ ਮੋਢਿਆਂ 'ਤੇ ਸੁੱਟ ਦਿੰਦੀ ਹੈ। ਜੇ ਆਮ ਲੋਕਾਂ ਨੂੰ ਅਸਲ ਉਦੇਸ਼ਾਂ ਦਾ ਪਤਾ ਲੱਗ ਜਾਵੇ ਤਾਂ ਉਹ ਅਜਿਹਾ ਕਿਸੇ ਹਾਲਤ 'ਚ ਨਹੀਂ ਹੋਣ ਦੇਣਗੇ ਅਤੇ ਨਾ ਹੀ ਲੁਟੇਰਿਆਂ ਦੇ ਭਾੜੇ ਦੇ ਸਿਪਾਹੀ ਬਣ ਕੇ ਦੂਜੇ ਦੇਸ਼ ਦੇ ਆਪਣੇ ਹੀ ਭਰਾਵਾਂ ਨੂੰ ਮਾਰਨ ਲਈ ਬੰਦੂਕਾਂ ਚੁੱਕਣਗੇ। ਇਸ ਲਈ ਸਰਮਾਏਦਾਰ ਜਮਾਤ ਗੁਆਂਢੀ ਦੇਸ਼ ਤੋਂ ਸੁਰੱਖਿਆ ਨੂੰ ਖਤਰਾ, ਪਰਮਾਣੂ ਖਤਰਾ ਆਦਿ ਜਿਹੇ ਜੁਮਲੇ ਘੜ ਕੇ ਲੋਕਾਂ 'ਚ ਅੰਨ੍ਹੀ ਦੇਸ਼ਭਗਤੀ ਤੇ ਕੌਮਪ੍ਰਸਤੀ ਭੜਕਾਉਂਦੀ ਹੈ ਤੇ ਲੋਕਾਂ ਨੂੰ ਜੰਗ ਦੀ ਭੱਠੀ 'ਚ ਝੋਕ ਦਿੰਦੀ ਹੈ। ਇਸ ਕੰਮ ਲਈ ਉਹ ਮੀਡੀਆ ਨੂੰ ਖੂਬ ਵਰਤਦੀ ਹੈ। ਪਰ ਦੇਖਿਆ ਜਾਵੇ ਤਾਂ ਆਮ ਲੋਕਾਂ ਦੀ ਸੁਰੱਖਿਆ ਨੂੰ ਉਸੇ ਦੇਸ਼ ਦੇ ਸਰਮਾਏਦਾਰੀ ਨਿਜ਼ਾਮ ਤੋਂ ਵੀ ਓਨਾ ਹੀ ਖਤਰਾ ਹੁੰਦਾ ਹੈ ਜਿੰਨਾ ਕਿਸੇ ਦੂਜੇ ਦੇਸ਼ ਦੇ ਸਰਮਾਏਦਾਰੀ ਨਿਜ਼ਾਮ ਤੋਂ। ਇਸ ਲਈ ਸੁਰੱਖਿਆ ਲਈ ਖਤਰਾ ਆਦਿ ਵੀ ਜੰਗੀ ਸਾਜੋਸਾਮਾਨ 'ਤੇ ਖਰਚਾ ਕਰਨ ਲਈ ਕੋਈ ਵਾਜਿਬ ਤਰਕ ਨਹੀਂ ਹੈ, ਸਗੋਂ ਅਜਿਹਾ ਕਹਿਣਾ ਸਰਮਾਏਦਾਰੀ ਢਾਂਚੇ ਅੰਦਰ ਆਮ ਲੋਕਾਂ ਨੂੰ ਕੁਝ ਮੁੱਠੀ ਭਰ ਲੋਕਾਂ ਦੁਆਰਾ ਆਪਣੇ ਹਿੱਤਾਂ ਲਈ ਆਮ ਕਿਰਤੀ ਲੋਕਾਂ ਦੀ ਲੁੱਟਮਾਰ ਕਰਨ ਤੇ ਮਨੁੱਖਤਾ ਦਾ ਖੂਨ ਵਹਾਉਣ ਨੂੰ ਅਸਿੱਧੇ ਤਰੀਕੇ ਨਾਲ਼ ਜਾਇਜ਼ ਠਹਿਰਾਉਣ ਵੱਲ ਲੈ ਜਾਂਦਾ ਹੈ।

ਅਮਨਵੀਰ, ਲੁਧਿਆਣਾ।

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਕਿਤਾਬਾਂ

(ਆਖਰੀ ਟਾਈਟਲ ਪੰਨੇ ਤੋਂ ਅੱਗੇ)

ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਬਾਰੇ

1. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) 40 ਰੁ
2. ਇਨਕਲਾਬ ਅੰਦਰ ਇਨਕਲਾਬ (ਆਰਿਸ ਹੰਟਰ) 20 ਰੁ

ਸਮਕਾਲੀ ਸਿਆਸੀ ਸਾਹਿਤ

1. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10 ਰੁ
2. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05 ਰੁ
3. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10 ਰੁ
4. ਪੈਰਿਸ ਕਮਿਊਨ ਦੀ ਅਮਰ ਕਹਾਣੀ 10 ਰੁ
5. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10 ਰੁ
6. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10 ਰੁ
7. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) 15 ਰੁ
8. ਜੰਗਲਨਾਮਾ-ਇੱਕ ਰਾਜਨੀਤਿਕ ਪੜਚੋਲ (ਸੁਖਵਿੰਦਰ) 10 ਰੁ
9. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ) 10 ਰੁ
10. ਸਮਾਜਵਾਦ ਦੀਆਂ ਸਮੱਸਿਆਵਾਂ,ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ 20 ਰੁ
11. ਕਿਉਂ ਮਾਓਵਾਦ ? 10 ਰੁ
12. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20 ਰੁ
13. ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ 10 ਰੁ
14. ਚੋਰ, ਭ੍ਰਿਸ਼ਟ, ਅੱਯਾਸ਼ ਨੇਤਾਸ਼ਾਹੀ 03 ਰੁ
15. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) 60 ਰੁ
16. ਫਾਸੀਵਾਦ ਕੀ ਹੈ ਅਤੇ ਇਸ ਨਾਲ ਕਿਵੇਂ ਲੜੀਏ ? 15 ਰੁ
17. ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) 20 ਰੁ
18. ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ(ਪ੍ਰੋ. ਇ. ਹਬੀਬ) 10 ਰੁ
19. ਆਈਨਸਟੀਨ ਦੇ ਸਮਾਜਿਕ ਸਰੋਕਾਰ 10 ਰੁ
20. ਡਾ. ਅੰਬੇਡਕਰ ਜੀਵਨ ਅਤੇ ਵਿਚਾਰ 10 ਰੁ

ਇਨਕਲਾਬੀਆਂ ਦਾ ਜੀਵਨ, ਦਸਤਾਵੇਜ਼ ਅਤੇ ਲੇਖ

1. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 25 ਰੁ
2. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 10 ਰੁ
3. ਭਗਤ ਸਿੰਘ ਨੇ ਕਿਹਾ... 05 ਰੁ
4. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 10 ਰੁ
5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10 ਰੁ
6. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ 10 ਰੁ
7. ਸ਼ਹੀਦ ਚੰਦਰ ਸ਼ੇਖਰ ਅਜ਼ਾਦ (ਭਗਵਾਨ ਦਾਸ ਮਹੌਰ) 10 ਰੁ
8. ਗਦਰੀ ਸੂਰਬੀਰ (ਰਣਧੀਰ ਸਿੰਘ) 10 ਰੁ
9. ਸ਼ਹੀਦ ਸੁਖਦੇਵ 20 ਰੁ
10. ਸ਼ਹੀਦ ਕਰਤਾਰ ਸਿੰਘ ਸਰਾਭਾ 05 ਰੁ
11. ਨੌਜਵਾਨਾਂ ਨਾਲ ਦੋ ਗੱਲਾਂ 10 ਰੁ

ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

1. ਮੇਰਾ ਬਚਪਨ (ਮੈਕਸਿਮ ਗੋਰਕੀ) 80 ਰੁ
2. ਮੇਰੇ ਵਿਸ਼ਵ-ਵਿਦਿਆਲੇ (ਮੈਕਸਿਮ ਗੋਰਕੀ) 70 ਰੁ
3. ਮੇਰੇ ਸ਼ਗਿਰਦੀ ਦੇ ਦਿਨ (ਮੈਕਸਿਮ ਗੋਰਕੀ) 100 ਰੁ
4. ਪ੍ਰੇਮ, ਪ੍ਰੰਪਰਾ ਅਤੇ ਵਿਦਰੋਹ (ਕਾਤਿਆਇਨੀ) 20 ਰੁ
5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬ੍ਰੈਖ਼ਤ) 15 ਰੁ
6. ਆਈਜੇਂਸਤਾਈਨ ਦਾ ਫਿਲਮ ਸਿਧਾਂਤ 15 ਰੁ
7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ 10 ਰੁ
8. ਪਹਿਲਾ ਅਧਿਆਪਕ (ਚੰਗੀਜ਼ ਆਇਤਮਾਤੋਵ) 20 ਰੁ
9. ਸ਼ਾਂਤ ਸਰਘੀ ਵੇਲਾ (ਬੋਰਿਸ ਵਾਸੀਲਿਯੇਵ) 30 ਰੁ
10. ਭਾਜ (ਅੇਲੈਗਜ਼ਾਂਦਰ ਫ਼ੇਦੇਯੇਵ) 100 ਰੁ
11. ਫੌਲਾਦੀ ਹੜ੍ਹ (ਅਲੈਗਜ਼ਾਂਦਰ ਸਰਾਫ਼ੀਮੋਵਿਚ) 100 ਰੁ
12. ਇਕਤਾਲੀਵਾਂ (ਬੋਰਿਸ ਲਵਰੇਨਿਓਵ) 30 ਰੁ

ਅਨੁਰਾਗ ਟਰੱਸਟ ਵੱਲੋਂ ਪ੍ਰਕਾਸ਼ਤ ਬਾਲ ਸਾਹਿਤ ਦੀ ਸੂਚੀ ਲਈ ਵੇਖੋ ਪੰਨਾ ਨੰ. 40

ਕਿਤਾਬਾਂ ਮੰਗਵਾਉਣ ਲਈ ਪਤਾ : ਮੁੱਖ ਦਫ਼ਤਰ : ਬੀ -68, ਨਿਰਾਲਾ ਨਗਰ, ਲਖਨਊ-226020, ਫੋਨ : 0522- 2786782
260, ਸ਼ਹੀਦ ਸੁਖਦੇਵ ਸਿੰਘ ਨਗਰ, ਪਿੰਡ-ਲੋਹਾਰਾ, ਜਿਲ੍ਹਾ-ਲੁਧਿਆਣਾ। ਫੋਨ : 98155-87807, ਈਮੇਲ : janchetnapb@gmail.com

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਜੇਟੇ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਕ੍ਰਾਸਿੰਗ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐਸ. ਐਨ. ਐਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ,ਜ਼ਿਲ੍ਹਾ – ਫਤਿਹਗੜ੍ਹ ਸਾਹਿਬ, ਪੰਜਾਬ, ਤੋਂ ਪ੍ਰਕਾਸ਼ਿਤ ਕੀਤਾ ਗਿਆ।

ਜਨਚੇਤਨਾ

ਬਿਹਤਰ ਜ਼ਿੰਦਗੀ ਦਾ ਰਾਹ
ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ !

ਕਿਤਾਬਾਂ ਨਹੀਂ
ਅਸੀਂ ਆਣ ਵਾਲ਼ੇ ਕੱਲ੍ਹ ਦੇ ਸੁਪਨੇ ਲੈ ਕੇ ਆਏ ਹਾਂ
ਕਿਤਾਬਾਂ ਨਹੀਂ
ਅਸੀਂ ਅਸਲੀ ਇਨਸਾਨ ਦੀ ਤਰਾਂ
ਜੀਣ ਦਾ ਸੰਕਲਪ ਲੈ ਕੇ ਆਏ ਹਾਂ।
ਅਸੀਂ ਹਾਂ ਉਮੀਦਾਂ ਦੇ ਹਰਕਾਰੇ,
ਅਸੀਂ ਹਾਂ ਵਿਚਾਰਾਂ ਦੇ ਡਾਕੀਏ।

- ਇੱਕ ਸੱਭਿਆਚਾਰਕ ਮੁਹਿੰਮ
- ਇੱਕ ਵਿਚਾਰਕ ਪ੍ਰੋਜੈਕਟ
- ਬਦਲਵੇਂ ਮੀਡੀਆ ਦਾ ਇੱਕ ਮਾਡਲ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

ਮਾਰਕਸਵਾਦ

1. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30 ਰੁ
2. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20 ਰੁ
3. ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਕਾ. ਮਾਰਕਸ) 125 ਰੁ
4. ਲੁਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ) 50 ਰੁ
5. ਪੂੰਜੀ ਦੀ ਉਤਪਤੀ (ਕਾ. ਮਾਰਕਸ) 45 ਰੁ
6. ਫ਼ਿਊਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) 60 ਰੁ
7. ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ 50 ਰੁ
8. ਰਿਹਾਇਸ਼ੀ ਘਰਾਂ ਦਾ ਸਵਾਲ (ਫਰੈਡਰਿਕ ਏਂਗਲਜ਼) 35 ਰੁ
9. ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) 60 ਰੁ
10. ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) 20 ਰ
11. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35 ਰੁ
12. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 15 ਰੁ
13. ਲੁਡਵਿਗ ਫ਼ਿਊਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) 30 ਰੁ
14. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65 ਰੁ
15. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼, ਲੈਨਿਨ) 10 ਰੁ
16. ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) 35 ਰੁ
17. ਰਾਜ ਅਤੇ ਇਨਕਲਾਬ (ਲੈਨਿਨ) 50 ਰੁ
18. ਦੂਜੀ ਇੰਟਰਨੈਸ਼ਨਲ ਦਾ ਪਤਣ (ਲੈਨਿਨ) 45 ਰੁ
19. ਖੇਤੀ ਵਿੱਚ ਪੂੰਜੀਵਾਦ (ਲੈਨਿਨ) 15 ਰੁ
20. ਰਾਜ (ਲੈਨਿਨ) 10 ਰੁ
21. ਸਾਮਰਾਜਵਾਦ ਸਰਮਾਏਦਾਰੀ ਦਾ ਸਰਵਉੱਚ ਪੜਾਅ (ਲੈਨਿਨ) 70 ਰੁ
22. ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) 125 ਰੁ
23. ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) 65 ਰੁ
24. ਸਾਹਿਤ ਅਤੇ ਕਲਾ ਬਾਰੇ (ਲੈਨਿਨ) 150 ਰੁ
25. ਸੋਸ਼ਲਿਜ਼ਮ ਤੇ ਜੰਗ (ਲੈਨਿਨ) 45 ਰੁ
26. ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) 65 ਰੁ
27. ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) 25 ਰੁ
28. ਪ੍ਰੋਲੇਤਾਰੀ ਇਨਕਲਾਬ ਅਤੇ ਗ਼ਦਾਰ ਕਾਊਤਸਕੀ (ਲੈਨਿਨ) 70 ਰੁ
29. ਆਰਥਕ ਰੋਮਾਂਚਵਾਦ ਦਾ ਚਰਿੱਤਰ ਚਿਤਰਨ 50 ਰੁ
30. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20 ਰੁ
31. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖਤਾਂ 25 ਰੁ
32. ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) 60 ਰੁ
33. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) 40 ਰੁ

ਮਾਰਕਸਵਾਦ 'ਤੇ ਹੋਰ ਕਿਤਾਬਾਂ

1. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ਼ ਪੋਲੀਟੀਕਲ ਇਕਾਨਮੀ) 60 ਰੁ
2. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10 ਰੁ
3. ਫ਼ਿਲਾਸਫ਼ੀ ਕੋਈ ਗੋਰਖ ਧੰਦਾ ਨਹੀਂ 10 ਰੁ
4. ਮਾਓ ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ) 125 ਰੁ
5. ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) 60 ਰੁ
6. ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) 60 ਰੁ
7. ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) 100 ਰੁ
8. ਅਜਿੱਤ ਬਾਲਸ਼ਵਿਕ ਨਤਾਸ਼ਾ 30 ਰੁ
9. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ 75 ਰੁ

ਬਾਕੀ ਕਿਤਾਬਾਂ ਦੀ ਸੂਚੀ ਲਈ ਤੀਜਾ ਟਾਈਟਲ ਪੰਨਾ ਵੇਖੋ।